ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 37 | 21 September 2022 to 27 September 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੁਪਰੀਮ ਕੋਰਟ ਵਲੋਂ ਮਾਨਤਾ

- 2014 ਦੇ ਕਾਨੂੰਨ ਨੂੰ ਸਹੀ ਠਹਿਰਾਇਆ, ਸ਼੍ਰੋਮਣੀ ਕਮੇਟੀ ਦੀ ਪਟੀਸ਼ਨ ਹੋਈ ਖਾਰਜ, ਬਾਦਲ ਦਲ ਨੂੰ ਵੱਡਾ ਝਟਕਾ
- ਸਮੀਖਿਆ ਪਟੀਸ਼ਨ ਪਾਏਗੀ ਸ਼੍ਰੋਮਣੀ ਕਮੇਟੀ ➢ ਸੁਖਬੀਰ ਵਲੋਂ ਸਮੁੱਚੀ ਸਿੱਖ ਕੌਮ ਨੂੰ ਇਸ ਧੱਕੇਸ਼ਾਹੀ ਵਿਰੁੱਧ ਇਕਮੁੱਠ ਹੋਣ ਦਾ ਸੱਦਾ
- ਅਕਾਲੀ ਦਲ ਨੂੰ ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਵਿਚ ਵੀ ਵੱਖਰੀਆਂ ਗੁਰਦੁਆਰਾ ਕਮੇਟੀਆਂ ਦੀ ਮੰਗ ਉਠਣ ਦਾ ਖ਼ਦਸ਼ਾ







ਨਵੀਂ ਦਿੱਲੀ/ਏ.ਟੀ.ਨਿਊਜ਼ :- ਸੁਪਰੀਮ ਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੱਡਾ ਝਟਕਾ ਦਿੰਦਿਆਂ 2014 ਵਿਚ ਬਣਾਏ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧ ਕਾਨੂੰਨ 2014 ਦੀ ਹੋਂਦ ਨੂੰ ਬਰਕਰਾਰ ਰੱਖਿਆ ਹੈ। ਸਰਬਉੱਚ ਅਦਾਲਤ ਵਿਚ ਜਸਟਿਸ ਹੇਮੰਤ ਗੁਪਤਾ ਅਤੇ ਵਿਕਰਮ ਨਾਥ ਦੇ ਦੋ ਮੈਂਬਰੀ ਬੈਂਚ ਨੇ ਹਰਿਆਣਾ ਸਰਕਾਰ ਦੇ ਹੱਕ ਵਿਚ ਫੈਸਲਾ ਸੁਣਾਉਂਦਿਆਂ ਇਸ ਸੰਬੰਧੀ ਸਾਲ 2014 ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਰਭਜਨ ਸਿੰਘ ਅਤੇ ਸਾਲ 2019 ਵਿਚ ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਦਾਇਰ, ਕਾਨੂੰਨ ਦੀ ਸੰਵਿਧਾਨਿਕਤਾ ਨੂੰ ਚੁਣੌਤੀ ਦੇਣ ਵਾਲੀਆਂ ਦੋਵੇਂ ਪਟੀਸ਼ਨਾਂ ਨੂੰ ਖ਼ਾਰਜ ਕਰਦਿਆਂ ਹਰਿਆਣਾ ਸਰਕਾਰ ਦੇ ਕਾਨੂੰਨ ਨੂੰ ਸਹੀ ਠਹਿਰਾਇਆ ਹੈ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ਤੋਂ ਬਾਅਦ ਹੁਣ ਸੂਬੇ ਦੇ 52 ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੀਤਾ ਜਾਵੇਗਾ। ਹਾਲੇ ਤੱਕ ਚੱਲੇ ਆ ਰਹੇ ਅਮਲ ਵਿਚ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਸਿਰਫ਼ 4 ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਵੇਖ ਰਹੀ ਸੀ, ਜਦਕਿ ਬਾਕੀ 48 ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਹੀ ਸੀ। ਹਰਿਆਣਾ ਸਰਕਾਰ ਨੇ ਸਾਲ 2014 ਵਿਚ ਸੂਬੇ ਵਿਚ ਸਥਿਤ ਗੁਰਦੁਆਰਿਆਂ ਦੇ ਪ੍ਰਬੰਧਨ ਲਈ ਇਕ ਵੱਖਰੀ ਕਮੇਟੀ ਬਣਾਈ ਸੀ। ਜਦਕਿ ਉਸ ਤੋਂ ਪਹਿਲਾਂ ਹਰਿਆਣਾ ਦੇ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਹੀ ਸੀ। ਪਟੀਸ਼ਨਕਰਤਾ ਨੇ ਇਹ ਕਹਿੰਦਿਆਂ ਹਰਿਆਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਨੂੰਨ ਨੂੰ ਅਸੰਵਿਧਾਨਿਕ ਦੱਸਿਆ ਸੀ ਕਿ ਕਾਨੂੰਨ ਬਣਾਉਣ ਦੀ ਤਾਕਤ ਸਿਰਫ ਸੰਸਦ ਕੋਲ ਹੁੰਦੀ ਹੈ ਅਤੇ ਰਾਜ ਵਿਧਾਨ ਮੰਡਲ ਵਲੋਂ ਅਜਿਹੀ ਕਮੇਟੀ ਬਣਾਉਣਾ ਸੰਵਿਧਾਨ ਦੀ ਉਲੰਘਣਾ ਹੈ। 2014 ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਰਭਜਨ ਸਿੰਘ ਨੇ ਜਨਹਿਤ ਪਟੀਸ਼ਨ ਦਾਇਰ ਕਰਦਿਆਂ ਇਹ ਦੋਸ਼ ਲਾਇਆ ਸੀ ਕਿ ਹਰਿਆਣਾ ਸਰਕਾਰ ਸ਼੍ਰੋਮਣੀ ਕਮੇਟੀ ਦੇ ਗੁਰਦੁਆਰਿਆਂ 'ਤੇ ਕੰਟਰੋਲ ਕਰਨਾ ਚਾਹੁੰਦੀ ਹੈ।ਪਟੀਸ਼ਨ ਵਿਚ ਇਸ ਨੂੰ ਸਿੱਖ ਗੁਰਦੁਆਰਾ ਕਾਨੂੰਨ 1923, ਰਾਜ ਪੁਨਰਗਠਨ ਕਾਨੂੰਨ 1956, ਪੰਜਾਬ ਪੁਨਰਗਠਨ ਕਾਨੂੰਨ 1966 ਦੇ ਨਾਲ-ਨਾਲ ਅੰਤਰਰਾਜੀ ਕਾਨੂੰਨ 1957 ਦੀ ਉਲੰਘਣਾ ਕਰਾਰ ਦਿੱਤਾ ਜਾ ਰਿਹਾ ਸੀ। ਇਸ ਮਾਮਲੇ ਵਿਚ ਤਕਰੀਬਨ 8 ਸਾਲ ਤੱਕ ਚੱਲੀ ਸੁਣਵਾਈ ਤੋਂ ਬਾਅਦ ਸੁਪਰੀਮ ਕੋਰਟ ਦੇ ਦੋ ਮੈਂਬਰੀ ਬੈਂਚ ਨੇ ਇਸ ਪਟੀਸ਼ਨ ਨੂੰ ਖ਼ਾਰਜ ਕਰ ਦਿੱਤਾ। ਸੁਪਰੀਮ ਕੋਰਟ ਨੇ 29 ਮਾਰਚ ਨੂੰ ਪਟੀਸ਼ਨਾਂ ਦੀ ਸਥਿਰਤਾ ਦੇ ਸੰਬੰਧ ਵਿਚ ਹਰਿਆਣਾ ਵਲੋਂ ਚੁੱਕੇ ਮੁਢਲੇ ਇਤਰਾਜ਼ਾਂ ਨੂੰ ਖ਼ਾਰਜ ਕਰ ਦਿੱਤਾ ਸੀ ਅਤੇ ਇਸ ਨੂੰ ਮੈਰਿਟ ਦੇ ਆਧਾਰ 'ਤੇ ਵਿਚਾਰ (ਬਾਕੀ ਸਫ਼ਾ 30 'ਤੇ)

## ਸ਼੍ਰੋਮਣੀ ਕਮੇਟੀ ਦਾ ਪੱਖ

ਸ਼੍ਰੋਮਣੀ ਕਮੇਟੀ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਬੰਧੀ ਸੁਪਰੀਮ ਕੋਰਟ ਦੇ ਫ਼ੈਸਲੇ 'ਤੇ ਸਮੀਖਿਆ ਪਟੀਸ਼ਨ ਪਾਉਣ ਦਾ ਫ਼ੈਸਲਾ ਕੀਤਾ ਹੈ। ਇਸ ਸੰਬੰਧੀ ਸੀਨੀਅਰ ਵਕੀਲਾਂ ਦੀ ਰਾਏ ਲਈ ਜਾਵੇਗੀ ਤੇ ਜੋ ਵੀ ਕਾਨੂੰਨੀ ਕਾਰਵਾਈ ਬਣਦੀ ਹੋਵੇਗੀ ਉਸ ਨੂੰ ਅਮਲ ਵਿਚ ਲਿਆਂਦਾ ਜਾਵੇਗਾ। ਇਹ ਫ਼ੈਸਲਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਲਿਆ ਗਿਆ।

ਹਰਿਆਣਾ 'ਚ ਪ੍ਰਧਾਨਗੀ ਨੂੰ ਲੈ ਕੇ ਸਿੱਖ ਸਿਆਸਤ ਗਰਮਾਈ

## ਜਥੇਦਾਰ ਦਾਦੂਵਾਲ ਵੱਲੋਂ ਖੱਟਰ ਨਾਲ ਮੁਲਾਕਾਤ



ਕਰਨਾਲ : ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲੈ ਕੇ ਸੁਪਰੀਮ ਕੋਰਟ ਦੇ ਹਰਿਆਣਾ ਦੇ ਹੱਕ ਵਿਚ ਆਏ ਫ਼ੈਸਲੇ ਤੋਂ ਬਾਅਦ ਵੱਖਰੀ ਕਮੇਟੀ ਦੇ ਸਰਕਾਰ ਵਲੋਂ ਨਾਮਜ਼ਦ ਮੈਂਬਰਾਂ ਵਿਚ ਪ੍ਰਧਾਨਗੀ ਨੂੰ ਲੈ ਕੇ ਸਿਆਸਤ ਗਰਮਾ ਗਈ ਹੈ। ਪ੍ਰਧਾਨਗੀ ਦੇ ਦਾਅਵੇਦਾਰਾਂ ਦੇ ਜੋੜ ਤੋੜ ਫਿੱਟ ਕਰਨ ਵਿਚ ਸਿੱਖ ਲੀਡਰ ਰੁਝ ਗਏ ਹਨ। ਸੁਪਰੀਮ ਕੋਰਟ ਵਲੋਂ ਹਰਿਆਣਾ ਦੇ ਹੱਕ ਵਿਚ ਫ਼ੈਸਲਾ ਸੁਣਾਏ ਜਾਣ ਤੋਂ ਪਹਿਲਾਂ ਹੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇ. ਬਲਜੀਤ ਸਿੰਘ ਦਾਦੂਵਾਲ ਖ਼ਿਲਾਫ਼ ਬਗ਼ਾਵਤ ਸ਼ੁਰੂ ਹੋ ਗਈ ਸੀ। ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਮੁੱਖ ਮੰਤਰੀ ਹਰਿਆਣਾ ਮਨੋਹਰ ਲਾਲ ਖੱਟਰ ਦੇ ਗ੍ਰਹਿ ਖੇਤਰ ਕਰਨਾਲ ਵਿਖੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ ਹਰਪ੍ਰੀਤ ਸਿੰਘ ਨਰੂਲਾ ਵਲੋਂ ਇਸ ਫ਼ੈਸਲੇ ਦੀ ਖ਼ੁਸ਼ੀ ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਪੱਤਰਕਾਰ ਸੰਮੇਲਨ ਸੱਦਿਆ ਗਿਆ ਸੀ, ਪਰ ਉਨ੍ਹਾਂ ਨੇ ਆਪਣਾ ਪ੍ਰੋਗਰਾਮ ਰੱਦ ਕਰ ਦਿੱਤਾ, ਜਦਕਿ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਸਟੇਟ ਵਲੋਂ ਡੇਰਾ ਕਾਰ ਸੇਵਾ ਵਿਖੇ ਪੱਤਰਕਾਰ ਸੰਮੇਲਨ ਸੱਦ ਕੇ ਸੁਪਰੀਮ ਕੋਰਟ ਦੇ ਫੈਸਲੇ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਅਕਾਲੀ ਦਲ ਦੀ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਜਥੇ ਭੁਪਿੰਦਰ ਸਿੰਘ ਅਸੰਧ ਨੇ ਸੁਪਰੀਮ ਕੋਰਟ ਦੇ ਫ਼ੈਸਲੇ 'ਤੇ ਖ਼ੁਸ਼ੀ ਪ੍ਰਗਟ ਕਰਦੇ ਹੋਏ ਕਿਹਾ ਕਿ ਇਹ ਇਕ ਇਤਿਹਾਸਕ ਫੈਸਲਾ ਆਇਆ ਹੈ, ਜਿਸ ਨਾਲ ਹਰਿਆਣਾ ਦੇ ਗੁਰਦੁਆਰਿਆਂ ਦਾ ਪ੍ਰਬੰਧ ਹਰਿਆਣਾ ਦੇ ਸਿੱਖਾਂ ਨੂੰ ਮਿਲਿਆ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਸ ਮਾਮਲੇ ਵਿਚ ਜਦੋਂ ਸਰਕਾਰ ਵਲੋਂ ਨਾਮਜ਼ਦ ਕੀਤੇ ਗਏ (ਬਾਕੀ ਸਫ਼ਾ 30 'ਤੇ)

ਬਾਇਡਨ ਵਲੋਂ ਚੀਨ ਨੂੰ ਚਿਤਾਵਨੀ

## ਤਾਇਵਾਨ 'ਤੇ ਜੇ ਚੀਨ ਨੇ ਹਮਲਾ ਕੀਤਾ ਤਾਂ ਅਮਰੀਕੀ ਫ਼ੌਜ ਕਰੇਗੀ ਰੱਖਿਆ



ਵਾਸ਼ਿੰਗਟਨ/ਏ.ਟੀ.ਨਿਊਜ਼ :- ਅਮਰੀਕੀ ਪ੍ਰਤੀਨਿਧੀ ਸਭਾ ਦੀ ਪ੍ਰਧਾਨ ਨੈਂਸੀ ਪੇਲੋਸੀ ਦੀ ਤਾਇਵਾਨ ਯਾਤਰਾ ਤੋਂ ਬਾਅਦ ਚੀਨ ਨਾਲ ਵਧਿਆ ਤਣਾਅ ਘੱਟ ਹੋਣ ਦਾ ਨਾਂ ਨਹੀਂ ਲੈ ਰਿਹਾ ਹੈ। ਇਸ ਵਿਚਾਲੇ, ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਇਕ ਇੰਟਰਵਿਊ ਵਿਚ ਇਹ ਕਹਿ ਕੇ ਮਾਮਲਾ ਹੋਰ ਭਖਾ ਦਿੱਤਾ ਹੈ ਕਿ ਜੇ ਚੀਨ ਆਜ਼ਾਦ ਤਾਇਵਾਨ 'ਤੇ ਹਮਲਾ ਕਰੇਗਾ ਤਾਂ ਅਮਰੀਕੀ ਫੌਜ ਉਸਦੀ ਰੱਖਿਆ ਕਰੇਗੀ। ਸੀਬੀਐੱਸ ਨਿਊਜ਼ ਵੱਲੋਂ ਬੀਤੇ ਐਤਵਾਰ ਨੂੰ ਪ੍ਰਸਾਰਿਤ ਕੀਤੇ ਗਏ ਪ੍ਰੋਗਰਾਮ '60 ਮਿਨਟਸ' 'ਚ ਇੰਟਰਵਿਊ ਦੌਰਾਨ ਅਮਰੀਕਾ ਰਾਸ਼ਟਰਪਤੀ ਜੋਅ ਬਾਈਡਨ ਤੋਂ ਜਦੋਂ ਪੁੱਛਿਆ ਗਿਆ ਕਿ ਜੇ ਚੀਨ ਤਾਇਵਾਨ 'ਤੇ ਹਮਲਾ ਕਰੇਗਾ ਤਾਂ ਕੀ ਅਮਰੀਕੀ ਫੋਰਸ ਤੇ ਲੋਕ ਉਸਦੀ ਰੱਖਿਆ ਕਰਨਗੇ ? ਤਾਂ ਇਸਦਾ ਜਵਾਬ ਬਾਈਡਨ ਨੇ ਹਾਂ ਵਿਚ ਦਿੱਤਾ। ਹਾਲਾਂਕਿ ਜਦੋਂ ਵ੍ਹਾਈਟ ਹਾਊਸ ਨੂੰ ਇਸ 'ਤੇ ਬਿਆਨ ਦੇਣ ਲਈ ਕਿਹਾ ਗਿਆ ਤਾਂ ਵ੍ਹਾਈਟ ਹਾਊਸ ਦੇ ਬੁਲਾਰੇ ਨੇ ਕਿਹਾ ਕਿ ਤਾਇਵਾਨ ਪ੍ਰਤੀ ਅਮਰੀਕੀ ਨੀਤੀ ਵਿਚ ਕੋਈ ਬਦਲਾਅ ਨਹੀਂ ਹੋਇਆ ਹੈ। ਨੀਤੀ ਦੇ ਅਨੁਸਾਰ, ਅਮਰੀਕਾ ਤਾਇਵਾਨ ਮਾਮਲੇ ਨੂੰ (ਬਾਕੀ ਸਫ਼ਾ 30 'ਤੇ)


ਅੰਦਰ ਪੜ੍ਹੋ



7
ਗਿ. ਬਲਦੇਵ ਸਿੰਘ ਬਣੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਕਾਰਜਕਾਰੀ ਜਥੇਦਾਰ



11
ਜੋਗੀ
'ਦਿ ਦਿੱਲੀ ਫਾਈਲਜ਼'
ਨਵੰਬਰ '84 ਬਾਰੇ ਸੱਚੀ ਤਸਵੀਰ

Certificate Course in

# DATA ANALYTICS

- Eligibility : B.Tech, M.Tech, BCA, MCA, BSc, MSc, MBA
- Mentors are industry expert from USA and India
- 100% Placement assistance for high growth tech jobs
- 100% fee waiver / scholarship from Sikh Education Council and Startup Farms IT Limited.
- Support and mentorship for projects and case siudy solutions
- Training experience certificate by Startup Farms It Ltd
- Total Seats : 50
- Course Duration : 6 Months
- Selection criteria : Interview

EXPERTS FROM USA & INDIA



SRI GURU GRANTH SAHIB WORLD UNIVERSITY
FATEHGARH SAHIB, PUNJAB

Admission Helpline
70096-48231, 62805-38113

TRANS-ALLIANCE
TOGETHER WE SAVE

**FUEL DISCOUNTS**
UPTO 80 CENTS PER GALLON DISCOUNT
MAJOR NETWORK OF TRUCK STOPS

**FUEL CARDS**
NO CREDIT - NO PROBLEM
BEST CUSTOMER SERVICE

FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE




**YOU BREAK DOWN**
WE SHOW UP
24-HOUR ROADSIDE ASSISTANCE

**TRUCK REPAIR & TIRE DISCOUNTS**
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

**FUEL MANAGEMENT**
DAILY FUEL RATES IN PHONE APP

CALL FOR MORE INFO
(855)641-6955, (888)795-7035

# ਫਰਿਜ਼ਨੋ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 27ਵੀਂ ਬਰਸੀ ਮੌਕੇ ਵਿਸ਼ੇਸ਼ ਸਮਾਗਮ





ਫਰਿਜ਼ਨੋ ,ਕੈਲੀਫੋਰਨੀਆਂ/ ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ : ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਬਣੇ ਖਾਲੜਾ ਪਾਰਕ ਵਿੱਚ ਲੰਘੇ ਸ਼ਨੀਵਾਰ ਇੰਡੋ-ਯੂ.ਐਸ. ਹੈਰੀਟੇਜ਼ ਫਰਿਜ਼ਨੋ ਵੱਲੋਂ ਬਾਬਿਆਂ ਵਾਲੀ ਪਾਰਕ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਅਤੇ ਜੈਕਾਰਾ ਮੂਵਮਿੰਟ ਦੇ ਨੌਜਵਾਨਾਂ ਦੇ ਉੱਦਮ ਸਦਕੇ ਇੱਕ ਵਿਸ਼ੇਸ਼ ਸਮਾਗਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 27ਵੀਂ ਬਰਸੀ ਨੂੰ ਮੁੱਖ ਰੱਖਕੇ ਕਰਵਾਇਆ ਗਿਆ। ਇਸ ਮੌਕੇ ਜਿੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਗਿਆ, ਓਥੇ ਹੀ 9/11 ਹਮਲੇ ਦੀ 21ਵੀਂ ਬਰਸੀ ਮੌਕੇ ਅਮਰੀਕਾ ਵਿੱਚ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਤਿੰਨ ਹਜ਼ਾਰ ਤੋਂ ਵੱਧ ਨਿਰਦੋਸ਼ ਲੋਕਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਭਾਰਤ ਵਿੱਚ ਚੱਲ ਰਹੇ ਕਿਸਾਨੀ ਸੰਘਰਸ਼ ਵਿੱਚ ਸ਼ਹੀਦ ਹੋਏ 700 ਤੋਂ ਵੱਧ ਕਿਸਾਨਾਂ ਨੂੰ ਵੀ ਨਮਨ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਗਿਆਨੀ ਜੀ ਨੇ ਜਪੁਜੀ ਸਹਿਬ ਜੀ ਦਾ ਪਾਠ ਕਰਕੇ ਅਰਦਾਸ ਉਪਰੰਤ ਕੀਤੀ। ਸਟੇਜ ਦੀ ਸ਼ੁਰੂਆਤ ਰਾਜ ਕਿਸ਼ਨਪੁਰਾ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਆਖਕੇ ਕੀਤੀ। ਇਸ ਪਿੱਛੋਂ ਗਾਇਕ ਕਮਲਜੀਤ ਬੈਨੀਪਾਲ ਅਤੇ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਨੇ ਕਵਿਸ਼ਰੀ ਗਾਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ਤੇ ਪੰਛੀ ਝਾਤ ਪਵਾਈ। ਯਮਲੇ ਜੱਟ ਦੇ ਲਾਡਲੇ ਸ਼ਗਿਰਦ ਰਾਜ ਬਰਾੜ ਨੇ ਇਨਕਲਾਬੀ ਗੀਤਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਨਿਰਮਲ ਸਿੰਘ ਧਨੌਲਾ, ਸਾਧੂ ਸਿੰਘ ਸੰਘਾ, ਰਣਜੀਤ ਗਿੱਲ, ਗੁਰਦੀਪ ਸ਼ੇਰਗਿੱਲ, ਕਮਲਜੀਤ ਕੌਰ ਮਾਨ, ਮਹਿੰਦਰ ਸਿੰਘ ਸੰਧਾਵਾਲੀਆ, ਸੁਖਦੇਵ ਸਿੰਘ ਚੀਮਾ, ਸੁਖਦੇਵ ਸਿੰਘ ਸਿੱਧੂ, ਨੈਣਦੀਪ ਸਿੰਘ ਚੰਨ, ਜੋਤ ਰਣਜੀਤ ਕੌਰ, ਹਰਦੇਵ ਸਿੰਘ ਰਸੂਲਪੁਰ, ਮਲਕੀਤ ਸਿੰਘ ਕਿੰਗਰਾ, ਹਰਨੇਕ ਸਿੰਘ ਲੋਹਗੜ, ਆਦਿ ਨੇ ਇਨਕਲਾਬੀ ਕਵਿਤਾਵਾਂ ਅਤੇ ਤਕਰੀਰਾਂ ਨਾਲ ਹਾਜ਼ਰੀ ਭਰੀ। ਇਸ ਮੌਕੇ ਬੌਬ ਕਾਨ੍ਹ, ਮਿਗਓਲ ਅਰੀਸ (ਕੌਂਸਲ ਮੈਂਬਰ) ਨੇ ਸਿਟੀ ਵੱਲੋਂ ਹਰ ਸੰਭਵ ਮੱਦਦ ਦਾ ਭਰੋਸਾ ਦਿੱਤਾ। ਇਸ ਮੌਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਉਨ੍ਹਾਂ ਦੀ ਧੀ ਬੀਬੀ ਨਵਕਿਰਨ ਕੌਰ ਖਾਲੜਾ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਇਸ ਮੌਕੇ ਬਾਬਿਆਂ ਦੀ ਪਾਰਕ ਕਮੇਟੀ ਵੱਲੋਂ ਉਨ੍ਹਾਂ ਨੂੰ ਸ਼ਾਲ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਸਿੱਖ ਮੋਟਰਸਾਈਕਲ ਕਲੱਬ ਸਟਾਕਟਨ ਨੇ ਵੀ ਹਾਜ਼ਰੀ ਭਰੀ। ਇਸ ਮੌਕੇ ਗੁਰਦਵਾਰਾ ਸਾਹਿਬ ਮਡੇਰਾ ਦੀ ਕਮੇਟੀ ਨੇ ਸ਼ਾਨਦਾਰ ਪ੍ਰਦਰਸ਼ਨੀ ਵੀ ਲਾਈ ਜੋ ਕਿ ਲੋਕਾਂ ਲਈ ਖ਼ਾਸ ਖਿੱਚ ਦਾ ਕੇਂਦਰ ਰਹੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਪ੍ਰੋਗਰਾਮ ਦੌਰਾਨ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ਉੱਪਰ ਲਿਖੀ ਪੁਸਤਕ ਮਰਜੀਵੜਾ ਵੀ ਵੰਡੀ ਗਈ। ਇਸ ਮੌਕੇ ਖਾਲੜਾ ਸਾਹਿਬ ਦੇ ਕੁੜਮ ਸ. ਅਮਰੀਕ ਸਿੰਘ ਗਿੱਲ, ਦਵਾਈ ਦਲਬੀਰ ਸਿੰਘ ਗਿੱਲ ਨੂੰ ਵੀ ਸਿਰੋਪਾਓ ਨਾਲ ਨਿਵਾਜਿਆ ਗਿਆ। ਖਾਲੜਾ ਸਾਹਿਬ ਦੇ ਦੋਹਤਰੇ ਨੂੰ ਵੀ ਬਾਬਿਆਂ ਦੀ ਕਮੇਟੀ ਵੱਲੋਂ ਸ਼ਗਨ ਦਿੱਤਾ ਗਿਆ। ਇਸ ਪ੍ਰੋਗਰਾਮ ਦੀ ਕਾਮਯਾਬੀ ਦਾ ਸਿਹਰਾ ਸਮੂਹ ਇੰਡੋ-ਯੂ. ਐਸ. ਹੈਰੀਟੇਜ਼, ਸਮੂਹ ਬਾਬਿਆਂ ਦੀ ਪਾਰਕ ਕਮੇਟੀ ਮੈਂਬਰ ਅਤੇ ਜੈਕਾਰਾ ਮੂਵਮਿੰਟ ਦੇ ਅਣਥੱਕ ਮੈਂਬਰਾਂ ਸਿਰ ਬੱਝਦਾ ਹੈ। ਇਸ ਮੌਕੇ ਇੰਡੋ-ਯੂ. ਐਸ. ਹੈਰੀਟੇਜ਼ ਅਤੇ ਬਾਬਿਆਂ ਦੀ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਕਿ ਸਤੰਬਰ ਦੇ ਤੀਸਰੇ ਸ਼ਨੀਵਾਰ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਇਹ ਬਰਸੀ ਹਰੇਕ ਸਾਲ ਮਨਾਈ ਜਾਇਆ ਕਰੇਗੀ ਅਤੇ ਸੰਗਤ ਦੇ ਸਹਿਯੋਗ ਲਈ ਅਤੇ ਵਲੰਟੀਅਰ ਵੀਰਾਂ ਦੀ ਮਿਹਨਤ ਲਈ ਉਨ੍ਹਾਂ ਦਾ ਸਪੈਸ਼ਲ ਧੰਨਵਾਦ ਕੀਤਾ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ। ਪੂਰੇ ਸਮਾਗਮ ਦੌਰਾਨ ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਕੀਤਾ। ਸ਼ਾਮ ਨੂੰ ਗਿੱਲ ਟਰੱਕਿੰਗ ਵਾਲੇ ਜੰਗੀਰ ਸਿੰਘ ਗਿੱਲ ਨੇ ਪ੍ਰਬੰਧਕਾਂ ਲਈ ਪ੍ਰੀਤੀ ਭੋਜਨ ਦਾ ਪ੍ਰਬੰਧ ਕੀਤਾ।

# ਭਾਜਪਾ ਸਰਕਾਰ ਅਦਾਲਤਾਂ ਰਾਹੀਂ ਸਿੱਖ ਧਾਰਮਿਕ ਸੰਸਥਾਵਾਂ 'ਤੇ ਕਾਬਜ ਹੋਣਾ ਚਾਹੁੰਦੀ ਹੈ : ਸਿੱਖ ਸਟੂਡੈਂਟਸ ਫੈਡਰੇਸ਼ਨ ਸੁਪਰੀਮ





ਸੈਕਰਾਮੈਂਟੋ/ਏ.ਟੀ.ਨਿਊਜ਼ :- ਕੋਰਟ ਵੱਲੋਂ ਵੱਖਰੀ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਰੁਧ ਪਾਈਆਂ ਪਟੀਸ਼ਨਾਂ ਨੂੰ ਰੱਦ ਕਰਨ, ਕਮੇਟੀ ਨੂੰ ਮਾਨਤਾ ਦੇਣ ਅਤੇ 2014 ਵਿਚ ਬਣਾਏ ਹਰਿਆਣਾ ਸਿਖ ਗੁਰਦੁਆਰਾ ਮੈਨੇਜਮੈਂਟ ਐਕਟ 2014 ਨੂੰ ਠੀਕ ਠਹਿਰਾਉਣ 'ਤੇ ਸਖ਼ਤ ਪ੍ਰਤੀਕਰਮ ਪ੍ਰਗਟ ਕਰਦਿਆਂ ਫੈਡਰੇਸ਼ਨ ਆਗੂ ਭਾਈ ਪਰਮਜੀਤ ਸਿੰਘ ਖਾਲਸਾ ਅਤੇ ਭਾਈ ਮੇਜਰ ਸਿੰਘ ਖਾਲਸਾ ਨੇ ਕਿਹਾ ਇਹ ਫੈਸਲਾ ਸਿੱਖ ਸੰਸਥਾਵਾਂ ਨੂੰ ਕਮਜੋਰ ਕਰਨ ਵਾਲਾ ਅਤੇ ਕੇਂਦਰ ਦੀ ਭਾਜਪਾ ਸਰਕਾਰ ਦੇ ਦਬਾਅ ਹੇਠ ਸੁਣਾਇਆ ਗਿਆ ਫੈਸਲਾ ਹੈ। ਭਾਜਪਾ ਸਰਕਾਰ ਅਦਾਲਤਾਂ ਰਾਹੀਂ ਸਿੱਖ ਸੰਸਥਾਵਾਂ 'ਤੇ ਕਾਬਜ ਹੋਣਾ ਚਾਹੁੰਦੀ ਹੈ।

ਫੈਡਰੇਸ਼ਨ ਸੁਪਰੀਮ ਕੋਰਟ ਵੱਲੋਂ ਸੁਣਾਏ ਇਸ ਫੈਸਲੇ ਦਾ ਸਖ਼ਤ ਸ਼ਬਦਾਂ ਵਿਚ ਵਿਰੋਧ ਦਰਜ ਕਰਵਾਉਂਦੀ ਹੈ। ਪ੍ਰੈਸ ਨੂੰ ਜਾਰੀ ਬਿਆਨ ਵਿਚ ਫੈਡਰੇਸ਼ਨ ਆਗੂਆਂ ਨੇ ਕਿਹਾ ਕਿ ਫੈਡਰੇਸ਼ਨ ਪਿਛਲੇ ਲੰਮੇ ਸਮੇਂ ਤੋਂ ਭਾਰਤੀ ਅਦਾਲਤਾਂ ਵੱਲੋਂ ਬਹੁਗਿਣਤੀਆਂ ਦੇ ਪ੍ਰਭਾਵ ਹੇਠ ਲਏ ਗਏ ਫੈਸਲਿਆਂ 'ਤੇ ਆਵਾਜ ਉਠਾਉਂਦੀ ਰਹੀ ਹੈ। ਭਾਜਪਾ ਸਰਕਾਰ ਅਦਾਲਤਾਂ ਰਾਹੀਂ ਸਿੱਖ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜੀ ਕਰ ਰਹੀ ਹੈ ਅਤੇ ਮਹਾਨ ਕੁਰਬਾਨੀਆਂ ਤੋਂ ਬਾਅਦ ਹੋਂਦ ਵਿਚ ਆਈਆਂ ਸਿੱਖ ਸੰਸਥਾਵਾਂ ਨੂੰ ਤੋੜਨ ਦੇ ਕੋਝੇ ਹਥਕੰਡੇ ਅਪਣਾ ਰਹੀ ਹੈ। ਇਤਿਹਾਸ ਗਵਾਹ ਹੈ ਕਿ ਸਿੱਖ ਪੰਥ ਨੇ ਕਦੇ ਵੀ ਅਜਿਹੇ ਸਾਜ਼ਿਸ਼ਕਾਰੀਆਂ ਦੇ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ। ਅਖੀਰ ਵਿੱਚ ਫੈਡੇਰੇਸ਼ਨ ਆਗੂਆਂ ਨੇ ਕਿਹਾ ਕਿ ਅਜੇ ਵੀ ਸਮਾਂ ਹੈ, ਅਸੀਂ ਆਪਣੇ ਨਿਜ ਸਵਾਰਥਾਂ ਅਤੇ ਸੱਤਾ ਲੋਭ ਛੱਡ ਕੇ ਪੰਥਕ ਹਿਤਾਂ ਲਈ ਕੇਸਰੀ ਨਿਸ਼ਾਨ ਸਾਹਿਬ ਹੇਠ ਇਕੱਠੇ ਹੋਈਏ। ਖਾਲਸਾਈ ਸਿਧਾਂਤ, ਖਾਲਸਾਈ ਰਵਾਇਤਾਂ ਅਤੇ ਖਾਲਸਾਈ ਗੌਰਵ ਨੂੰ ਗੰਦਲਾ ਕਰਨ ਵਾਲੀਆਂ ਇਨ੍ਹਾਂ ਤਾਕਤਾਂ ਨੂੰ ਮੂੰਹ ਤੋੜਵਾਂ ਜਵਾਬ ਦੇਣ ਲਈ ਇਕਜੁਟ ਹੋਈਏ ਕਿਉਂਕਿ ਏਕਤਾ ਅਤੇ ਇਤਫਾਕ ਕਾਮਯਾਬੀ ਲਈ ਅਤਿ ਲਾਜਮੀ ਹੈ।

# ਅਮਰੀਕਾ ਦੇ ਮਿਨੇਸੋਟਾ ਰਾਜ ਵਿਚ ਕੋਰੋਨਾ ਵਾਇਰਸ ਮਹਾਂਮਾਰੀ ਰਾਹਤ ਪ੍ਰੋਗਰਾਮ ਵਿਚ 25 ਕਰੋੜ ਡਾਲਰ ਦਾ ਘਪਲਾ

## 47 ਵਿਅਕਤੀਆਂ ਵਿਰੁੱਧ ਦੋਸ਼ ਆਇਦ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਅਮਰੀਕਾ ਵਿਚ ਕੋਰੋਨਾ ਵਾਇਰਸ ਮਹਾਂਮਾਰੀ ਰਾਹਤ ਪ੍ਰੋਗਰਾਮ ਵਿਚ ਵੱਡੀ ਪੱਧਰ ਉਪਰ ਕਥਿਤ ਘਪਲੇਬਾਜੀ ਸਾਹਮਣੇ ਆਈ ਹੈ। ਸੰਘੀ ਅਧਿਕਾਰੀਆਂ ਨੇ ਕੋਰੋਨਾ ਵਾਇਰਸ ਮਹਾਂਮਾਰੀ ਰਾਹਤ ਪ੍ਰੋਗਰਾਮ ਵਿਚੋਂ ਬੇਈਮਾਨੀ ਨਾਲ 25 ਕਰੋੜ ਡਾਲਰ ਕਢਵਾਉਣ ਦੇ ਮਾਮਲੇ ਵਿਚ 47 ਵਿਅਕਤੀਆਂ ਵਿਰੁੱਧ ਦੋਸ਼ ਆਇਦ ਕੀਤੇ ਹਨ। ਇਨ੍ਹਾਂ ਲੋਕਾਂ ਨੇ ਮਹਾਂਮਾਰੀ ਦੌਰਾਨ ਬੱਚਿਆਂ ਨੂੰ ਖਾਣਾ ਮੁਹੱਈਆ ਕਰਵਾਉਣ ਦੇ ਨਾਂ 'ਤੇ ਠੱਗੀ ਮਾਰੀ। ਇਹ ਠੱਗੀ ਮਾਰਨ ਦਾ ਮਾਮਲਾ ਮਿਨੇਸੋਟਾ ਰਾਜ ਵਿਚ ਸਾਹਮਣੇ ਆਇਆ ਹੈ। ਚੀਫ ਫੈਡਰਲ ਪ੍ਰਾਸੀਕਿਊਟਰ ਮਿਨੇਸੋਟਾ ਯੂ ਐਸ ਅਟਾਰਨੀ ਐਂਡਰੀਊ ਆਮ ਲੂਗਰ ਨੇ ਕਿਹਾ ਹੈ ਕਿ ਸ਼ੱਕੀ ਦੋਸ਼ੀਆਂ ਨੇ ਬੱਚਿਆਂ ਨੂੰ ਖਾਣਾ ਸਪਲਾਈ ਲਈ ਅਦਾਇਗੀ ਉਪਰ ਦਾਅਵਾ ਕਰਨ ਲਈ ਸਥਾਨਕ ਗੈਰ-ਮੁਨਾਫਾ ਸੰਸਥਾ 'ਫੀਡਿੰਗ ਆਵਰ ਫਿਊਚਰ' ਦੀ ਵਰਤੋਂ ਕੀਤੀ ਜੋ ਖਾਣਾ ਕਦੇ ਪਹੁੰਚਾਇਆ ਹੀ ਨਹੀਂ ਗਿਆ। ਇਸ ਪੈਸੇ ਦੀ ਵਰਤੋਂ ਕਥਿਤ ਦੋਸ਼ੀਆਂ ਨੇ ਮਹਿੰਗੀਆਂ ਕਾਰਾਂ, ਘਰ, ਗਹਿਣੇ ਤੇ ਹੋਰ ਜਾਇਦਾਦ ਖਰੀਦਣ ਲਈ ਕੀਤੀ। ਲੂਗਰ ਨੇ ਕਿਹਾ ਹੈ 'ਮੈਂ ਉਨਾਂ ਅਧਿਕਾਰੀਆਂ ਤੇ ਜਾਂਚਕਾਰਾਂ ਦੀ ਸ਼ਲਾਘਾ ਕੀਤੇ ਬਿਨਾਂ ਨਹੀਂ ਰਹਿ ਸਕਦਾ ਜਿਨ੍ਹਾਂ ਨੇ ਝੂਠ ਤੇ ਬੇਈਮਾਨੀ ਦਾ ਪਰਦਾਫਾਸ਼ ਕੀਤਾ ਹੈ ਤੇ ਇਸ ਗੁੰਝਲਦਾਰ ਮਾਮਲੇ 'ਤੇ ਰੋਸ਼ਨੀ ਪਾਈ ਹੈ। ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇਸ ਨੂੰ ਇਕ ਵਿਆਪਕ ਘਪਲੇ ਦਾ ਨਾਂ ਦਿੱਤਾ ਹੈ ਜੋ ਸਰਕਾਰ ਦੀਆਂ ਮਹਾਂਮਾਰੀ ਦੌਰਾਨ ਰਾਹਤ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਵਿਚੋਂ ਕੀਤਾ ਗਿਆ। ਐਫ ਬੀ ਆਈ ਡਾਇਰੈਕਟਰ ਕ੍ਰਿਸਟੋਫਰ ਵਰੇ ਨੇ ਕਿਹਾ ਹੈ ਕਿ ਲਾਏ ਗਏ ਦੋਸ਼ਾਂ ਤੋਂ ਪਤਾ ਲੱਗਦਾ ਹੈ ਕਿ ਸ਼ੱਕੀ ਦੋਸ਼ੀਆਂ ਨੇ ਆਪਣੇ ਮਾੜੇ ਇਰਾਦਿਆਂ ਨੂੰ ਪੂਰਾ ਕਰਨ ਲਈ ਇਕ ਵਿਆਪਕ ਸਾਜਿਸ਼ ਰਚੀ ਤੇ ਉਹ ਮਾਲਾਮਾਲ ਹੋਏ। ਜਸਟਿਸ ਕੈਂਪਬੈੱਲ ਜੋ ਇੰਟਰਨਲ ਰੈਵਨਿਊ ਸਰਵਿਸਜ ਕ੍ਰਿਮੀਨਲ ਇਨਵੈਸਟੀਗੇਸ਼ਨ ਡਵੀਜਨ ਸ਼ਿਕਾਗੋ ਦੇ ਸਪੈਸ਼ਲ ਏਜੰਟ ਇੰਚਾਰਜ ਹਨ, ਨੇ ਕਿਹਾ ਹੈ ਕਿ 'ਕੌਮੀ ਸੰਕਟ ਸਮੇਂ ਬੱਚਿਆਂ ਨੂੰ ਖਾਣਾ ਦੇਣ ਵਾਲੇ ਸਰਕਾਰੀ ਪ੍ਰੋਗਰਾਮ ਦੀ ਨਿੱਜੀ ਫਾਇਦੇ ਲਈ ਵਰਤੋਂ ਕਰਨਾ ਕਥਿਤ ਦੋਸ਼ੀਆਂ ਦੀ ਭੁੱਖ ਦਾ ਪ੍ਰਤੀਕ ਹੈ। ਉਨ੍ਹਾਂ ਨੇ ਬੱਚਿਆਂ ਦੀ ਲਾਗਤ ਉਪਰ ਆਪਣੇ ਆਪ ਨੂੰ ਅਮੀਰ ਬਣਾਇਆ ਹੈ ਤੇ ਦੇਸ਼ ਦੇ ਭਵਿੱਖ ਨੂੰ ਬਚਾਉਣ ਦੀ ਬਜਾਏ ਉਨ੍ਹਾਂ ਨੇ ਭਵਿੱਖ ਨੂੰ ਮਾਰਨ ਦਾ ਕੰਮ ਕੀਤਾ ਹੈ।'

# ਬਾਬਾ ਸ਼ੇਖ ਫਰੀਦ ਆਗਮਨ ਪੁਰਬ ਸ਼ਰਧਾ ਨਾਲ ਮਨਾਇਆ

ਫਰੀਦਕੋਟ/ਏ.ਟੀ.ਨਿਊਜ਼ :- ਪਿਛਲੇ ਕਈ ਸਾਲਾਂ ਤੋਂ ਫਰੀਦਕੋਟ ਤੇ ਆਸ ਪਾਸ ਇਲਾਕੇ ਦੀਆਂ ਸੰਗਤਾਂ ਫਰੀਮੌਂਟ ਗੁਰੂਘਰ ਵਿਖੇ ਬਾਬਾ ਫਰੀਦ ਜੀ ਦੀ ਯਾਦ ਵਿੱਚ ਆਗਮਨ ਪੁਰਬ ਮਨਾਉਦੀਆਂ ਆ ਰਹੀਆਂ ਹਨ। ਇਸ ਸਾਲ ਵੀ ਸ਼ਰਧਾ ਅਤੇ ਉਤਸ਼ਾਹ ਨਾਲ ਲੰਘੇ ਸ਼ੁਕਰਵਾਰ ਸਤੰਬਰ 16 ਨੂੰ ਸ੍ਰੀ ਅਖੰਡ ਪਾਠ ਅਰੰਭ ਕੀਤੇ ਗਏ ਤੇ ਐਤਵਾਰ ਨੂੰ ਸਤੰਬਰ 18 ਨੂੰ ਭੋਗ ਪਾਏ ਗਏ। ਭੋਗ ਉਪਰੰਤ ਭਾਈ ਦਿਲਬਾਗ ਸਿੰਘ ਅਤੇ ਇੰਦਰਜੀਤ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਬਾਬਾ ਫ਼ਰੀਦ ਜੀ ਦੀ ਬਾਣੀ ਅਧਾਰਤ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਬਾਬਾ ਫਰੀਦ ਆਗਮਨ ਪੁਰਬ ਸੋਸਾਇਟੀ ਅਤੇ ਗੁਰਦੁਆਰਾ ਕਮੇਟੀ ਦੇ ਉਚੇਚੇ ਸੱਦੇ 'ਤੇ ਭਾਈ ਨਾਇਬ ਸਿੰਘ ਨਿਮਾਣਾ ਹਜ਼ੂਰੀ ਰਾਗੀ ਟਿਲਾ ਬਾਬਾ ਸ਼ੇਖ ਫਰੀਦ ਅਤੇ ਦਾ ਜੱਥਾ ਰਿਵਰ ਸਾਈਡ ਤੋਂ ਪਹੁੰਚੇ। ਇਸ ਸਾਲ ਦੇ ਸਮਾਗਮਾਂ ਦੀ ਵਿਲੱਖਣਤਾ ਇਹ ਰਹੀ ਕਿ ਪਿਛਲੇ ਸਮੇਂ ਵਿਚ ਕੋਵਿਡ ਮਹਾਂਮਾਰੀ ਕਾਰਨ ਇਸ ਸਮਾਗਮ ਵਿਚ ਸੰਗਤਾਂ ਦੀ ਹਾਜ਼ਰੀ ਤਕਰੀਬਨ ਦੁੱਗਣੀ ਸੀ। ਇਲਾਕਾ ਨਿਵਾਸੀ ਸੰਗਤਾਂ ਯੂਬਾ ਸਿਟੀ, ਸਟਾਕਟਨ, ਫਰਿਜਨੋ, ਟਰੇਸੀ , ਸੈਕਰਾਮੈਂਟੋ, ਲੈਥਰੋਪ , ਮੈਨਟੀਕਾ, ਐਲਕਗਰੋਵ ਆਦਿ ਸ਼ਹਿਰਾਂ ਤੋਂ ਹਾਜ਼ਰੀ ਲਵਾਉਣ ਪਹੁੰਚੀਆਂ। ਇਸ ਸਾਲ ਦੇ ਸਮਾਗਮਾਂ ਵਿੱਚ ਹਾਜ਼ਰੀ ਲੁਆਉਣ ਮਨਪ੍ਰੀਤ ਸੁਖੀਜਾ ਭਲਵਾਨ ਅਤੇ ਰਵਿੰਦਰ ਕੁਮਾਰ 'ਮੰਤਰੀ





ਫਰੀਦਕੋਟ' ਵੀ ਨੌਰਥ ਕੈਰੋਲੀਨਾ ਤੋਂ ਖਾਸ ਤੌਰ 'ਤੇ ਪਹੁੰਚੇ। ਬਾਬਾ ਫ਼ਰੀਦ ਆਗਮਨ ਪੁਰਬ ਸੁਸਾਇਟੀ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਲਈ ਧੰਨਵਾਦ ਕੀਤਾ ਜਾਂਦਾ ਹੈ। ਸਾਰੇ ਹੀ ਵਲੰਟੀਅਰ ਸਹਿਯੋਗੀ ਤੇ ਪ੍ਰਬੰਧਕ ਵਧਾਈ ਦੇ ਪਾਤਰ ਹਨ। ਗੁਰਦੁਆਰਾ ਫਰੀਮੌਂਟ ਦੇ ਪ੍ਰਬੰਧਕਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਜਾਂਦਾ ਹੈ। ਅਗਲੇ ਸਾਲ ਇਨ੍ਹਾਂ ਹੀ ਤਰੀਕਾਂ ਵਿੱਚ ਫਿਰ ਮਿਲਣ ਦੇ ਵਾਅਦੇ ਨਾਲ ਕੁਲ ਮਿਲਾ ਕੇ ਵਧੀਆ ਛਾਪ ਛੱਡ ਗਿਆ। ਇਨ੍ਹਾਂ ਪ੍ਰੋਗਰਾਮਾਂ ਦੀ ਲੜੀ ਤਹਿਤ ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ ਸਤੰਬਰ 30, ਅਕਤੂਬਰ 1 ਅਤੇ 2 ਅਕਤੂਬਰ ਨੂੰ ਗੁਰਦੁਆਰਾ ਸਿੰਘ ਸਭਾ ਪਾਰਕਵੇ ਡਰਾਈਵ ਫਰਿਜਨੋ ਵਿਖੇ ਇਲਾਕੇ ਦੀਆਂ ਸੰਗਤਾਂ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾ ਰਹੀਆਂ ਹਨ।

# ਕੈਪਟਨ ਅਮਰਿੰਦਰ ਸਿੰਘ ਭਾਜਪਾ ’ਚ ਸ਼ਾਮਲ

## ➢ਇਕੱਲੇ ਕੈਪਟਨ ਸਹਾਰੇ ਪੰਜਾਬ ਦਾ ਸਿਆਸੀ ਕਿਲ੍ਹਾ ਫ਼ਤਿਹ ਕਰਨਾ ਭਾਜਪਾ ਲਈ ਸੌਖਾ ਕੰਮ ਨਹੀਂ

### ➢ ਕੈਪਟਨ ਇਕ ਚੱਲਿਆ ਹੋਇਆ ਕਾਰਤੂਸ : ਬਾਜਵਾ ➢ ਕਾਂਗਰਸ ਹਾਈਕਮਾਨ ਦੀਆਂ ਕੋਸ਼ਿਸ਼ਾਂ ਕਾਰਨ ਭਾਜਪਾ ਵਿਚ ਜਾਣ ਤੋਂ ਰੁਕੇ ਕਈ ਕਾਂਗਰਸੀ ਆਗੂ ➢ ਸਾਬਕਾ ਸਪੀਕਰ ਨੂੰ ਦਿੱਲੀ ਦੇ ਰਸਤੇ ’ਚੋਂ ਮੋੜਿਆ ➢ ਅੰਬਿਕਾ ਸੋਨੀ ਤੇ ਬਾਜਵਾ ਨੇ ਨਿਭਾਈ ਅਹਿਮ ਭੂਮਿਕਾ



ਨਵੀਂ ਦਿੱਲੀ/ਏ.ਟੀ.ਨਿਊਜ਼ :- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬੀਤੇ ਦਿਨੀਂ ਕੇਂਦਰੀ ਮੰਤਰੀਆਂ ਨਰੇਂਦਰ ਤੋਮਰ ਤੇ ਕਿਰਨ ਰਿਜਿਜੂ ਅਤੇ ਹੋਰ ਸੀਨੀਅਰ ਆਗੂਆਂ ਦੀ ਮੌਜੂਦਗੀ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਪੰਜਾਬ ਨਾਲ ਸਬੰਧਤ ਸੀਨੀਅਰ ਆਗੂ ਅਸ਼ਵਨੀ ਸ਼ਰਮਾ, ਸੁਨੀਲ ਜਾਖੜ ਵੀ ਹਾਜ਼ਰ ਸਨ। ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਹੋਰਨਾਂ ਆਗੂਆਂ ਵਿੱਚ ਸਾਬਕਾ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ, ਸਾਬਕਾ ਸੰਸਦ ਮੈਂਬਰ ਅਮਰੀਕ ਸਿੰਘ ਆਲੀਵਾਲ, ਕੇਵਲ ਸਿੰਘ, ਸਾਬਕਾ ਵਿਧਾਇਕ ਪ੍ਰੇਮ ਮਿੱਤਲ, ਹਰਚੰਦ ਕੌਰ, ਹਰਜਿੰਦਰ ਠੇਕੇਦਾਰ, ਬਲਬੀਰ ਰਾਣੀ ਸੋਢੀ, ਕੈਪਟਨ ਦੇ ਪੁੱਤਰ ਰਣਇੰਦਰ ਸਿੰਘ, ਧੀ ਬੀਬਾ ਜਯਾ ਇੰਦਰ ਕੌਰ, ਨਿਰਵਾਨ ਸਿੰਘ, ਕਮਲਜੀਤ ਸੈਨੋ ਆਦਿ ਸ਼ਾਮਲ ਸਨ। ਕੈਪਟਨ ਨੇ ਆਪਣੀ ਪਾਰਟੀ ਪੰਜਾਬ ਲੋਕ ਕਾਂਗਰਸ ਦੇ ਭਾਜਪਾ ਵਿੱਚ ਰਸਮੀ ਰਲੇਵੇਂ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਨਾਲ ਵੀ ਮੁਲਾਕਾਤ ਕੀਤੀ।

ਕੇਂਦਰੀ ਖੇਤੀ ਮੰਤਰੀ ਨਰੇਂਦਰ ਤੋਮਰ ਨੇ ਸਾਬਕਾ ਮੁੱਖ ਮੰਤਰੀ ਦਾ ਭਾਜਪਾ ਵਿਚ ਸਵਾਗਤ ਕਰਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਨੇ ਹਮੇਸ਼ਾ ਰਾਸ਼ਟਰੀ ਹਿੱਤਾਂ ਨੂੰ ਪੱਖਪਾਤੀ ਹਿੱਤਾਂ ਤੋਂ ਉੱਪਰ ਰੱਖਿਆ ਹੈ। ਉਨ੍ਹਾਂ ਕਿਹਾ ਕਿ ਕੈਪਟਨ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਪੰਜਾਬ ਵਿੱਚ ਭਾਜਪਾ ਹੋਰ ਮਜ਼ਬੂਤ ਹੋਵੇਗੀ। ਅਮਰਿੰਦਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਭਾਜਪਾ ਪ੍ਰਧਾਨ ਜੇ.ਪੀ. ਨੱਡਾ ਦਾ ਉਨ੍ਹਾਂ ’ਤੇ ਭਰੋਸਾ ਜਤਾਉਣ ਲਈ ਧੰਨਵਾਦ ਕੀਤਾ। ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਪੰਜਾਬ ਵਿੱਚ ਪਾਰਟੀ ਦੀ ਮਜ਼ਬੂਤੀ ਲਈ ਹਰ ਸੰਭਵ ਯਤਨ ਕਰਨਗੇ।

ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਭਾਜਪਾ ਵਿਚ ਸ਼ਾਮਿਲ ਹੋਣ ’ਤੇ ਟਿੱਪਣੀ ਕਰਦੇ ਹੋਏ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਇਕ ਚੱਲਿਆ ਹੋਇਆ ਕਾਰਤੂਸ ਹੈ ਤੇ ਉਸ ਦੇ ਭਾਜਪਾ ਵਿਚ ਸ਼ਾਮਿਲ ਹੋਣ ਨਾਲ ਕਾਂਗਰਸ ਨੂੰ ਕੋਈ ਫਰਕ ਪੈਣ ਵਾਲਾ ਨਹੀਂ ਹੈ, ਜਦਕਿ ਲੰਘੀਆਂ ਵਿਧਾਨ ਸਭਾ ਚੋਣਾਂ ਵਿਚ ਤਾਂ ਉਸ ਦੀ ਜ਼ਮਾਨਤ ਵੀ ਜ਼ਬਤ ਹੋ ਚੁੱਕੀ ਹੈ। ਸ. ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਵੀ ਉਨ੍ਹਾਂ ਦੇ ਨਾਲ ਨਹੀਂ ਹੈ ਤੇ ਅਜਿਹੇ ’ਚ ਉਨ੍ਹਾਂ ਦੇ ਸਿਆਸੀ ਹਾਲਾਤ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਭਾਜਪਾ ਵਿਚ ਸ਼ਾਮਿਲ ਕਰਾਉਣ ਮਗਰੋਂ ਪਾਰਟੀ ਵਲੋਂ ਪੰਜਾਬ ’ਚ ਸਿਆਸੀ ਜ਼ਮੀਨ ਹਾਸਲ ਕਰਨ ਲਈ ਰਣਨੀਤੀ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ। ਭਾਜਪਾ ਜਿਸ ਰਣਨੀਤੀ ਤਹਿਤ ਅੱਗੇ ਵਧਣਾ ਚਾਹੁੰਦੀ ਹੈ, ਉਸ ਅਨੁਸਾਰ ਉਹ ਕੈਪਟਨ ਦੇ ਸਹਾਰੇ ਕਿਸਾਨਾਂ ਤੱਕ ਪਹੁੰਚ ਬਣਾਉਣ ਦੀ ਤਿਆਰੀ ਵਿਚ ਜੁਟੀ ਦੱਸੀ ਜਾ ਰਹੀ ਹੈ।ਭਾਵੇਂ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੀ ਸਿਆਸਤ ਦਾ ਵੱਡਾ ਸਿੱਖ ਚਿਹਰਾ ਹਨ ਪਰ ਕੈਪਟਨ ਲਈ ਪੰਜਾਬ ਵਿਚ ਭਾਜਪਾ ਦਾ ਸਿਆਸੀ ਕਿਲ੍ਹਾ ਫ਼ਤਿਹ ਕਰਨਾ ਏਨਾ ਆਸਾਨ ਕੰਮ ਨਹੀਂ ਸਗੋਂ ਇਕ ਵੱਡੀ ਚੁਣੌਤੀ ਹੈ। ਪੰਜਾਬ ਭਾਜਪਾ ਕੋਲ ਸਭ ਤੋਂ ਵੱਡੀ ਦਿੱਕਤ ਪੰਜਾਬ ਵਿਚ ਲੀਡਰਸ਼ਿਪ, ਵੱਡੇ ਸਿੱਖ ਚਿਹਰੇ ਅਤੇ ਵਰਕਰ ਕਾਡਰ ਦੀ ਘਾਟ ਦੱਸੀ ਜਾ ਰਹੀ ਹੈ ਅਤੇ ਪੰਜਾਬ ਵਿਚ ਇਸ ਨੂੰ ਹੁੰਗਾਰਾ ਨਹੀਂ ਮਿਲ ਰਿਹਾ।ਦੱਸਿਆ ਜਾ ਰਿਹਾ ਹੈ ਕਿ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਦਾ ਮੰਨਣਾ ਹੈ ਕਿ ਲੰਬੇ ਸਮੇਂ ਤੋਂ ਪੰਜਾਬ ਵਿਚ ਅਹੁਦੇ ਲੈ ਕੇ ਬੈਠੇ ਵੱਡੇ ਆਗੂ ਵਰਕਰ ਕਾਡਰ ਵਧਾਉਣ ਵਿਚ ਕਾਮਯਾਬ ਨਹੀਂ ਹੋ ਸਕੇ ਜਿਸ ਦੇ ਚੱਲਦੇ ਭਾਜਪਾ ਵਲੋਂ ਪੰਜਾਬ ਦੇ ਜਥੇਬੰਦਕ ਢਾਂਚੇ ਵਿਚ ਤਬਦੀਲੀ ਦੀ ਤਿਆਰੀ ਲਗਪਗ ਕਰ ਲਈ ਗਈ ਦੱਸੀ ਜਾ ਰਹੀ ਹੈ। ਪਾਰਟੀ ਸੂਤਰਾਂ ਅਨੁਸਾਰ ਜਥੇਬੰਦਕ ਢਾਂਚੇ ਵਿਚ ਕੀਤੀ ਜਾ ਰਹੀ ਤਬਦੀਲੀ ਨੂੰ ਲੈ ਕੇ ਕੇਂਦਰੀ ਲੀਡਰਸ਼ਿਪ ਵਲੋਂ ਕੈਪਟਨ ਨੂੰ ਭਰੋਸੇ ਵਿਚ ਲੈ ਕੇ ਫ਼ੈਸਲਾ ਲਿਆ ਜਾਵੇਗਾ। ਪਰ ਇਕੱਲੇ ਕੈਪਟਨ ਸਹਾਰੇ ਪੰਜਾਬ ਦਾ ਸਿਆਸੀ ਕਿਲ੍ਹਾ ਫ਼ਤਿਹ ਕਰਨਾ ਭਾਜਪਾ ਲਈ ਸੌਖਾ ਕੰਮ ਨਹੀਂ, ਇਸ ਤੋਂ ਪਹਿਲਾਂ ਪੰਜਾਬ ਦੀ ਸਿਆਸਤ ਦੇ ਵੱਡੇ ਹਿੰਦੂ ਚਿਹਰੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੂੰ ਵੀ ਭਾਜਪਾ ਵਲੋਂ ਪਾਰਟੀ ਵਿਚ ਸ਼ਾਮਿਲ ਕਰਵਾਇਆ ਗਿਆ ਹੈ ਅਤੇ ਹੁਣ ਭਾਜਪਾ ਵਲੋਂ ਇਹ ਯੋਜਨਾ ਤਿਆਰ ਕੀਤੀ ਜਾ ਰਹੀ ਹੈ ਕਿ ਇਹ ਦੋਵੇਂ ਵੱਡੇ ਸਿੱਖ ਅਤੇ ਹਿੰਦੂ ਚਿਹਰੇ ਪੰਜਾਬ ਵਿਚ ਮਿਲ ਕੇ ਕੰਮ ਕਰਨ ਤਾਂ ਪਾਰਟੀ ਦਾ ਆਧਾਰ ਮਜ਼ਬੂਤ ਹੋ ਸਕੇਗਾ।

## ਕਈ ਕਾਂਗਰਸੀ ਲੀਡਰ ਭਾਜਪਾ ਦੇ ਬੇੜੇ ਉਪਰ ਨਾ ਚੜ੍ਹੇ

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਭਾਜਪਾ ਵਿਚ ਸ਼ਾਮਿਲ ਹੋਣ ਵਾਲੇ ਕਈ ਆਗੂਆਂ ਦੇ ਦਿੱਲੀ ਨਾ ਪੁੱਜਣ ਨੂੰ ਕਾਂਗਰਸ ਹਾਈਕਮਾਨ ਵਲੋਂ ਕੀਤੀਆਂ ਗਈਆਂ ਜ਼ੋਰਦਾਰ ਕੋਸ਼ਿਸ਼ਾਂ ਨੂੰ ਦੱਸਿਆ ਜਾ ਰਿਹਾ ਹੈ। ਸੂਚਨਾ ਅਨੁਸਾਰ ਕੈਪਟਨ ਨਾਲ ਭਾਜਪਾ ’ਚ ਸ਼ਾਮਿਲ ਹੋਣ ਵਾਲੇ ਕਈ ਆਗੂ ਰਸਤੇ ਵਿਚੋਂ ਅਤੇ ਇਕ-ਦੋ ਦਿੱਲੀ ਸਮਾਗਮ ਵਾਲੀ ਥਾਂ ਨੇੜਿਓਂ ਹੀ ਮੋੜ ਲਏ ਗਏ। ਸਾਬਕਾ ਸਪੀਕਰ ਰਾਣਾ ਕੇ.ਪੀ. ਸਿੰਘ ਜੋ ਦਿੱਲੀ ਲਈ ਰਵਾਨਾ ਹੋ ਗਏ ਸਨ, ਅੱਧੇ ਰਸਤੇ ਵਿਚੋਂ ਵਾਪਸ ਮੁੜੇ। ਸੂਤਰਾਂ ਅਨੁਸਾਰ ਸਾਬਕਾ ਕੇਂਦਰੀ ਮੰਤਰੀ ਅੰਬਿਕਾ ਸੋਨੀ ਅਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵਲੋਂ ਇਸ ਸੰਬੰਧੀ ਅਹਿਮ ਭੂਮਿਕਾ ਨਿਭਾਈ ਗਈ ਅਤੇ ਇਹ ਸਾਰੀ ਮੁਹਿੰਮ ਸ੍ਰੀਮਤੀ ਸੋਨੀਆ ਗਾਂਧੀ ਦੇ ਨਿਵਾਸ 10 ਜਨਪੱਥ ਤੋਂ ਕੰਟਰੋਲ ਹੋ ਰਹੀ ਸੀ। ਸੂਚਨਾ ਅਨੁਸਾਰ ਓ.ਪੀ. ਸੋਨੀ ਨੂੰ ਵੀ ਰੋਕਣ ਲਈ ਬੀਤੀ ਰਾਤ ਬਾਜਵਾ ਸਾਰੀ ਰਾਤ ਉਨ੍ਹਾਂ ਦੇ ਨਿਵਾਸ ਰੁਕੇ ਰਹੇ ਅਤੇ ਹਾਈਕਮਾਨ ਵਲੋਂ ਉਨ੍ਹਾਂ ਸਮੇਤ ਕੁਝ ਦੂਜੇ ਸੀਨੀਅਰ ਕਾਂਗਰਸੀ ਆਗੂਆਂ ਵਲੋਂ ਉਠਾਏ ਗਏ ਸਾਰੇ ਮੁੱਦਿਆਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਇਹ ਵੀ ਪਤਾ ਲੱਗਾ ਹੈ ਕਿ ਕਾਂਗਰਸ ਵਲੋਂ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਦਾ ਬਹੁਤ ਸਾਰੇ ਆਗੂਆਂ ਤਿੱਖਾ ਵਿਰੋਧ ਕੀਤਾ ਅਤੇ ਦੋਸ਼ ਲਗਾਏ ਕਿ ਉਨ੍ਹਾਂ ਵਲੋਂ ਸੂਬਾ ਕਾਂਗਰਸ ਨੂੰ ਆਪਣੀ ਨਿੱਜੀ ਕੰਪਨੀ ਵਾਂਗ ਵਰਤਿਆ ਜਾ ਰਿਹਾ ਹੈ ਅਤੇ ਪਾਰਟੀ ਆਗੂਆਂ ਤੇ ਵਰਕਰਾਂ ਦੀ ਕੋਈ ਸੁਣਵਾਈ ਨਹੀਂ ਰਹੀ ਅਤੇ ਸੂਬਾ ਕਾਂਗਰਸ ਕੁਝ ਲੋਕਾਂ ਦੇ ਕਬਜ਼ੇ ਵਿਚ ਚਲੀ ਗਈ ਹੈ। ਪਾਰਟੀ ਸੂਤਰਾਂ ਅਨੁਸਾਰ ਹਾਈਕਮਾਨ ਦੀਆਂ ਕੋਸ਼ਿਸ਼ਾਂ ਕਾਰਨ ਕੋਈ ਦਰਜਨ ਦੇ ਕਰੀਬ ਸਾਬਕਾ ਮੰਤਰੀ ਤੇ ਵਿਧਾਇਕਾਂ ਨੂੰ ਕੈਪਟਨ ਨਾਲ ਭਾਜਪਾ ਵਿਚ ਜਾਣ ਤੋਂ ਰੋਕਣ ਵਿਚ ਸਫਲਤਾ ਮਿਲੀ ਹੈ। ਹਾਲਾਂਕਿ ਪਾਰਟੀ ਹਾਈਕਮਾਨ ਦੀ ਇਸ ਸਫਲਤਾ ਨੇ ਕੈਪਟਨ ਨੂੰ ਜ਼ਰੂਰ ਨਮੋਸ਼ੀ ਦਿੱਤੀ ਹੋਵੇਗੀ। ਵੇਖਣ ਵਾਲੀ ਗੱਲ ਇਹ ਹੈ ਕਿ ਹਾਈਕਮਾਨ ਆਉਂਦੇ ਦਿਨਾਂ ਦੌਰਾਨ ਪੰਜਾਬ ਕਾਂਗਰਸ ਦੇ ਢਾਂਚੇ ਵਿਚ ਕਿਹੋ ਜਿਹੀਆਂ ਤਬਦੀਲੀਆਂ ਲਿਆਂਦੀ ਹੈ। ਲੇਕਿਨ ਚਰਚਾ ਇਹ ਹੈ ਕਿ ਹਰੀਸ਼ ਚੌਧਰੀ ਤੋਂ ਪੰਜਾਬ ਕਾਂਗਰਸ ਦੇ ਇੰਚਾਰਜ ਦਾ ਚਾਰਜ ਵਾਪਸ ਜ਼ਰੂਰ ਲਿਆ ਜਾ ਸਕਦਾ ਹੈ। ਕਾਂਗਰਸ ਆਗੂਆਂ ਨੂੰ ਭਾਜਪਾ ਦਾ ਪੱਲਾ ਫੜਨ ਤੋਂ ਰੋਕਣ ਲਈ ਬਾਜਵਾ ਨੂੰ ਭਾਵੇਂ ਵੱਡੀ ਸਫਲਤਾ ਮਿਲੀ ਹੈ, ਪਰ ਪਾਰਟੀ ਸੂਤਰਾਂ ਦਾ ਮੰਨਣਾ ਹੈ ਕਿ ਪਾਰਟੀ ਹਾਈਕਮਾਨ ਅਗਰ ਆਉਂਦੇ ਦਿਨਾਂ ਦੌਰਾਨ ਲੋੜੀਂਦੀਆਂ ਤਬਦੀਲੀਆਂ ਲਿਆਉਣ ਵਿਚ ਕਾਮਯਾਬ ਨਾ ਰਹੀ ਤਾਂ ਪਾਰਟੀ ਵਿਚਲੀ ਨਿਰਾਸ਼ਾ ’ਤੇ ਵਿਰੋਧ ਹੋਰ ਜ਼ੋਰ ਨਾਲ ਉੱਭਰ ਸਕਦਾ ਹੈ।

ਰਾਜਨੀਤਕ ਸੂਤਰਾਂ ਦਾ ਇਹ ਦੱਸਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਮਹਾਰਾਣੀ ਪ੍ਰਨੀਤ ਕੌਰ, ਜਿਨ੍ਹਾਂ ਦੇ ਲੋਕ ਸਭਾ ਦੇ ਕਾਰਜਕਾਲ ਦਾ ਕੋਈ 18-20 ਮਹੀਨੇ ਸਮਾਂ ਬਾਕੀ ਹੈ, ਵਲੋਂ ਕੁਝ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਕੇ ਆਪਣੇ ਸਮਰਥਨ ਦਾ ਭਰੋਸਾ ਦਿੱਤਾ ਅਤੇ ਇਹ ਵੀ ਕਿਹਾ ਗਿਆ ਸੀ ਕਿ ਜੇ ਉਹ ਚਾਹੁਣ ਤਾਂ ਉਹ ਪਾਰਲੀਮੈਂਟ ਮੈਂਬਰੀ ਤੋਂ ਅਸਤੀਫ਼ਾ ਦੇ ਕੇ ਭਾਜਪਾ ਵਿਚ ਸ਼ਾਮਿਲ ਹੋਣ ਲਈ ਵੀ ਤਿਆਰ ਹਨ, ਪਰ ਇਸ ਲਈ ਉਨ੍ਹਾਂ ਨੂੰ ਲੋਕ ਸਭਾ ਦੀ ਮੈਂਬਰੀ ਛੱਡਣੀ ਪਵੇਗੀ। ਸੂਚਨਾ ਅਨੁਸਾਰ ਪ੍ਰਧਾਨ ਮੰਤਰੀ ਵਲੋਂ ਉਨ੍ਹਾਂ ਨੂੰ ਫ਼ਿਲਹਾਲ ਅਸਤੀਫ਼ਾ ਨਾ ਦੇਣ ਦੀ ਸਲਾਹ ਦਿੱਤੀ ਗਈ, ਜਿਸ ਕਾਰਨ ਉਨ੍ਹਾਂ ਨੂੰ ਫ਼ਿਲਹਾਲ ਕਾਂਗਰਸ ਵਿਚ ਹੀ ਰਹਿਣਾ ਪਵੇਗਾ।

## ਸੰਦੀਪ ਬਿਸ਼ਨੋਈ ਦੇ ਕਤਲ ਦੀ ਜ਼ਿੰਮੇਵਾਰੀ ਬੰਬੀਹਾ ਗੈਂਗ ਨੇ ਲਈ

ਮਾਨਸਾ/ਏ.ਟੀ.ਨਿਊਜ਼ :- ਖ਼ਤਰਨਾਕ ਅਪਰਾਧੀ ਸੰਦੀਪ ਬਿਸ਼ਨੋਈ ਦੀ ਹੱਤਿਆ ਦੀ ਜ਼ਿੰਮੇਵਾਰੀ ਦਵਿੰਦਰ ਬੰਬੀਹਾ ਗੈਂਗ ਨੇ ਲੈ ਲਈ ਹੈ।ਦੱਸ ਦੇਈਏ ਬੀਤੇ ਦਿਨੀਂ ਰਾਜਸਥਾਨ ਵਿਚ ਨਿਗੌਰ ਅਦਾਲਤ ਦੇ ਬਾਹਰ ਸੰਦੀਪ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ।



ਸੁਲਤਾਨ ਦਵਿੰਦਰ ਬੰਬੀਹਾ ਫੇਸਬੁੱਕ ਅਕਾਊਂਟ ’ਤੇ ਪਾਈ ਪੋਸਟ ਵਿਚ ਆਖਿਆ ਗਿਆ ਹੈ ਕਿ ਸੰਦੀਪ ਦਾ ਕੰਮ ਉਨ੍ਹਾਂ ਦੇ ਸ਼ੇਰ ਭਰਾਵਾਂ ਵਲੋਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਗਲੇ ਦਿਨਾਂ ਵਿਚ ਲਾਰੈਂਸ ਬਿਸ਼ਨੋਈ, ਜੱਗੂ ਭਗਵਾਨਪੁਰੀਆ ਅਤੇ ਗੋਲਡੀ ਬਰਾੜ ਦਾ ਵੀ ਇਹੋ ਹਾਲ ਹੋਵੇਗਾ। ਇਹ ਤਿੰਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਦੋਸ਼ ਵਿਚ ਨਾਮਜ਼ਦ ਹਨ। ਲਾਰੈਂਸ ਤੇ ਜੱਗੂ ਪੰਜਾਬ ਪੁਲਿਸ ਕੋਲ ਰਿਮਾਂਡ ’ਤੇ ਚੱਲ ਰਹੇ ਹਨ ਜਦਕਿ ਗੋਲਡੀ ਬਰਾੜ ਕੈਨੇਡਾ ਵਿਖੇ ਰਹਿ ਰਿਹਾ ਹੈ, ਜਿਸ ਖ਼ਿਲਾਫ਼ ਪਹਿਲਾਂ ਹੀ ਇੰਟਰਪੋਲ ਵਲੋਂ ਰੈੱਡ ਕਾਰਨਰ ਨੋਟਿਸ ਜਾਰੀ ਹੋ ਚੁੱਕਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Anil Kumar** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਸ. ਦਿਦਾਰ ਸਿੰਘ ਬੈਂਸ ਦੇ ਅੰਤਿਮ ਸੰਸਕਾਰ ਮੌਕੇ ਆਖਰੀ ਦਰਸ਼ਨਾਂ ਲਈ ਭਾਰੀ ਗਿਣਤੀ 'ਚ ਲੋਕ ਪਹੁੰਚੇ

## ♦ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਭਾਈ ਰਘਵੀਰ ਸਿੰਘ ਵੀ ਹੋਏ ਸ਼ਾਮਿਲ







ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ :- ਦੁਨੀਆਂ ਵਿੱਚ ਆਪਣਾ ਨਾਂ ਇੱਕ ਸਿੱਖ ਆਗੂ ਤੇ ਦਾਨੀ ਵਜੋਂ ਸਥਾਪਿਤ ਕਰਨ ਵਾਲੇ ਸ. ਦਿਦਾਰ ਸਿੰਘ ਬੈਂਸ ਦਾ ਅੰਤਮ ਸੰਸਕਾਰ ਯੂਬਾ ਸਿਟੀ ਵਿਖੇ ਕਰ ਦਿੱਤਾ ਗਿਆ ਇਸ ਮੌਕੇ ਉਨ੍ਹਾਂ ਨੂੰ ਪਿਆਰ ਕਰਨ ਵਾਲੇ ਵਾਲੇ ਲੋਕ ਭਾਰੀ ਗਿਣਤੀ 'ਚ ਪਹੁੰਚੇ ਹੋਏ ਸਨ। ਇਸ ਦੌਰਾਨ ਸਰਦਾਰ ਦਿਦਾਰ ਸਿੰਘ (84) ਦੇ ਪਰਿਵਾਰਿਕ ਮੈਂਬਰਾਂ 'ਚ ਉਨਾਂ ਦੀ ਪਤਨੀ ਸੰਤੀ ਬੈਂਸ, ਬੇਟਾ ਅਜੀਤ ਸਿੰਘ ਬੈਂਸ, ਬੇਟੀ ਦਲਜੀਤ ਕੌਰ, ਬੇਟਾ ਕਰਮਦੀਪ ਸਿੰਘ ਬੈਂਸ, ਜੋ ਕਿ ਸਟਰ ਕਾਊਂਟੀ ਸੁਪਰਵਾਈਜਰ ਹਨ ਅਤੇ ਵੱਡੇ ਪਰਿਵਾਰ ਸਮੇਤ ਪੋਤੇ ਪੋਤੀਆਂ, ਦੋਹਤੇ ਦੋਹਤੀਆਂ ਵਲੋਂ ਸਰਦਾਰ ਦਿਦਾਰ ਸਿੰਘ ਬੈਂਸ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ ਗਏ। ਰਿਵਰ ਵੈਲੀ ਹਾਈ ਸਕੂਲ ਦੇ ਇੱਕ ਇੰਨਡੋਰ ਸਟੇਡੀਅਮ ਵਿੱਚ ਅਯੋਜਿਤ ਇਸ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕੈਲੀਫੋਰਨੀਆ ਦੇ ਸਾਬਕਾ ਗਵਰਨਰ ਜੈਰੀ ਬਰਾਊਨ, ਕਾਂਗਰਸਮੈਨ, ਕਾਊਂਟੀ ਸੁਪਰਵਾਈਜਰ, ਯੂਬਾ ਤੇ ਯੋਲੋ ਕਾਉਂਟੀ ਦੇ ਉਚ ਅਧਿਕਾਰੀ, ਮੇਅਰ ਯੂਬਾ ਸਿਟੀ, ਮੇਅਰ ਲੈਥਰੋਪ ਸੁਖਮਿੰਦਰ ਧਾਲੀਵਾਲ ਤੋਂ ਇਲਾਵਾ ਸਿੱਖ ਭਾਈਚਾਰੇ ਵਿਚੋਂ ਸ੍ਰੀ ਤਖਤ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਭਾਈ ਰਘਵੀਰ ਸਿੰਘ, ਗੁਰਦੁਆਰਾ ਬੰਗਲਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਰਣਜੀਤ ਸਿੰਘ, ਦਿਲਬਾਗ ਸਿੰਘ ਬੈਂਸ, ਜਸਵੰਤ ਸਿੰਘ ਬੈਂਸ, ਅਕਾਲੀ ਆਗੂ ਤੇ ਧਨਾਢ ਦਰਸ਼ਨ ਸਿੰਘ ਧਾਲੀਵਾਲ, ਬਾਬਾ ਬਲਬੀਰ ਸਿੰਘ ਬੁੱਢਾ ਦੱਲ, ਜੰਗ ਸਿੰਘ, ਗਿਆਨ ਸਿੰਘ ਸੰਧੂ ਕੈਨੇਡਾ, ਹਰਭਜਨ ਸਿੰਘ ਯੋਗੀ ਦੇ ਬੇਟੇ ਭਾਈ ਰਣਵੀਰ ਸਿੰਘ ਅਤੇ ਭਾਈ ਕੁਲਬੀਰ ਸਿੰਘ, ਬਲਦੇਵ ਸਿੰਘ ਸੱਲਾ ਈਸਟ ਕੋਸਟ, ਰਣਜੀਤ ਸਿੰਘ ਟੁੱਟ, ਜੱਥੇਦਾਰ ਤਾਰਾ ਸਿੰਘ, ਜਸਵਿੰਦਰ ਸਿੰਘ ਜੱਸੀ, ਨਿੱਝਰ ਬ੍ਰਦਰਜ, ਬਲਜੀਤ ਸਿੰਘ ਮਾਨ, ਸੁਰਿੰਦਰ ਸਿੰਘ ਅਟਵਾਲ, ਸੁਰਜੀਤ ਟੁੱਟ, ਦਲਵੀਰ ਸਿੰਘ ਸੰਘੇੜਾ, ਸੁਖਵੰਤ ਸਿੰਘ ਖੈਰਾ, ਜਤਿੰਦਰ ਭੰਗੂ, ਪੌਲ ਰਾਮ, ਸਰਬਜੀਤ ਥਿਆੜਾ, ਰੌਣਕ ਸਿੰਘ ਐਲ ਏ, ਸੁਖਵਿੰਦਰ ਅਬਲੋਵਾਲ, ਮੱਖਣ ਸਿੰਘ ਮੱਲਾ ਬੇਦੀਆਂ ਅਦਿ ਸਖਸ਼ੀਅਤਾਂ ਨੇ ਵਿਸ਼ੇਸ ਤੌਰ 'ਤੇ ਹਾਜ਼ਰੀ ਭਰੀ। ਇਸ ਤੋਂ ਬਾਅਦ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ ਜਿਸਦੇ ਸਰਦਾਰ ਦਿਦਾਰ ਸਿੰਘ ਬਾਨੀ ਸਨ ਵਿੱਚ ਅੰਤਮ ਅਰਦਾਸ ਕੀਤੀ ਗਈ। ਇਸ ਅੰਤਿਮ ਅਰਦਾਸ ਵਿੱਚ ਸਿਰਫ ਸਿੱਖ ਭਾਈਚਾਰੇ ਦੀ ਸੰਗਤ ਤੇ ਹੋਰ ਪਰਿਵਾਰ ਤੇ ਰਿਸ਼ਤੇਦਾਰ ਸ਼ਾਮਿਲ ਸਨ। ਇਸ ਮੌਕੇ ਸ੍ਰੀ ਤਖਤ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਭਾਈ ਰਘਵੀਰ ਸਿੰਘ ਵਲੋਂ ਬੈਂਸ ਪਰਿਵਾਰ ਨੂੰ ਸਿਰੋਪਾਓ ਦੇ ਕੇ ਤੇ ਗੁਰਦੁਆਰਾ ਸਾਹਿਬ ਵਲੋਂ ਦਿਦਾਰ ਸਿੰਘ ਬੈਂਸ ਦੇ ਨਾਂ ਦੀ ਪਲੈਕ ਭੇਂਟ ਕੀਤੀ ਗਈ। ਇਸ ਮੌਕੇ ਸ੍ਰੀ ਤਖਤ ਕੇਸਗ੍ਰੜ ਸਾਹਿਬ ਦੇ ਜੱਥੇਦਾਰ ਭਾਈ ਰਘਵੀਰ ਸਿੰਘ ਨੇ ਸਰਦਾਰ ਦਿਦਾਰ ਬੈਂਸ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਬੜੀ ਸਾਦਗੀ ਵਾਲਾ ਜੀਵਨ ਜੀਵਿਆ ਤੇ ਉਹ ਮਹਾਨ ਦਾਨੀ ਸਨ ਜਿਨਾਂ ਨੇ ਸਿੱਖ ਕੌਮ ਲਈ ਕਿਰਤ ਕਰਦਿਆਂ ਸਾਰਾ ਜੀਵਨ ਲਾ ਦਿੱਤਾ। ਉਨ੍ਹਾਂ ਗੁਰਬਾਣੀ ਤੇ ਕਵੀ ਗਿਰਧਰ ਦੇ ਕਈ ਹਵਾਲਿਆਂ ਤਹਿਤ ਸੰਗਤ ਨਾਲ ਰੂਬਰੂ ਹੁੰਦਿਆਂ ਬੈਂਸ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਗੁਰਦੁਆਰਾ ਬੰਗਲਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਰਣਜੀਤ ਸਿੰਘ ਨੇ ਕਥਾ ਤੇ ਸ਼ਰਧਾਂਜਲੀ ਭੇਂਟ ਕੀਤੀ ਤੇ ਸਰਦਾਰ ਸਿੰਘ ਬੈਂਸ ਦੇ ਨਾਂ ਤੇ ਕੋਈ ਖਾਸ ਸਦੀਵੀ ਯਾਦਗਾਰ ਬਣਾਉਣ ਦੀ ਪ੍ਰਬੰਧਕਾਂ ਨੂੰ ਬੇਨਤੀ ਵੀ ਕੀਤੀ। ਇਸ ਮੌਕੇ ਸ੍ਰੀ ਤਖਤ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਭਾਈ ਰਘਵੀਰ ਸਿੰਘ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਭੇਜਿਆ ਸ਼ੋਕ ਸੰਦੇਸ਼ ਵੀ ਪੜ੍ਹ ਕੇ ਸੁਣਾਇਆ ਗਿਆ। ਇਸ ਮੌਕੇ ਹਰਭਜਨ ਸਿੰਘ ਯੋਗੀ ਦੇ ਬੇਟੇ ਭਾਈ ਰਣਵੀਰ ਸਿੰਘ, ਗਿਆਨ ਸਿੰਘ ਸੰਧੂ ਕਨੇਡਾ, ਗੁਰਨਾਮ ਸਿੰਘ ਪੰਮਾ, ਹਰਬੰਸ ਸਿੰਘ ਪੰਮਾ ਆਦਿ ਨੇ ਵੀ ਸਰਦਾਰ ਦਿਦਾਰ ਸਿੰਘ ਬੈਂਸ ਨੂੰ ਸ਼ਰਧਾਂਜਲੀ ਭੇਂਟ ਕੀਤੀ। ਵਰਨਣਯੋਗ ਹੈ ਕਿ ਸਰਦਾਰ ਦਿਦਾਰ ਸਿੰਘ ਬੈਂਸ ਦਾ ਪੰਜਾਬ ਵਿਚਲਾ ਪਿੰਡ ਨੰਗਲ ਖੁਰਦ, ਨੇੜੇ ਮਾਹਿਲਪੁਰ ਹੁਸ਼ਿਆਰਪੁਰ ਹੈ।





# ਕੈਸ਼ੀਅਰ ਵਜੋਂ ਕੰਮ ਕਰਦੇ ਪਰਮਵੀਰ ਸਿੰਘ ਦਾ ਕਾਲੇ ਲੁਟੇਰੇ ਵਲੋਂ ਗੋਲੀ ਮਾਰ ਕੇ ਕਤਲ





ਖੱਬੇ ਮ੍ਰਿਤਕ ਪਰਮਵੀਰ ਸਿੰਘ ਤੇ ਸੱਜੇ ਕਾਲਾ ਥੱਲੇ ਬੈਠੇ ਪਰਮਵੀਰ ਦੇ ਗੋਲੀ ਮਾਰਦਾ ਹੋਇਆ।

ਸੈਕਰਾਮੈਂਟੋ/ਹੁਸਨ ਲੜੋਆ ਬੰਗਾ:- ਮਿਸੀਸਿੱਪੀ ਸੂਬੇ ਵਿੱਚ ਪੰਜਾਬੀ ਲੜਕੇ ਨੂੰ ਕਾਲੇ ਲੁਟੇਰੇ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ। ਉਹ ਟੂਪੇਲੋ ਸ਼ਹਿਰ ਦੇ ਇੱਕ ਗੈਸ ਸਟੇਸ਼ਨ ਦੇ ਨੇੜੇ ਸਥਿਤ ਇੱਕ ਸਟੋਰ 'ਤੇ ਕੈਸ਼ੀਅਰ ਵਜੋਂ ਕੰਮ ਕਰਦਾ ਸੀ। ਮ੍ਰਿਤਕ ਨੌਜਵਾਨ ਦੀ ਪਹਿਚਾਣ 33 ਸਾਲਾ ਪਰਮਵੀਰ ਸਿੰਘ ਵਜੋਂ ਹੋਈ ਹੈ ਜਿਸ ਦਾ ਪਿਛੋਕੜ ਕਪੂਰਥਲਾ ਦੇ ਪਿੰਡ ਢਪੱਈ ਨਾਲ ਸਬੰਧਤ ਹੈ। ਘਟਨਾ ਸਮੇਂ ਇੱਕ ਅਫ਼ਰੀਕੀ ਮੂਲ ਦਾ ਵਿਅਕਤੀ ਗੈਸ ਸਟੇਸ਼ਨ 'ਤੇ ਆਇਆ ਅਤੇ ਉਸ ਨੇ ਲੁੱਟ ਖੋਹ ਦੀ ਨੀਅਤ ਨਾਲ ਪਰਮਵੀਰ ਨੂੰ ਗੋਲੀ ਮਾਰ ਦਿੱਤੀ, ਜਿਸ ਨਾਲ ਪਰਮਵੀਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਦੱਸਣਯੋਗ ਹੈ ਕਿ ਕੁਝ ਸਮਾਂ ਪਹਿਲਾਂ ਹੀ ਅਮਰੀਕਾ ਦੇ ਜ਼ੌਰਜੀਆ ਸੂਬੇ 'ਚ ਵੀ ਇੱਕ ਪੰਜਾਬੀ ਨੌਜਵਾਨ ਕਰਨਜੀਤ ਸਿੰਘ ਦੀ ਵੀ ਕਿਸੇ ਹਮਲਾਵਰ ਨੇ ਗੋਲੀਆਂ ਮਾਰ ਕਿ ਹੱਤਿਆ ਕਰ ਦਿੱਤੀ ਗਈ ਸੀ। ਅਜਿਹੀਆਂ ਘਟਨਾਵਾਂ ਕਾਰਨ ਸਮੁੱਚੇ ਭਾਈਚਾਰੇ ਸੋਗ 'ਚ ਹੈ। ਵਰਨਣਯੋਗ ਹੈ ਕਿ 33 ਸਾਲਾ ਪਰਮਵੀਰ ਸਿੰਘ ਆਪਣੇ ਸਟੋਰ 'ਤੇ ਬੈਠਾ ਸੀ। ਇਸੇ ਦੌਰਾਨ ਇੱਕ ਲੁਟੇਰਾ ਆਇਆ ਜਿਸ ਨੇ ਬੰਦੂਕ ਦੀ ਨੋਕ 'ਤੇ ਸਟੋਰ ਲੁੱਟਣ ਦਾ ਯਤਨ ਕੀਤਾ ਅਤੇ ਇਸੇ ਦੌਰਾਨ ਪਰਮਵੀਰ ਸਿੰਘ 'ਤੇ ਗੋਲੀ ਚਲਾ ਦਿੱਤੀ। ਵੀਡੀਓ 'ਚ ਦਿਖਾਈ ਦੇ ਰਿਹਾ ਹੈ ਕਿ ਪਰਮਵੀਰ ਸਿੰਘ ਨੇ ਲੁਟੇਰੇ ਦਾ ਕੋਈ ਵਿਰੋਧ ਨਹੀਂ ਕੀਤਾ, ਫਿਰ ਵੀ ਉਸ ਨੇ ਉਸ 'ਤੇ ਫਾਇਰ ਕਰ ਦਿੱਤਾ, ਜਿਸ ਕਾਰਨ ਉਸ ਦੀ ਥਾਂ 'ਤੇ ਹੀ ਮੌਤ ਹੋ ਗਈ।

# ਆਪਣੀ ਦੋਸਤ ਕੁੜੀ ਨੂੰ ਮਾਰਨ ਦੇ ਦੋਸ਼ ਹੇਠ ਪਿਛਲੇ 2 ਦਹਾਕਿਆਂ ਤੋਂ ਉਮਰ ਭਰ ਲਈ ਜੇਲ੍ਹ 'ਚ ਬੰਦ ਪ੍ਰੇਮੀ ਦੀ ਹੋਈ ਰਿਹਾਈ

## ਜੱਜ ਨੇ ਜੀ ਪੀ ਐਸ ਰਾਹੀਂ ਉਸ ਉਪਰ ਨਜ਼ਰ ਰੱਖਣ ਦਾ ਦਿੱਤਾ ਆਦੇਸ਼

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਆਪਣੀ ਦੋਸਤ ਕੁੜੀ ਦੇ ਕਤਲ ਦੇ ਮਾਮਲੇ ਵਿਚ ਦੋ ਦਹਾਕਿਆਂ ਤੋਂ ਵੀ ਵਧ ਸਮਾਂ ਜੇਲ੍ਹ ਵਿਚ ਬੰਦ ਰਹਿਣ ਤੋਂ ਬਾਅਦ ਅਦਨਾਨ ਸਈਦ ਨਾਮੀਂ ਵਿਅਕਤੀ ਨੂੰ ਬਾਲਟੀਮੋਰ ਦੀ ਇਕ ਅਦਾਲਤ ਨੇ ਰਿਹਾਅ ਕਰਨ ਦਾ ਆਦੇਸ਼ ਦਿੱਤਾ ਹੈ। ਸਰਕਟ ਕੋਰਟ ਜੱਜ ਮੈਲੀਸਾ ਫਿਨ ਨੇ ਆਪਣੇ ਆਦੇਸ਼ ਵਿਚ ਕਿਹਾ ਹੈ ਕਿ ਸਈਦ ਦੀ ਸਜ਼ਾ ਰੱਦ ਕਰ ਦਿੱਤੀ ਜਾਵੇ। ਜਿਸ ਉਪਰੰਤ ਅਦਾਲਤ ਵਿਚ ਹੀ ਉਸ ਦੀ ਹੱਥਕੜੀ ਖੋਲ੍ਹ ਦਿੱਤੀ ਗਈ ਤੇ ਉਹ ਆਜ਼ਾਦ ਹੋ ਗਿਆ। ਜਿਉਂ ਹੀ ਸਈਦ ਦੀ ਹੱਥਕੜੀ ਖੋਲ੍ਹੀ ਗਈ ਤਾਂ ਅਦਾਲਤ ਵਿਚ ਮੌਜੂਦ ਉਸ ਦੀ ਮਾਂ ਤੇ ਪਰਿਵਾਰ ਦੇ ਹੋਰ ਲੋਕਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਜੱਜ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਸਟੇਟ ਨੇ ਸਈਦ ਦੇ ਵਕੀਲ ਨਾਲ ਸਬੂਤ ਸਾਂਝੇ ਕਰਨ ਦੇ ਮਾਮਲੇ ਵਿਚ ਕਾਨੂੰਨੀ ਜਿੰਮੇਵਾਰੀ ਨਹੀਂ ਨਿਭਾਈ। ਜੱਜ ਨੇ ਸਈਦ ਨੂੰ ਰਿਹਾਅ ਕਰਨ ਦਾ ਆਦੇਸ਼ ਦਿੰਦਿਆਂ ਕਿਹਾ ਕਿ ਫਿਲਹਾਲ ਉਸ ਉਪਰ ਜੀ ਪੀ ਐਸ ਰਾਹੀਂ ਨਜ਼ਰ ਰੱਖੀ ਜਾਵੇ। ਜੱਜ ਨੇ ਸਟੇਟ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਉਹ 30 ਦਿਨਾਂ ਵਿਚ ਫੈਸਲਾ ਕਰੇ ਕਿ ਕੀ ਸਈਦ ਵਿਰੁੱਧ ਨਵੇਂ ਸਿਰੇ ਤੋਂ ਮੁਕੱਦਮਾ ਚਲਾਉਣਾ ਹੈ ਜਾਂ ਕੇਸ ਰੱਦ ਕਰਨਾ ਹੈ। ਅਦਾਲਤ ਦੇ ਇਸ ਫੈਸਲੇ ਨੂੰ ਇਕ ਐਪ ਨਾਲ ਵੀ ਜੋੜ ਕੇ ਵੇਖਿਆ ਜਾ ਰਿਹਾ ਹੈ ਜਿਸ ਉਪਰ ਹੋਈ ਚਰਚਾ ਦੌਰਾਨ ਮੇਜਬਾਨ ਸਾਰਾਹ ਕੋਨਿੰਗ ਨੇ ਇਹ ਸਿੱਟਾ ਕੱਢਿਆ ਸੀ ਕਿ ਉਹ ਯਕੀਨ ਨਾਲ ਨਹੀਂ ਕਹਿ ਸਕਦੀ ਕਿ ਸਈਦ ਦੀ ਕਿਸੇ ਵੇਲੇ ਦੋਸਤ ਰਹੀ ਕੁੜੀ ਹੇ ਮਿਨ ਲੀ ਦੀ ਹੱਤਿਆ ਕਿਸ ਨੇ ਕੀਤੀ ਹੈ। ਤੱਥਾਂ ਅਧਾਰਤ ਹੋਈ ਇਸ ਬਹਿਸ ਨੇ ਰਾਸ਼ਟਰੀ ਪੱਧਰ 'ਤੇ ਲੋਕਾਂ ਦਾ ਧਿਆਨ ਖਿਚਿਆ ਸੀ। ਸਈਦ ਨੂੰ 1999 ਵਿਚ ਦੋਸ਼ੀ ਕਰਾਰ ਦੇ ਕੇ ਉਮਰ ਕੈਦ ਤੋਂ ਇਲਾਵਾ 30 ਸਾਲ ਹੋਰ ਸਜ਼ਾ ਸੁਣਾਈ ਸੀ। ਉਸ ਸਮੇਂ ਉਸ ਦੀ ਉਮਰ 17 ਸਾਲ ਸੀ ਤੇ ਉਸ ਨੇ ਆਪਣੇ ਆਪ ਨੂੰ ਨਿਰਦੋਸ਼ ਦਸਿਆ ਸੀ। ਇਸ ਤੋਂ ਪਹਿਲਾਂ ਉਸ ਦੀ ਸਜ਼ਾ ਵਿਰੁੱਧ ਕੀਤੀਆਂ ਗਈਆਂ ਕਈ ਅਪੀਲਾਂ ਰੱਦ ਕਰ ਦਿੱਤੀਆਂ ਗਈਆਂ ਸਨ।



# ਚਾਰ ਜੁਲਾਈ ਦੀ ਮੈਰੀਲੈਂਡ ਸਟੇਟ ਦੀ 84ਵੀਂ ਪ੍ਰੇਡ ਦਾ ਨਤੀਜਾ ਐਲਾਨਿਆ

## ਸਿੱਖਸ ਆਫ਼ ਯੂ ਐਸ ਨੂੰ ਤੀਜਾ ਸਥਾਨ ਮਿਲਿਆ









ਮੈਰੀਲੈਂਡ/ਏ.ਟੀ.ਨਿਊਜ਼ :- ਅਮਰੀਕਾ ਦੇ ਅਜ਼ਾਦੀ ਦਿਹਾੜੇ 'ਤੇ ਰਾਸ਼ਟਰੀ, ਸਟੇਟ ਤੇ ਕਾਊਂਟੀ ਪ੍ਰੇਡ ਮਾਰਚ ਕੱਢੇ ਜਾਂਦੇ ਹਨ। ਸਿੱਖਸ ਆਫ ਯੂ ਐਸ ਏ ਸੰਸਥਾ ਦੀ ਸਮੁੱਚੀ ਟੀਮ ਨੇ ਮੈਰੀਲੈਂਡ ਦੀ 84ਵੀਂ ਸਟੇਟ ਪ੍ਰੇਡ ਮਾਰਚ ਵਿੱਚ ਡੰਡੋਕ ਵਿਖੇ ਹਿੱਸਾ ਲਿਆ। ਜਿੱਥੇ ਕੁੱਲ ਇਕ ਸੌ ਚੌਵੀ ਫਲੋਟਾਂ ਦੀ ਸ਼ਮੂਲੀਅਤ ਸੀ। ਜਿਸ ਵਿੱਚ ਵੱਖ ਵੱਖ ਅਮਰੀਕਨ ਸੰਸਥਾਵਾਂ, ਨਾਨ ਪ੍ਰਾਫਿਟ ਸੰਸਥਾਵਾਂ ਤੋਂ ਇਲਾਵਾ ਰਾਜਨੀਤਕ ਨੇਤਾਵਾਂ, ਕਾਲਜਾਂ ਦੀਆਂ ਸੰਸਥਾਵਾਂ ਨੇ ਆਪਣੇ ਆਪਣੇ ਜੌਹਰ ਵਿਖਾਏ। ਰੰਗ ਬਿਰੰਗੀਆਂ ਪੁਸ਼ਾਕਾਂ ਨਾਲ ਸਜੇ ਕੰਨਟੀਜੰਟ ਨੇ ਹਾਜ਼ਰੀਨ ਦੀ ਖ਼ੂਬ ਵਾਹ ਵਾਹ ਖੱਟੀ।

ਸਿੱਖਸ ਆਫ ਯੂ ਐਸ ਏ ਦਾ ਕੰਨਟੀਜੰਟ ਅਮਰੀਕਨ ਫਲੈਗ ਦੀ ਡਰੈਸ ਵਿੱਚ ਲਿਪਟਿਆ, ਚਾਰ ਸਜਾਵਟੀ ਗੱਡੀਆਂ ਨਾਲ ਇਸ ਪ੍ਰੇਡ ਵਿੱਚ ਉਤਰਿਆ ਸੀ। ਪ੍ਰਬੰਧਕਾਂ ਵੱਲੋਂ ਨਤੀਜਾ




ਐਲਾਨਿਆ ਗਿਆ, ਜਿਸ ਵਿੱਚ ਸਿੱਖਸ ਆਫ ਯੂ ਐਸ ਏ ਨੂੰ ਤੀਜਾ ਸਥਾਨ ਪ੍ਰਾਪਤ ਹੋਇਆ ਹੈ।

ਇਕ ਸਰਟੀਫਿਕੇਟ, ਸੋਵੀਨਰ ਤੇ ਸ਼ਾਬਸ਼ ਸਾਈਟੇਸ਼ਨ ਭੇਟ ਕੀਤਾ ਗਿਆ ਹੈ ਜੋ ਪ੍ਰਵਿੰਦਰ ਸਿੰਘ ਹੈਪੀ ਚੇਅਰਮੈਨ, ਦਲਜੀਤ ਸਿੰਘ ਬੱਬੀ ਤੇ ਡਾਕਟਰ ਸੁਰਿੰਦਰ ਸਿੰਘ ਗਿੱਲ ਸਕੱਤਰ ਜਨਰਲ ਨੇ ਸਿੱਖਸ ਆਫ ਯੂ ਐਸ ਏ ਸੰਸਥਾ ਵੱਲੋਂ ਪ੍ਰਾਪਤ ਕੀਤਾ ਗਿਆ।

ਜਿੱਥੇ ਸਟੇਟ ਵੱਲੋਂ ਵੱਲੋਂ ਵਧਾਈ ਪੱਤਰ ਤੇ ਪ੍ਰਬੰਧਕਾਂ ਵੱਲੋਂ ਵਧਾਈਆਂ ਦਿੱਤੀਆਂ ਗਈਆਂ ਉੱਥੇ ਅਗਲੇ ਸਾਲ 2023 ਦੀ ਪ੍ਰੇਡ ਵਿੱਚ ਸਿੱਖਸ ਆਫ ਯੂ ਐਸ ਏ ਆਪਣੇ ਕੰਨਟੀਜੈਟ ਨੂੰ ਤੀਸਰੇ ਦਰਜੇ ਵਿੱਚ ਮਾਰਚ ਵਿੱਚ ਹਿੱਸਾ ਲੈਣ ਲਈ ਭੇਜੇਗਾ।

ਸਿੱਖ ਕਮਿਊਨਿਟੀ ਵਿੱਚ ਕਾਫੀ ਖ਼ੁਸ਼ੀ ਹੈ ਕਿ ਪਹਿਲੇ ਸਾਲ ਹਿੱਸਾ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ। ਜਿਸ ਦਾ ਸਿਹਰਾ ਸਮੁੱਚੀ ਟੀਮ ਸਿੱਖਸ ਆਫ ਯੂ ਐਸ ਦੇ ਨੂੰ ਜਾਂਦਾ ਹੈ। ਜਿਨ੍ਹਾਂ ਨੇ ਅਨੁਸ਼ਾਸਨ ਵਿੱਚ ਰਹਿ ਕੇ ਇਸ ਸਟੇਟ ਪ੍ਰੇਡ ਵਿੱਚ ਸਿੱਖੀ ਪਹਿਚਾਣ ਨੂੰ ਉਭਾਰਿਆ। ਜਿਸ ਸਦਕਾ ਸਿੱਖਸ ਆਫ ਯੂ ਐਸ ਏ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਸਿੱਖ ਕਮਿਊਨਿਟੀ ਦਾ ਨਾਮ ਅਮਰੀਕਨਾਂ ਤੇ ਦੂਜੀਆਂ ਕਮਿਊਨਿਟੀਆਂ ਵਿੱਚ ਰੋਸ਼ਨ ਕੀਤਾ ਹੈ।

## ਗਿ. ਬਲਦੇਵ ਸਿੰਘ ਬਣੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਕਾਰਜਕਾਰੀ ਜਥੇਦਾਰ

### ਗਿਆਨੀ ਰਣਜੀਤ ਸਿੰਘ ਗੌਹਰ ਨੇ ਭਰੀ ਇੱਕ ਮਹੀਨੇ ਦੀ ਛੁੱਟੀ



ਅੰਮ੍ਰਿਤਸਰ/ਏ.ਟੀ.ਨਿਊਜ਼ :- ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਦਾ ਵਿਵਾਦ ਦਿਨ-ਬ-ਦਿਨ ਵੱਧਦਾ ਜਾ ਰਿਹਾ ਹੈ। ਡਾ. ਗੁਰਵਿੰਦਰ ਸਿੰਘ ਸਮਰਾ ਤੇ ਗਿਆਨੀ ਰਣਜੀਤ ਸਿੰਘ ਗੌਹਰ ਦੇ ਵਿਵਾਦ ਦੇ ਚੱਲਦਿਆਂ ਗਿਆਨੀ ਗੌਹਰ ਨੂੰ ਪਟਨਾ ਸਾਹਿਬ ਦੇ ਪੰਜਾਂ ਪਿਆਰਿਆਂ ਵੱਲੋਂ ਤਨਖਾਹੀਆ ਕਰਾਰ ਦੇਣ ਤੋਂ ਬਾਅਦ ਪ੍ਰਬੰਧਕ ਕਮੇਟੀ ਬੋਰਡ ਦੀ ਇਕੱਤਰਤਾ ਕਾਰਜਕਾਰੀ ਪ੍ਰਧਾਨ ਜਗਜੀਤ ਸਿੰਘ ਸੋਹੀ ਦੀ ਅਗਵਾਈ ਵਿਚ ਮੀਟਿੰਗ ਹੋਈ। ਇਸ ਮੀਟਿੰਗ ਵਿਚ ਗਿਆਨੀ ਬਲਦੇਵ ਸਿੰਘ ਨੂੰ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਗਿਆ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬੋਰਡ ਦੀ ਇਸ ਵਿਸ਼ੇਸ਼ ਮੀਟਿੰਗ ਵਿਚ ਕਾਰਜਕਾਰੀ ਪ੍ਰਧਾਨ ਜਗਜੀਤ ਸਿੰਘ ਸੋਹੀ, ਮੀਤ ਪ੍ਰਧਾਨ ਲਖਵਿੰਦਰ ਸਿੰਘ, ਜਰਨਲ ਸਕੱਤਰ ਇੰਦਰਜੀਤ ਸਿੰਘ, ਸਕੱਤਰ ਹਰਬੰਸ ਸਿੰਘ ਸਮੇਤ ਮੈਂਬਰ ਸ਼ਾਮਲ ਹੋਏ। ਡਾ. ਗੁਰਵਿੰਦਰ ਸਿੰਘ ਸਮਰਾ ਤੇ ਗਿਆਨੀ ਰਣਜੀਤ ਸਿੰਘ ਵਿਵਾਦ ਤੋਂ ਬਾਅਦ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਅਹੁਦੇ ਤੋਂ ਹਟਾਉਂਦਿਆਂ ਤਖ਼ਤ ਸਾਹਿਬ ਬੋਰਡ ਨੇ ਗਿਆਨੀ ਬਲਦੇਵ ਸਿੰਘ ਨੂੰ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਹੈ।

ਕਮੇਟੀ ਵੱਲੋਂ ਪੱਤਰ ਜਾਰੀ ਕਰਦਿਆਂ ਗਿਆਨੀ ਬਲਦੇਵ ਸਿੰਘ ਵਧੀਕ ਹੈੱਡ ਗ੍ਰੰਥੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀਆਂ ਪਿਛਲੇ 38 ਸਾਲਾਂ ਤੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੇ ਮੱਦੇਨਜ਼ਰ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਹੈ। ਪ੍ਰਬੰਧਕ ਕਮੇਟੀ ਨੇ ਗਿਆਨੀ ਬਲਦੇਵ ਸਿੰਘ ਪਾਸੋਂ ਇਹ ਵੀ ਉਮੀਦ ਜਤਾਈ ਅਤੇ ਤਖ਼ਤ ਸਾਹਿਬ ਦੀ ਮਰਿਆਦਾ ਅਨੁਸਾਰਾ ਸੇਵਾਵਾਂ ਨਿਭਾਉਣਗੇ। ਉਧਰ ਗਿਆਨੀ ਰਣਜੀਤ ਸਿੰਘ ਗੌਹਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਕ ਮਹੀਨੇ ਦੀ ਛੁੱਟੀ ਪ੍ਰਬੰਧਕ ਕਮੇਟੀ ਪਾਸ ਲੈਣ ਲਈ ਪੱਤਰ ਜਰਨਲ ਸਕੱਤਰ ਨੂੰ ਲਿਖ ਦਿੱਤਾ ਜੋ ਦਫ਼ਤਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ।

## ਯੂਨੀਵਰਸਿਟੀ ਕਾਲਜ ਮੀਰਾਂਪੁਰ ਵਿਖੇ ਪੋਸ਼ਣ ਮਾਹ ਨੂੰ ਸਮਰਪਿਤ ਭਾਸ਼ਣ ਮੁਕਾਬਲੇ ਕਰਵਾਏ

ਦੇਵੀਗੜ੍ਹ/ਏ.ਟੀ.ਨਿਊਜ਼ :- ਯੂਨੀਵਰਸਿਟੀ ਕਾਲਜ ਮੀਰਾਂਪੁਰ ਵਿਖੇ ਨਹਿਰੂ ਯੁਵਾ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਕਾਲਜ ਇੰਚਾਰਜ ਡਾ. ਸੁਰਜੀਤ ਸਿੰਘ ਪੁਆਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਧਰਮ ਅਧਿਐਨ ਮੰਚ ਦੇ ਕਨਵੀਨਰ ਡਾ. ਤੇਜਿੰਦਰ ਪਾਲ ਸਿੰਘ ਦੀ ਅਗਵਾਈ ਹੇਠ ਪੋਸ਼ਣ ਮਾਹ ਨੂੰ ਸਮਰਪਿਤ ਭਾਸ਼ਣ ਤੇ ਪੋਸਟਰ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਕਾਲਜ ਇੰਚਾਰਜ ਡਾ. ਸੁਰਜੀਤ ਸਿੰਘ ਪੁਆਰ ਨੇ ਨਹਿਰੂ ਯੁਵਾ ਕੇਂਦਰ ਪਟਿਆਲਾ ਤੋਂ ਆਏ ਜ਼ਿਲ੍ਹਾ ਯੂਥ ਅਫਸਰ ਸ੍ਰੀ ਰਮਨਾ ਕੁਮਾਰੀ, ਮੈਡਮ ਅਮਰਜੀਤ ਕੌਰ ਤੇ ਸ. ਹਰਿੰਦਰ ਸਿੰਘ ਤੇ ਹੋਰ ਮਹਿਮਾਨਾਂ, ਸਟਾਫ ਤੇ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ। ਡਾ. ਸੁਰਜੀਤ ਸਿੰਘ ਨੇ ਕਿਹਾ ਕਿ ਬੱਚੇ ਦੀ ਸ਼ਖ਼ਸੀਅਤ ਅਜਿਹੇ ਮੁਕਾਬਲਿਆਂ ਨਾਲ ਨਿਖਰ ਕੇ ਸਾਹਮਣੇ ਆਉਂਦੀ ਹੈ। ਮੁਕਾਬਲਿਆਂ ਦਾ ਅਰਥ ਜਿੱਤ ਹਾਰ ਨਹੀਂ ਹੁੰਦਾ, ਬਲਕਿ ਮੁਕਾਬਲੇ ਵਿਦਿਆਰਥੀਆਂ ਅੰਦਰ ਆਤਮ ਵਿਸ਼ਵਾਸ ਭਰਦੇ ਹਨ। ਇਸ ਮੌਕੇ ਧਰਮ ਅਧਿਐਨ ਮੰਚ ਦੇ ਕਨਵੀਨਰ ਅਸਿਸਟੈਂਟ ਪ੍ਰੋਫੈਸਰ ਡਾ. ਤੇਜਿੰਦਰ ਪਾਲ ਸਿੰਘ ਨੇ ਦੱਸਿਆ ਕਿ ਨਹਿਰੂ ਯੁਵਾ ਕੇਂਦਰ ਪਟਿਆਲਾ ਵਲੋਂ ਬਹੁਤ ਸ਼ਲਾਘਾਯੋਗ ਉਪਰਾਲੇ ਕੀਤੇ ਜਾਂਦੇ ਹਨ। ਕੇਂਦਰ ਦੇ ਸਹਿਯੋਗ ਨਾਲ ਜਿਹੜੇ ਪੋਸ਼ਣ ਮਾਹ ਵਿਸ਼ੇ ਉਤੇ ਭਾਸ਼ਣ ਮੁਕਾਬਲੇ ਕਰਵਾਏ ਗਏ ਉਨ੍ਹਾਂ ਨਾਲ ਵਿਦਿਆਰਥੀਆਂ ਵਿਚ ਪੋਸ਼ਣ ਪ੍ਰਤੀ ਜਾਗ੍ਰਿਤੀ ਆਈ। ਉਨ੍ਹਾਂ ਦੱਸਿਆ ਕਿ ਇਸ ਮੁਕਾਬਲੇ ਵਿਚ ਲਗਭਗ 5 ਵਿਦਿਆਰਥੀਆਂ ਨੇ ਭਾਸ਼ਣ ਕਲਾ ਤੇ 8 ਵਿਦਿਆਰਥੀਆਂ ਨੇ ਪੋਸਟਰ ਬਣਾਉਣ ਦੇ ਮੁਕਾਬਲੇ ਵਿਚ ਹਿੱਸਾ ਲਿਆ। ਪੋਸਟਰ ਬਣਾਉਣ ਮੁਕਾਬਲੇ ਵਿਚ ਬੀ ਏ ਭਾਗ ਦੂਜਾ ਦੇ ਸਾਹਿਲ ਕੁਮਾਰ ਨੇ ਪਹਿਲਾ, ਬੀ.ਏ ਭਾਗ ਪਹਿਲਾ ਦੀ ਰਿਤੂ ਰਾਣੀ ਨੇ ਦੂਜਾ ਤੇ ਬੀ.ਏ ਭਾਗ ਪਹਿਲਾ ਦੀ ਸੁਨੈਨਾ ਨੇ ਤੀਜਾ ਸਥਾਨ




ਡਾ ਸੁਰਜੀਤ ਸਿੰਘ ਪੁਆਰ ਤੇ ਡਾ ਤੇਜਿੰਦਰ ਪਾਲ ਸਿੰਘ ਜੇਤੂ ਵਿਦਿਆਰਥੀਆਂ ਨਾਲ।

ਪ੍ਰਾਪਤ ਕੀਤਾ। ਇਸੇ ਤਰ੍ਹਾਂ ਭਾਸ਼ਣ ਮੁਕਾਬਲੇ ਵਿਚ ਬੀ.ਏ ਭਾਗ ਪਹਿਲਾ ਦੀ ਸੁਖਪ੍ਰੀਤ ਕੌਰ ਨੇ ਪਹਿਲਾ, ਬੀ.ਏ ਭਾਗ ਤੀਜਾ ਦੀ ਗੁਰਪ੍ਰੀਤ ਸ਼ਰਮਾ ਨੇ ਦੂਜਾ ਅਤੇ ਬੀ.ਏ ਭਾਗ ਤੀਜਾ ਦੀ ਮਨਜੋਤ ਕੌਰ ਨੇ ਤੀਜਾ ਇਨਾਮ ਹਾਸਿਲ ਕੀਤਾ।

ਸਾਰੇ ਜੇਤੂ ਵਿਦਿਆਰਥੀਆਂ ਨੂੰ ਨਹਿਰੂ ਯੁਵਾ ਕੇਂਦਰ ਪਟਿਆਲਾ ਵਲੋਂ ਇਨਾਮ ਦਿੱਤੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਮਨੀ ਇੰਦਰਪਾਲ ਸਿੰਘ, ਡਾ. ਰਾਜਿੰਦਰ ਸਿੰਘ ਸੋਹਲ ਆਦਿ ਹਾਜ਼ਰ ਸਨ।

## ਉਤਰ ਪ੍ਰਦੇਸ਼ 'ਚ ਖਿਡਾਰੀਆਂ ਨੂੰ ਪਖਾਨੇ ਵਿੱਚ ਖਾਣਾ ਦਿੱਤਾ, ਜ਼ਿਲ੍ਹਾ ਖੇਡ ਅਫਸਰ ਸਸਪੈਂਡ

ਸਹਾਰਨਪੁਰ/ਏ.ਟੀ.ਨਿਊਜ਼ :- ਯੂ.ਪੀ. ਸਰਕਾਰ ਨੇ ਸਹਾਰਨਪੁਰ ਵਿਚ ਕਬੱਡੀ ਖਿਡਾਰੀਆਂ ਨੂੰ ਪਖਾਨੇ ਵਿਚ ਖਾਣਾ ਪਰੋਸਣ ਦੇ ਦੋਸ਼ ਹੇਠ ਜ਼ਿਲ੍ਹਾ ਖੇਡ ਅਧਿਕਾਰੀ ਅਨਿਮੇਸ਼ ਸਕਸੈਨਾ ਨੂੰ ਮੁਅੱਤਲ ਕਰ ਦਿੱਤਾ ਹੈ।

ਵਧੀਕ ਮੁੱਖ ਸਕੱਤਰ ਖੇਡਾਂ ਨਵਨੀਤ ਸਹਿਗਲ ਨੇ ਦੱਸਿਆ ਕਿ ਅਨਿਮੇਸ਼ ਦੀ ਮੁਅੱਤਲੀ ਦੇ ਹੁਕਮ ਤੁਰੰਤ ਲਾਗੂ ਹੋ ਗਏ ਹਨ। ਇਸ ਤੋਂ ਬਾਅਦ ਵਿਰੋਧੀ ਧਿਰਾਂ ਨੇ ਯੂ.ਪੀ. ਦੀ ਭਾਜਪਾ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਈ ਟਵੀਟ ਵੀ ਕੀਤੇ ਹਨ। ਦੂਜੇ ਪਾਸੇ ਸੂਬਾ ਸਰਕਾਰ ਨੇ ਏਡੀਐਮ ਵਿੱਤ ਅਤੇ ਮਾਲ ਰਜਨੀਸ਼ ਕੁਮਾਰ ਮਿਸ਼ਰਾ ਨੂੰ ਘਟਨਾ ਦੀ ਜਾਂਚ ਦੇ ਹੁਕਮ ਦਿੱਤੇ ਸਨ। ਇਸ ਤੋਂ ਇਲਾਵਾ ਖਿਡਾਰੀਆਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਅਧ ਪਕਾਇਆ ਖਾਣਾ ਪਰੋਸਿਆ ਜਾ ਰਿਹਾ ਸੀ। ਦੂਜੇ ਪਾਸੇ ਪ੍ਰਬੰਧਕਾਂ ਨੇ ਕਿਹਾ ਕਿ ਥਾਂ ਦੀ ਘਾਟ ਕਾਰਨ ਖਾਣਾ ਪਖਾਨਿਆਂ ਵਿੱਚ ਰੱਖਿਆ ਗਿਆ ਸੀ।

# ਮਹਾਰਾਣੀ ਐਲਿਜ਼ਾਬੈਥ-2 ਦੇ 591 ਮਿਲੀਅਨ ਡਾਲਰ ਦੇ ਗਹਿਣੇ ਨੂੰ ਲੈ ਕੇ ਸਦੀਆਂ ਪੁਰਾਣੀ ਲੜਾਈ ਆਨਲਾਈਨ ਸ਼ੁਰੂ

ਵਿਸ਼ੇਸ਼ ਰਿਪੋਰਟ



ਸਰਬਜੀਤ ਕੌਰ ਸਰਬ



ਜਿਵੇਂ ਕਿ ਦੁਨੀਆ ਭਰ ਦੇ ਅਰਬਾਂ ਲੋਕ ਮਹਾਰਾਣੀ ਐਲਿਜ਼ਾਬੈਥ-2 ਦੇ ਅੰਤਿਮ ਸੰਸਕਾਰ ਨੂੰ ਦੇਖਣ ਲਈ ਜੁੜੇ ਹੋਏ ਸਨ, ਉਸ ਸ਼ਾਹੀ ਤਾਜ ਵਿੱਚ $ 591 ਮਿਲੀਅਨ ਦੇ ਗਹਿਣੇ ਨੂੰ ਲੈ ਕੇ ਇੱਕ ਸਦੀਆਂ ਪੁਰਾਣੀ ਲੜਾਈ ਆਨਲਾਈਨ ਸ਼ੁਰੂ ਹੋ ਗਈ ਸੀ।

ਕਿੰਗ ਚਾਰਲਸ III ਦੀ ਦਾਦੀ ਲਈ ਬਣਾਏ ਗਏ ਸ਼ਾਹੀ ਤਾਜ ਵਿੱਚ $591 ਮਿਲੀਅਨ ਦੇ ਗਹਿਣੇ ਨੂੰ ਭਾਰਤ ਵਿੱਚ 'ਵਾਪਸੀ' ਕਰਨ ਲਈ ਕਾਲਾਂ ਤੇਜ਼ ਹੋ ਗਈਆਂ ਹਨ।

ਮਹਾਰਾਣੀ ਐਲਿਜ਼ਾਬੈਥ-2 ਦੀ ਮੌਤ ਨੇ ਕੋਹਿਨੂਰ - ਦੁਨੀਆ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਮਹਿੰਗੇ ਕੱਟੇ ਹੋਏ ਹੀਰਿਆਂ ਵਿੱਚੋਂ ਇੱਕ ਹੈ। ਇਸਦੇ ਸਹੀ ਮਾਲਕ ਨੂੰ ਵਾਪਸ ਕਰਕੇ ਬ੍ਰਿਟਿਸ਼ ਬਸਤੀਵਾਦ ਦੇ ਰਾਹ ਨੂੰ ਠੀਕ ਕਰਨ ਲਈ ਇੱਕ ਸਦੀਆਂ ਪੁਰਾਣੀ ਮੁਹਿੰਮ ਨੂੰ ਮੁੜ ਸੁਰਜੀਤ ਕੀਤਾ।

ਹਾਲਾਂਕਿ ਇਸਦਾ ਸਹੀ ਮੂਲ ਅਸਪੱਸ਼ਟ ਹੈ, ਕਿਹਾ ਜਾਂਦਾ ਹੈ ਕਿ ਬ੍ਰਿਟਿਸ਼ ਨੇ 1840 ਦੇ ਦਹਾਕੇ ਦੇ ਅਖੀਰ ਵਿੱਚ 10 ਸਾਲਾ ਰਾਜਾ ਮਹਾਰਾਜਾ ਦਲੀਪ ਸਿੰਘ ਨੂੰ ਬਰਤਾਨੀਆ ਦੀ ਈਸਟ ਇੰਡੀਆ ਕੰਪਨੀ ਨੂੰ ਪੰਜਾਬ ਨੂੰ ਸਮਰਪਣ ਕਰਨ ਲਈ ਮਨਾਉਣ ਤੋਂ ਬਾਅਦ, 1850 ਦੇ ਆਸ-ਪਾਸ ਹੀਰਾ ਮਹਾਰਾਣੀ ਵਿਕਟੋਰੀਆ ਤੱਕ ਪਹੁੰਚਾਉਣ ਤੋਂ ਬਾਅਦ ਪ੍ਰਾਪਤ ਕੀਤਾ ਸੀ।

ਇਹ ਪੂਰੇ ਇਤਿਹਾਸ ਵਿੱਚ ਭਾਰਤ ਅਤੇ ਇੰਗਲੈਂਡ ਵਿਚਕਾਰ ਵਿਵਾਦ ਦਾ ਵਿਸ਼ਾ ਰਿਹਾ ਹੈ, ਪਰ ਮਹਾਰਾਣੀ ਦੀ ਮੌਤ ਦੇ ਨਾਲ ਗਹਿਣੇ ਨੂੰ ਵਾਪਸ ਕਰਨ ਲਈ ਕਾਲਾਂ ਵਿੱਚ ਤੁਰੰਤ ਵਾਧਾ ਹੋਇਆ ਹੈ। ਹਜ਼ਾਰਾਂ ਲੋਕ ਹੀਰੇ ਨੂੰ ਵਾਪਸ ਕਰਨ ਲਈ ਟਵਿੱਟਰ 'ਤੇ ਭੀਖ ਦੀ ਤਰ੍ਹਾਂ ਮੰਗ ਕਰ ਰਹੇ ਹਨ।

ਜਿਨ੍ਹਾਂ ਵਿਚ ਇੱਕ ਨੇ ਲਿਖਿਆ, 'ਕੋਹਿਨੂਰ ਹੀਰਾ' ਵਾਪਸ ਦੇਣ ਦਾ ਸਮਾਂ ਆ ਗਿਆ ਹੈ।

'ਭਾਰਤੀਆਂ ਦੀ ਤਰਫੋਂ, ਅਸੀਂ ਆਪਣਾ ਕੋਹਿਨੂਰ ਵਾਪਸ ਚਾਹੁੰਦੇ ਹਾਂ।' ਤਾਜ ਨੂੰ ਆਖਰੀ ਵਾਰ 2002 ਵਿੱਚ ਉਸਦੇ ਅੰਤਿਮ ਸੰਸਕਾਰ ਵਿੱਚ ਰਾਣੀ ਮਾਂ ਦੇ ਤਾਬੂਤ 'ਤੇ ਦਿਖਾਇਆ ਗਿਆ ਸੀ।

ਇੰਪੀਰੀਅਲ ਸਟੇਟ ਕ੍ਰਾਊਨ ਨਾਮਕ ਇੱਕ ਵੱਖਰਾ ਤਾਜ, ਇਸਦੇ ਕੇਂਦਰ ਵਿੱਚ ਕੁਲੀਨਨ-99 ਹੀਰੇ ਦੇ ਨਾਲ 2,868 ਹੀਰੇ ਰੱਖਦਾ ਹੈ। ਉਹ ਜਾਮਨੀ ਟੁਕੜਾ ਸੋਮਵਾਰ ਨੂੰ ਮਰਹੂਮ ਮਹਾਰਾਣੀ ਐਲਿਜ਼ਾਬੈਥ-99 ਦੇ ਤਾਬੂਤ ਦੇ ਉੱਪਰ ਪ੍ਰਦਰਸ਼ਿਤ ਕੀਤਾ ਗਿਆ ਸੀ ਕਿਉਂਕਿ ਅਰਬਾਂ ਲੋਕ ਮਰਹੂਮ ਬਾਦਸ਼ਾਹ ਨੂੰ ਵਿਦਾਈ ਦੇਣ ਲਈ ਇਕੱਠੇ ਹੋਏ ਸਨ।

ਹਾਲਾਂਕਿ ਹੀਰੇ ਨੇ ਆਪਣੇ ਲੰਬੇ ਇਤਿਹਾਸ ਦੇ ਦੌਰਾਨ ਇੱਕ ਤੋਂ ਵੱਧ ਵਾਰ ਹੱਥ ਬਦਲੇ ਹਨ, ਜਿਸ ਨਾਲ ਬਹਿਸ ਸ਼ੁਰੂ ਹੋ ਗਈ ਹੈ ਕਿ ਕੀ ਭਾਰਤ ਵੀ ਸਹੀ ਮਾਲਕ ਹੈ।

'ਹਜ਼ਾਰਾਂ' ਸਾਲ ਪਹਿਲਾਂ ਖੋਜੇ ਗਏ, ਇਸ ਰਤਨ ਨੇ ਮੁਗਲਾਂ, ਅਫਗਾਨਾਂ ਅਤੇ ਫਾਰਸੀਆਂ ਦੇ ਕਬਜ਼ੇ ਵਿੱਚ ਸਮਾਂ ਬਿਤਾਇਆ ਹੈ, ਇਸ ਤੋਂ ਪਹਿਲਾਂ ਕਿ ਇਹ ਨੌਜਵਾਨ ਪੰਜਾਬ ਮਹਾਰਾਜਾ, ਅਤੇ ਬਾਅਦ ਵਿੱਚ ਬ੍ਰਿਟਿਸ਼ ਕੋਲ ਸਮਿਥਸੋਨੀਅਨ ਮੈਗਜ਼ੀਨ ਦੇ ਅਨੁਸਾਰ, 'ਇਹ ਤੱਥ ਕਿ ਭਾਰਤ ਕੋਲ ਇਹ ਕਹਿਣ ਦੀ ਹਿੰਮਤ ਹੈ ਕਿ ਕੋਹਿਨੂਰ ਉਨ੍ਹਾਂ ਦਾ ਹੈ।' ਮੈਨੂੰ ਪੂਰਾ ਯਕੀਨ ਹੈ ਕਿ ਇਹ ਅਸਲ ਵਿੱਚ ਲਾਹੌਰ ਵਿੱਚ ਪਾਇਆ ਗਿਆ ਸੀ ਇਸ ਲਈ ਇਹ ਪਾਕਿਸਤਾਨ ਦਾ ਹੈ।

**ਕੋਹਿਨੂਰ ਹੀਰਾ**

ਕੋਹਿਨੂਰ ਦੁਨੀਆ ਦਾ ਸਭ ਤੋਂ ਮਹਿੰਗਾ ਹੀਰਾ ਹੈ। ਇਕ ਦਲੀਲ ਅਨੁਸਾਰ, ਇਹ ਅੰਗਰੇਜ਼ਾਂ ਦੀ ਲੁੱਟ ਦੀ ਇੱਕ ਵਸਤੂ ਹੈ ਜੋ ਦਲੀਪ ਸਿੰਘ ਨੂੰ ਜੰਗ ਵਿੱਚ ਹਰਾਉਣ ਤੋਂ ਬਾਅਦ ਇੱਕ ਸੰਧੀ ਵਿੱਚ ਜ਼ਬਰਦਸਤੀ ਖੋਹ ਲਈ ਗਈ ਸੀ। ਇਕ ਹੋਰ ਨੇ ਦਾਅਵਾ ਕੀਤਾ ਕਿ ਇਹ ਬੰਗਲਾਦੇਸ਼ ਨਾਲ ਸਬੰਧਤ ਹੈ।

ਉਨ੍ਹਾਂ ਨੇ ਕਿਹਾ 'ਕੋਹਿਨੂਰ ਭਾਰਤ ਤੋਂ ਨਹੀਂ ਆਜ਼ਾਦ ਹਿੰਦੁਸਤਾਨ ਤੋਂ ਲਿਆ ਗਿਆ ਸੀ, ਬੰਗਾਲ ਮੁਗਲ ਸਾਮਰਾਜ ਦਾ ਆਖਰੀ ਹੋਣ ਕਰਕੇ ਕੋਹਿਨੂਰ ਭਾਰਤ ਨੂੰ ਨਹੀਂ ਬੰਗਲਾਦੇਸ਼ ਨੂੰ ਵਾਪਸ ਕੀਤਾ ਜਾਣਾ ਚਾਹੀਦਾ ਹੈ , ਬੰਗਲਾਦੇਸ਼ ਦੀ ਤਰਫੋਂ, ਮੈਂ ਇਸਨੂੰ ਵਾਪਸ ਮੰਗਦਾ ਹਾਂ ਕਿਉਂਕਿ ਸਾਨੂੰ ਇੱਕ ਹੋਰ ਪਦਮਾ ਪੁਲ ਦੀ ਜ਼ਰੂਰਤ ਹੈ।'

**ਕੋਈ ਨਵੀਂ ਬਹਿਸ ਨਹੀਂ**

ਨਵੀਂ ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਇਤਿਹਾਸਕਾਰ ਜੋਤੀ ਅਟਵਾਲ ਨੇ ਕਿਹਾ ਕਿ ਏਬੀਸੀ ਕਿੰਗ ਚਾਰਲਸ ਤੀਜੇ ਨੂੰ ਹੁਣ ਅਤੀਤ ਦਾ ਸਾਹਮਣਾ ਕਰਨਾ ਪਵੇਗਾ ਅਤੇ ਇਤਿਹਾਸਕ ਘਟਨਾਵਾਂ ਵਿੱਚ ਬਰਤਾਨੀਆ ਦੀ ਭੂਮਿਕਾ ਲਈ ਮੁਆਫੀ ਮੰਗਣੀ ਪਵੇਗੀ।

ਪ੍ਰੋਫੈਸਰ ਅਟਵਾਲ ਨੇ ਕਿਹਾ, 'ਕਿੰਗ ਚਾਰਲਸ ਨੂੰ ਬਸਤੀਵਾਦ-ਵਿਰੋਧੀ' ਦੇ ਇਸ ਨਵੇਂ ਪੜਾਅ ਨੂੰ ਦੇਖਣਾ ਹੋਵੇਗਾ ਕਿਉਂਕਿ ਬਸਤੀਵਾਦ-ਵਿਰੋਧੀ ਨੇ ਹੁਣ ਆਪਣਾ ਚਿਹਰਾ ਬਦਲ ਲਿਆ ਹੈ।

ਹਾਲਾਂਕਿ ਹੀਰੇ ਦੀ ਵਾਪਸੀ ਦੀ ਮੁਹਿੰਮ ਕੋਈ ਨਵੀਂ ਨਹੀਂ ਹੈ। 2000 ਵਿੱਚ, ਭਾਰਤੀ ਸਿਆਸਤਦਾਨਾਂ ਨੇ ਕੋਹਿਨੂਰ ਨੂੰ ਵਾਪਸ ਕਰਨ ਲਈ ਯੂ.ਕੇ. ਨੂੰ ਇੱਕ ਪੱਤਰ ਲਿਖਿਆ ਸੀ।

ਭਾਰਤੀ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਲਿਖਿਆ, 'ਬ੍ਰਿਟੇਨ ਸਾਡਾ ਦੇਣਦਾਰ ਹੈ।' ਪਰ, ਬ੍ਰਿਟਿਸ਼ ਆਪਣੇ ਅਸਲ ਮਾਲਕਾਂ ਨੂੰ ਆਪਣੀ ਬੇਰਹਿਮੀ ਦੇ ਸਬੂਤ ਵਾਪਸ ਕਰਨ ਦੀ ਬਜਾਏ, ਲੰਡਨ ਦੇ ਟਾਵਰ ਵਿੱਚ ਮਹਾਰਾਣੀ ਮਾਂ ਦੇ ਤਾਜ ਉੱਤੇ ਕੋਹਿਨੂਰ ਦੀ ਭੜਾਸ ਕੱਢ ਰਹੇ ਹਨ। ਇਹ ਬਸਤੀਵਾਦ ਅਸਲ ਵਿੱਚ ਕੀ ਸੀ - ਬੇਸ਼ਰਮ ਅਧੀਨਗੀ, ਜ਼ਬਰਦਸਤੀ, ਅਤੇ ਦੁਰਵਿਵਹਾਰ।'

2013 ਵਿੱਚ, ਉਸ ਸਮੇਂ ਦੇ ਬ੍ਰਿਟਿਸ਼ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਨੇ ਭਾਰਤ ਦੀ ਫੇਰੀ ਦੌਰਾਨ ਹੀਰਾ ਵਾਪਸ ਦੇਣ ਤੋਂ ਇਨਕਾਰ ਕਰਦੇ ਹੋਏ ਕਿਹਾ, 'ਮੈਂ ਨਿਸ਼ਚਿਤ ਤੌਰ 'ਤੇ 'ਵਾਪਸੀਵਾਦ' ਵਿੱਚ ਵਿਸ਼ਵਾਸ ਨਹੀਂ ਕਰਦਾ।'

ਬ੍ਰਿਟਿਸ਼ ਮਿਊਜ਼ੀਅਮ ਅਤੇ ਹੋਰ ਸੱਭਿਆਚਾਰਕ ਸੰਸਥਾਵਾਂ ਲਈ ਸਹੀ ਜਵਾਬ ਹੈ ਕਿ ਉਹ ਕੀ ਕਰਦੇ ਹਨ, ਜੋ ਕਿ ਇਹ ਯਕੀਨੀ ਬਣਾਉਣ ਲਈ ਦੁਨੀਆ ਭਰ ਦੀਆਂ ਹੋਰ ਸੰਸਥਾਵਾਂ ਨਾਲ ਲਿੰਕ ਕਰਨਾ ਹੈ ਕਿ ਸਾਡੇ ਕੋਲ ਜੋ ਚੀਜ਼ਾਂ ਹਨ ਅਤੇ ਉਨ੍ਹਾਂ ਦੀ ਚੰਗੀ ਤਰ੍ਹਾਂ ਦੇਖਭਾਲ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਆਲੇ ਦੁਆਲੇ ਦੇ ਲੋਕਾਂ ਨਾਲ ਸਹੀ ਢੰਗ ਨਾਲ ਸਾਂਝਾ ਕੀਤਾ ਜਾਂਦਾ ਹੈ। ਉਸ ਨੇ ਕਿਹਾ, ਕੋਹਿਨੂਰ ਹੀਰੇ ਵਾਲਾ ਤਾਜ ਅਗਲੀ ਵਾਰ ਮਹਾਰਾਣੀ ਕੰਸੋਰਟ ਕੈਮਿਲਾ ਦੁਆਰਾ ਖਾਸ ਮੌਕਿਆਂ 'ਤੇ ਪਹਿਨਣ ਲਈ ਹੈ ਜਿਵੇਂ ਕਿ ਰਾਜਾ ਚਾਰਲਸ-999 ਦੀ ਤਾਜਪੋਸ਼ੀ, ਫਿਰ ਕੇਟ ਮਿਡਲਟਨ ਜੇ ਜਾਂ ਜਦੋਂ ਉਹ ਰਾਣੀ ਬਣ ਜਾਂਦੀ ਹੈ। ਇਸ ਆਨਲਾਈਨ ਬਹਿਸ ਵਿਚ ਕਿਸੇ ਨੂੰ ਕੁਝ ਨਹੀਂ ਮਿਲਣਾ, ਕਿਉਂਕਿ ਹੁਣ ਤੱਕ ਬ੍ਰਿਟਿਸ਼ ਸਰਕਾਰ ਕੋਲ ਪੁੱਜੀ ਵਸਤੂ ਵਾਪਸ ਨਹੀਂ ਹੋਈ।

# ਚਮਤਕਾਰਾਂ ਦਾ ਦਾਅਵਾ ਕਰਨ ਵਾਲੇ ਡੇਰਾਵਾਦੀ ਚਰਚ ਪੰਜਾਬੀਆਂ ਦੀ ਕਰ ਰਹੇ ਨੇ ਲੁੱਟ ਤੇ ਧਰਮ ਬਦਲੀ : ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ

ਜਲੰਧਰ/ਏ.ਟੀ.ਨਿਊਜ਼ :- ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਤੇ ਪੰਥਕ ਜਥੇਬੰਦੀਆਂ ਦੀ ਲਾਪ੍ਰਵਾਹੀ ਤੇ ਗਲਤੀਆਂ ਦਾ ਨਤੀਜਾ ਹੈ ਕਿ ਅਖੌਤੀ ਚਮਤਕਾਰਾਂ ਦਾ ਦਾਅਵਾ ਕਰਨ ਵਾਲੇ ਡੇਰਾਵਾਦੀ ਚਰਚ ਪੰਜਾਬ ਵਿੱਚ ਪੈਰ ਪੈਰ ਉਪਰ ਪਸਰ ਚੁਕੇ ਹਨ।

ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿੱਚ ਵੀ 600-700 ਚਰਚ ਮੌਜੂਦ ਹਨ। ਪਿਛਲੇ ਪੰਜ ਸਾਲਾਂ ਦੌਰਾਨ 70 ਦੇ ਕਰੀਬ ਚਰਚ ਬਣ ਚੁੱਕੇ ਹਨ। ਇਨ੍ਹਾਂ ਅਖੌਤੀ ਡੇਰੇਦਾਰਾਂ ਪਾਸਟਰਾਂ ਨੇ ਜੋ ਗਰੀਬ ਸਿੱਖ ਈਸਾਈ ਬਣਾਏ ਹਨ, ਉਨ੍ਹਾਂ ਦਾ ਸਰੂਪ ਸਿੱਖੀ ਵਾਲਾ ਰਹਿਣ ਦਿੱਤਾ ਹੈ ਤਾਂ ਜੋ ਪਿੰਡਾਂ ਵਿਚ ਇਨ੍ਹਾਂ ਰਾਹੀਂ ਸਿੱਖੀ ਨੂੰ ਢਾਹ ਲਗਾਈ ਜਾ ਸਕੇ। ਇਸ ਪਿੱਛੇ ਵੱਡੀ ਸਿੱਖ ਵਿਰੋਧੀ ਸਾਜਿਸ਼ ਹੈ ਅਤੇ ਇਨ੍ਹਾਂ ਤਾਂਤਰਿਕ ਚਰਚ ਡੇਰਿਆਂ ਨੂੰ ਫੰਡਿੰਗ ਹੋ ਰਹੀ ਹੈ। ਕੁਝ ਸਮੇਂ ਵਿੱਚ ਵੱਡੇ ਡੇਰੇਨੁਮਾ ਚਰਚ ਉਸਰ ਚੁਕੇ ਹਨ। ਇਹ ਅਖੌਤੀ ਪਾਸਟਰ ਸਾਜਿਸ਼ ਤਹਿਤ ਸਿੱਖਾਂ ਨੂੰ ਗੁਰਦੁਆਰੇ ਜਾਣ ਤੇ ਪ੍ਰਸ਼ਾਦ ਲੈਣ ਤੋਂ ਰੋਕ ਰਹੇ ਹਨ। ਉਨ੍ਹਾਂ ਨੂੰ ਮਨ ਤੋਂ ਈਸਾਈ ਬਣਾਕੇ ਸਿੱਖ ਪੰਥ ਦੀ ਵੱਖਰੀ ਪਛਾਣ ਨੂੰ ਢਾਹ ਲਗਾਈ ਜਾ ਰਹੀ ਹੈ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰ ਤੇ ਪ੍ਰਚਾਰਕ ਪ੍ਰਚਾਰ ਕਰਨ ਤੇ ਸਿੱਖ ਸੰਗਤ ਨੂੰ ਸੰਪਰਕ ਕਰਨ ਦੀ ਥਾਂ ਮੀਡੀਆ ਵਿਚ ਬਿਆਨ ਦੇਣ ਤੱਕ ਸੀਮਤ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਚਿਰ ਗਰੀਬ ਸਿੱਖਾਂ ਦੀ ਹੈਲਥ ਐਜੂਕੈਸ਼ਨ ਤੇ ਸਿੱਖੀ ਪ੍ਰਚਾਰ ਵੱਲ ਧਿਆਨ ਨਹੀਂ ਦਿਤਾ ਜਾਂਦਾ ਉਨ੍ਹਾਂ ਚਿਰ ਧਰਮ



ਬਦਲੀਆਂ ਜਾਰੀ ਰਹਿਣਗੀਆਂ ਤੇ ਸਿੱਖ ਪੰਥ ਨੂੰ ਢਾਹ ਲਗਦੀ ਰਹੇਗੀ। ਉਨ੍ਹਾਂ ਕਿਹਾ ਕਿ ਉਹ ਆਪਣੀ ਜਥੇਬੰਦੀ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਰਾਹੀਂ ਹੜਾਂ ਦੌਰਾਨ ਗਰੀਬ ਕਿਰਤੀ ਸਿੱਖਾਂ ਦੀ ਬਸਤੀ ਨੂੰ ਮੈਡੀਕਲ ਸਹਾਇਤਾ ਤੇ ਗੁਰਦੁਆਰੇ ਨੂੰ ਕੇਂਦਰ ਬਣਾ ਕੇ ਸਾਫ ਪਾਣੀ ਉਪਲਬਧ ਕਰਵਾਕੇ ਗਰੀਬ ਸਿੱਖ ਲੜਕੀਆਂ ਦੀ ਅਨੰਦ ਕਾਰਜ ਵਿਚ ਸਹਾਇਤਾ ਤੇ ਪੇਕਿਆਂ ਵੱਜੋਂ ਸ਼ਮੂਲੀਅਤ ਕਰਕੇ ਸਿੱਖਾਂ ਦਾ ਈਸਾਈਕਰਨ ਰੋਕਣ ਵਿੱਚ ਕਾਮਯਾਬ ਹੋਏ ਹਨ। ਕੁਝ ਸਿੱਖਾਂ ਤੋਂ ਇਸਾਈ ਬਣੇ ਪਰਿਵਾਰ ਵਾਪਸ ਸਿੱਖ ਧਰਮ ਵਿਚ ਆਪਣੇ ਆਪ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਗੁਰਦੁਆਰਾ ਮੰਡਾਲਾ ਛੰਨਾ ਲੋਹੀਆਂ ਵਿਚ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਕਰਵਾਏ ਸਮਾਗਮ ਦੌਰਾਨ ਜਥੇਦਾਰ ਸੁਖਦੇਵ ਸਿੰਘ ਭੌਰ ਦੀ ਮੌਜੂਦਗੀ ਵਿਚ ਕੁਝ ਈਸਾਈ ਤੇ ਦਲਿਤ ਪਰਿਵਾਰਾਂ ਨੇ ਸਿੱਖ ਧਰਮ ਗ੍ਰਹਿਣ ਕੀਤਾ ਸੀ। ਜਥੇਦਾਰ ਖਾਲਸਾ ਨੇ ਕਿਹਾ ਕਿ ਖਾਲਸਾ ਪੰਥ ਦਾ ਟਕਰਾਅ ਅਸਲੀ ਈਸਾਈਆਂ ਨਾਲ ਨਹੀਂ ਹੈ, ਪੰਥ ਦਾ ਵਿਰੋਧ ਈਸਾਈ ਪਾਸਟਰਾਂ ਦੇ ਭੇਖ ਵਿਚ ਲੁਕੇ ਤਾਂਤਰਿਕਾਂ ਨਾਲ ਹੈ ਜੋ ਜਾਦੂ-ਟੂਣਿਆਂ, ਭੂਤਾਂ-ਪ੍ਰੇਤਾਂ, ਅਖੌਤੀ ਕਾਲੇ ਇਲਮ ਦੀਆਂ ਕਰਾਮਾਤੀ ਸ਼ਕਤੀਆਂ ਨਾਲ ਲੋਕਾਂ ਦੀਆਂ ਸਮੱਸਿਆਵਾਂ, ਦੁੱਖਾਂ ਤੇ ਬੀਮਾਰੀਆਂ ਦਾ ਹੱਲ ਕਰਨ ਦਾ ਦਾਅਵਾ ਕਰਦੇ ਹਨ ਅਤੇ ਮਨ ਚਾਹੀਆਂ ਖ਼ਾਹਿਸ਼ਾਂ ਪੂਰੀਆਂ ਕਰਨ ਦੇ ਲੋਕਾਂ ਨਾਲ ਝੂਠੇ ਲਾਰੇ ਲਗਾਉਂਦੇ ਕਰਾਈਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਖੌਤੀ ਪਾਸਟਰਾਂ ਦੀਆਂ ਮਨੁੱਖਤਾ ਵਿਰੋਧੀ ਕਰਤੂਤਾਂ ਕਾਰਣ ਬਿਮਾਰ ਲੋਕਾਂ ਦੀ ਸਿਹਤ ਨੂੰ ਨੁਕਸਾਨ ਪੁਜਦਾ ਹੈ। ਬੀਤੇ ਦਿਨੀਂ ਜਲੰਧਰ ਦੇ ਤਾਂਤਰਿਕ ਪਾਸਟਰ ਦੀ ਅਖੌਤੀ ਜਾਦੂਗੀਰੀ ਦਿਖਾਉਣ ਕਾਰਣ ਇੱਕ ਬਿਮਾਰ ਬੱਚੀ ਦੀ ਮੌਤ ਹੋ ਚੁਕੀ ਹੈ ਤੇ ਮਾਂ ਬਾਪ ਨਾਲ ਵੱਖਰੀ ਠਗੀ ਮਾਰੀ ਗਈ ਹੈ। ਪਰ ਪੰਜਾਬ ਸਰਕਾਰ ਜਾਂ ਪ੍ਰਸ਼ਾਸਣ ਨੇ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ। ਜਥੇਦਾਰ ਖਾਲਸਾ ਨੇ ਸਰਕਾਰ ਤੋਂ ਸੁਆਲ ਪੁੱਛਿਆ ਕਿ ਇਨ੍ਹਾਂ ਨੂੰ ਵਿਦੇਸ਼ਾਂ ਤੋਂ ਪੈਸਾ ਕਿਥੋਂ ਆਉਂਦਾ ਹੈ ? ਈਡੀ ਤੇ ਸਰਕਾਰੀ ਏਜੰਸੀਆਂ ਇਨ੍ਹਾਂ ਨੂੰ ਚੈਕ ਕਿਉਂ ਨਹੀਂ ਕਰਦੀਆਂ ? ਹਾਲਾਂਕਿ ਇਨ੍ਹਾਂ ਪਾਸਟਰਾਂ ਦੀ ਭੂਤ ਕੱਢਣ, ਅੰਗਹੀਣ ਨੂੰ ਠੀਕ ਕਰਨ, ਮੁਰਦੇ ਵਿੱਚ ਜਾਨ ਪਾਉਣ ਦੀਆਂ, ਕੈਂਸਰ ਠੀਕ ਕਰਨ ਦੀਆਂ ਯੂ ਟਿਊਬ ਉਪਰ ਵੀਡਿਓ ਮੌਜੂਦ ਹਨ। ਪਰ ਪੰਜਾਬ ਸਰਕਾਰ ਨੇ ਕਨੂੰਨੀ ਕਾਰਵਾਈ ਕਿਉਂ ਨਹੀਂ ਕੀਤੀ ? ਉਨ੍ਹਾਂ ਕਿਹਾ ਕਿ ਭਾਰਤੀ ਘੱਟਗਿਣਤੀ ਕਮਿਸ਼ਨ ਨੇ ਪੰਜਾਬ ਸਰਕਾਰ ਦੀ ਚੁੱਪੀ ਬਾਰੇ ਹੁਣੇ ਜਿਹੇ ਸੁਆਲ ਉਠਾਏ ਹਨ ਕਿ ਪੰਜਾਬ ਸਰਕਾਰ ਭਾਰਤੀ ਸੰਵਿਧਾਨ ਕਾਨੂੰਨ ਬਾਰੇ ਕੋਈ ਭੂਮਿਕਾ ਨਹੀਂ ਨਿਭਾ ਰਹੀ। ਜਥੇਦਾਰ ਖਾਲਸਾ ਨੇ ਕਿਹਾ ਕਿ ਭਾਰਤੀ ਕਨੂੰਨ ਚਮਤਕਾਰਾਂ ਬਾਰੇ ਬਿਲਕੁੱਲ ਸਪਸ਼ਟ ਹੈ।ਡਰੱਗਜ਼ ਤੇ ਮੈਜਿਕ ਰੈਮੇਡੀਜ਼ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਕਾਨੂੰਨ 1954 ਕਾਨੂੰਨ ਦੀ ਧਾਰਾ 2 ਅਨੁਸਾਰ ਜਾਦੂਈ ਇਲਾਜ ਨਾਲ ਸੰਬੰਧਤ ਇਸ਼ਤਿਹਾਰਬਾਜ਼ੀ ਤੇ ਇਲਾਜ ਦਾ ਦਾਅਵਾ ਕਰਨਾ ਗ਼ੈਰ-ਕਾਨੂੰਨੀ ਹੈ। ਇਨ੍ਹਾਂ ਕਾਨੂੰਨਾਂ ਤੋਂ ਬਿਨਾਂ ਭਾਰਤੀ ਸੰਵਿਧਾਨ ਦੀ ਧਾਰਾ 51-ਏ ਤਹਿਤ ਇੱਥੋਂ ਦਿਆਂ ਨਾਗਰਿਕਾਂ ਨੂੰ ਵੀ ਵਿਗਿਆਨਕ ਨਜ਼ਰੀਆ ਪੈਦਾ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਪਰ ਸਰਕਾਰ ਤੇ ਪ੍ਰਸ਼ਾਸਨ ਕਾਨੂੰਨ ਤੇ ਸੰਵਿਧਾਨ ਦੀ ਇਸ ਮਸਲੇ ਉਪਰ ਕੋਈ ਸੁਰੱਖਿਆ ਨਹੀਂ ਕਰ ਰਹੇ ਨਾ ਜਿੰਮੇਵਾਰੀ ਨਿਭਾ ਰਹੇ ਹਨ। ਸੜਕਛਾਪ ਜਾਦੂਗਰ ਡੇਰਾਵਾਦੀ ਅਖੌਤੀ ਪਾਸਟਰ ਹਰੇਕ ਧਰਮ ਦੀ ਫਿਲਾਸਫੀ ਲਈ ਚੈਲਿੰਜ ਹਨ। ਇਨ੍ਹਾਂ ਦੀ ਠੱਗੀ ਜਬਰੀ ਧਰਮ ਪਰਿਵਰਤਨ, ਆਪਣੇ ਧਰਮ ਨਾਲੋਂ ਤੋੜਨ ਦੀਆਂ ਕਾਰਵਾਈਆਂ ਬਾਲਮੀਕੀ ਭਾਈਚਾਰੇ, ਰਵਿਦਾਸ ਭਾਈਚਾਰੇ, ਹਿੰਦੂ ਭਾਈਚਾਰੇ ਲਈ ਚੈਲਿੰਜ ਹਨ। ਜਦੋਂ ਇਹ ਕਿਸੇ ਨੂੰ ਆਪਣੇ ਡੇਰੇ ਨਾਲ ਜੋੜਦੇ ਹਨ ਤਾਂ ਇਹ ਉਨ੍ਹਾਂ ਦੇ ਰਹਿਬਰ ਗੁਰੂ ਗ੍ਰੰਥ ਸਾਹਿਬ, ਸੰਤ ਗੁਰੂ ਰਵਿਦਾਸ ਮਹਾਰਾਜ, ਭਗਵਾਨ ਬਾਲਮੀਕ, ਹਿੰਦੂ ਰਹਿਬਰਾਂ ਤੋਂ ਦੂਰ ਕਰ ਦਿੰਦੇ ਹਨ। ਉਨ੍ਹਾਂ ਸਿੱਖ ਪੰਥ ਨੂੰ ਅਪੀਲ ਕਰਦਿਆਂ ਕਿਹਾ ਕਿ ਸਿੱਖਾਂ ਨੂੰ ਪ੍ਰਚਾਰ ਵੱਲ, ਆਪਣੇ ਹਸਪਤਾਲਾਂ, ਵਿੱਦਿਅਕ ਅਦਾਰਿਆਂ, ਗੁਰਮਤਿ, ਇਤਿਹਾਸ ਗਿਆਨ ਸਿਲੇਬਸ ਵੱਲ ਧਿਆਨ ਦੇਣ ਦੀ ਲੋੜ ਹੈ। ਸਿੰਘ ਸਭਾ ਗੁਰਦੁਆਰਾ ਮੰਡਾਲਾ ਛੰਨਾ ਦੇ ਪ੍ਰਧਾਨ ਜੋਗਿੰਦਰ ਸਿੰਘ ਨੇ ਕਿਹਾ ਕਿ ਉਹ ਸਿੱਖ ਸੇਵਕ ਸੁਸਾਇਟੀ ਦੇ ਪ੍ਰਚਾਰ ਕਾਰਨ ਸਿੰਘ ਸਜੇ ਹਨ ਤੇ ਆਪਣੇ ਪਿੰਡ ਵਿਚ ਗੁਰਦੁਆਰਾ ਪ੍ਰਬੰਧ ਤੇ ਸਿੱਖੀ ਪ੍ਰਚਾਰ ਦਾ ਕੰਮ ਸੰਭਾਲ ਰਹੇ ਹਨ। ਸਾਡੇ ਪ੍ਰਚਾਰ ਕਾਰਨ ਹੁਣ ਸਾਡੇ ਪਿੰਡ ਵਿਚ ਧਰਮ ਬਦਲੀ ਨਹੀਂ ਹੋ ਰਹੀ। ਗੁਰਦੁਆਰਾ ਧਰਮ ਪ੍ਰਚਾਰਕ ਗਿਆਨੀ ਹਰਦੇਵ ਸਿੰਘ ਨੇ ਕਿਹਾ ਕਿ ਸਿੱਖ ਸੇਵਕ ਸੁਸਾਇਟੀ ਦੇ ਪ੍ਰਚਾਰ ਕਾਰਨ ਪਿੰਡ ਦੇ ਲੋਕਾਂ ਦਾ ਸੁਧਾਰ ਹੋਇਆ ਉਹ ਸਿੱਖੀ ਨਾਲ ਵੀ ਜੁੜੇ ਹਨ।ਕਾਫੀ ਪਰਿਵਾਰ ਜੋ ਈਸਾਈ ਬਣੇ ਸਿੱਖ ਧਰਮ ਵਿਚ ਵਾਪਸ ਆਏ ਹਨ। ਦੁਬਾਰਾ ਸਿੱਖ ਧਰਮ ਵਿਚ ਪਰਤਣ ਵਾਲੇ ਬਲਵਿੰਦਰ ਸਿੰਘ, ਚਿਮਨ ਸਿੰਘ, ਬਲਵੰਤ ਸਿੰਘ, ਪਰਮਜੀਤ ਕੌਰ, ਪਾਲ ਸਿੰਘ, ਕਸ਼ਮੀਰ ਸਿੰਘ, ਸਿਮਰ ਕੌਰ, ਬਗੀਚਾ ਸਿੰਘ, ਮੰਗਾ ਸਿੰਘ ਸ਼ਾਮਲ ਸਨ। ਇਸ ਦੌਰਾਨ ਕਾਨਫਰੰਸ ਵਿੱਚ ਸੁਰਿੰਦਰਪਾਲ ਸਿੰਘ ਗੋਲਡੀ, ਸੀਨੀਅਰ ਮੀਤ ਪ੍ਰਧਾਨ, ਪ੍ਰੋਫੈਸਰ ਬਲਵਿੰਦਰ ਪਾਲ ਸਿੰਘ, ਸਕੱਤਰ ਜਰਨਲ, ਸਰਪ੍ਰਸਤ ਸੰਤੋਖ ਸਿੰਘ ਦਿੱਲੀ ਪੇਂਟ, ਦਵਿੰਦਰ ਸਿੰਘ ਅਨੰਦ, ਸੰਦੀਪ ਸਿੰਘ ਚਾਵਲਾ, ਆਰਟਿਸਟ ਸਾਹਿਬ ਸਿੰਘ, ਹਰਦੇਵ ਸਿੰਘ ਠੇਕੇਦਾਰ, ਅਰਵਿੰਦਰ ਸਿੰਘ ਚੱਢਾ, ਹਰਭਜਨ ਸਿੰਘ, ਗਗਨਦੀਪ ਸਿੰਘ ਚੌਧਰੀ, ਬਾਵਾ ਖਰਬੰਦਾ, ਨਵਤੇਜ ਸਿੰਘ ਟਿੰਮੀ ਆਦਿ ਸ਼ਾਮਲ ਸਨ।

# ਸੁਖਬੀਰ ਨੇ ਬਲਵਿੰਦਰ ਭੂੰਦੜ ਤੇ ਡਾ. ਚੀਮਾ ਤਾਲਮੇਲ ਕਮੇਟੀ ਦੇ ਨਿਗਰਾਨ ਬਣਾਏ

## ➢ ਬਾਗੀ ਮੰਨੇ ਜਾਂਦੇ ਦਾਖਾ ਹਲਕੇ ਤੋਂ ਵਿਧਾਇਕ ਇਯਾਲੀ ਤੇ ਬਰਾੜ ਨੂੰ ਨਵੀਆਂ ਨਿਯੁਕਤੀਆਂ ਵਿੱਚ ਥਾਂ ਨਹੀਂ ਦਿੱਤੀ ਗਈ

ਚੰਡੀਗੜ੍ਹ/ਏ.ਟੀ.ਨਿਊਜ਼ :- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਦੇ ਮੁੜ ਗਠਨ ਲਈ ਸੂਬਾ ਤੇ ਜ਼ਿਲ੍ਹਾ ਪੱਧਰੀ ਨਿਗਰਾਨ ਅਤੇ ਤਾਲਮੇਲ ਕਮੇਟੀ ਦੇ ਮੁਖੀ ਨਿਯੁਕਤ ਕੀਤੇ ਹਨ। ਪਾਰਟੀ ਦੇ ਜਥੇਬੰਦਕ ਢਾਂਚੇ ਵਿੱਚ ਭਵਿੱਖੀ ਤਬਦੀਲੀਆਂ ਤੇ ਚੋਣਾਂ ਦੇ ਐਲਾਨ ਤੋਂ ਬਾਅਦ ਅਕਾਲੀ ਦਲ ਨੇ ਇਹ ਨਿਯੁਕਤੀਆਂ ਕੀਤੀਆਂ ਹਨ। ਬਾਗੀ ਮੰਨੇ ਜਾਂਦੇ ਦਾਖਾ ਹਲਕੇ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਅਤੇ ਜਗਮੀਤ ਸਿੰਘ ਬਰਾੜ ਨੂੰ ਨਵੀਆਂ ਨਿਯੁਕਤੀਆਂ ਵਿੱਚ ਥਾਂ ਨਹੀਂ ਦਿੱਤੀ ਗਈ। ਪਾਰਟੀ ਵੱਲੋਂ ਜੋ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ, ਉਨ੍ਹਾਂ ਮੁਤਾਬਕ ਬਲਵਿੰਦਰ ਸਿੰਘ ਭੂੰਦੜ ਮੁੱਖ ਸੂਬਾਈ ਨਿਗਰਾਨ ਹੋਣਗੇ ਅਤੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਗੁਲਜ਼ਾਰ ਸਿੰਘ ਰਣੀਕੇ, ਬੀਬੀ ਜਗੀਰ ਕੌਰ ਅਤੇ ਅਨਿਲ ਜੋਸ਼ੀ ਸੂਬਾ ਨਿਗਰਾਨ ਦੀ ਜ਼ਿੰਮੇਵਾਰੀ ਨਿਭਾਉਣਗੇ।

ਡਾ. ਦਲਜੀਤ ਸਿੰਘ ਚੀਮਾ ਨੂੰ ਤਾਲਮੇਲ ਕਮੇਟੀ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਜ਼ਿਲ੍ਹਾ ਅਬਜ਼ਰਵਰਾਂ ਵਿੱਚ ਬਿਕਰਮ ਸਿੰਘ ਮਜੀਠੀਆ ਨੂੰ ਅੰਮ੍ਰਿਤਸਰ (ਸ਼ਹਿਰੀ), ਲਖਬੀਰ ਸਿੰਘ ਲੋਧੀਨੰਗਲ ਅਤੇ ਹਰਮੀਤ ਸਿੰਘ ਸੰਧੂ ਨੂੰ ਅੰਮ੍ਰਿਤਸਰ (ਦਿਹਾਤੀ), ਸਿਕੰਦਰ ਸਿੰਘ ਮਲੂਕਾ ਤੇ ਪ੍ਰਕਾਸ਼ ਚੰਦ ਗਰਗ ਨੂੰ ਪਟਿਆਲਾ, ਜਨਮੇਜਾ ਸਿੰਘ ਸੇਖੋਂ ਨੂੰ ਮੋਗਾ, ਮਹੇਸ਼ਇੰਦਰ ਸਿੰਘ ਗਰੇਵਾਲ ਨੂੰ ਰੋਪੜ, ਸ਼ਰਨਜੀਤ ਸਿੰਘ ਢਿੱਲੋਂ ਨੂੰ ਜਲੰਧਰ (ਦਿਹਾਤੀ), ਗੁਲਜ਼ਾਰ ਸਿੰਘ ਰਣੀਕੇ ਤੇ ਵੀਰ ਸਿੰਘ ਲੋਪੋਕੇ ਨੂੰ ਗੁਰਦਾਸਪੁਰ, ਸੁਰਜੀਤ ਸਿੰਘ ਰੱਖੜਾ ਨੂੰ ਫਤਹਿਗੜ੍ਹ ਸਾਹਿਬ, ਹੀਰਾ ਸਿੰਘ ਗਾਬੜੀਆ ਨੂੰ ਪੁਲਿਸ ਜ਼ਿਲ੍ਹਾ ਖੰਨਾ, ਪਰਮਬੰਸ ਸਿੰਘ ਬੰਟੀ ਰੋਮਾਣਾ ਤੇ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੂੰ ਬਰਨਾਲਾ, ਇਕਬਾਲ ਸਿੰਘ ਝੂੰਦਾਂ ਤੇ ਨੁਸਰਤ ਇਕਰਾਮ ਖਾਂ ਨੂੰ ਸੰਗਰੂਰ ਤੇ ਮਾਲੇਰਕੋਟਲਾ, ਵਰਦੇਵ ਸਿੰਘ ਮਾਨ ਤੇ ਹਰਪ੍ਰੀਤ ਸਿੰਘ ਕੋਟਭਾਈ ਨੂੰ ਬਠਿੰਡਾ, ਬਲਦੇਵ ਸਿੰਘ ਮਾਨ ਤੇ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਮਾਨਸਾ, ਗੁਰਪ੍ਰਤਾਪ ਸਿੰਘ ਵਡਾਲਾ ਨੂੰ ਫਰੀਦਕੋਟ, ਜੀਤਮਹਿੰਦਰ ਸਿੰਘ ਸਿੱਧੂ ਨੂੰ ਸ੍ਰੀ ਮੁਕਤਸਰ ਸਾਹਿਬ, ਗੁਰਪ੍ਰੀਤ ਸਿੰਘ ਰਾਜੂ ਖੰਨਾ ਨੂੰ ਮੁਹਾਲੀ, ਸੋਹਣ ਸਿੰਘ ਠੰਡਲ ਨੂੰ ਤਰਨ ਤਾਰਨ, ਪਵਨ ਕੁਮਾਰ ਟੀਨੂੰ ਤੇ ਰਵੀਕਰਨ ਸਿੰਘ ਕਾਹਲੋਂ ਨੂੰ ਹੁਸ਼ਿਆਰਪੁਰ, ਤੀਰਥ ਸਿੰਘ ਮਾਹਲਾ ਨੂੰ ਪੁਲੀਸ ਜ਼ਿਲ੍ਹਾ ਜਗਰਾਉਂ, ਸੁਰਿੰਦਰ ਸਿੰਘ ਠੇਕੇਦਾਰ ਨੂੰ ਸ਼ਹੀਦ ਭਗਤ ਸਿੰਘ ਨਗਰ, ਡਾ. ਸੁਖਵਿੰਦਰ ਸੁੱਖੀ ਨੂੰ ਜਲੰਧਰ (ਸਹਿਰੀ), ਗੁਰਬਚਨ ਸਿੰਘ ਬੱਬੇਹਾਲੀ ਤੇ ਰਾਜ ਕੁਮਾਰ ਗੁਪਤਾ ਨੂੰ ਪਠਾਨਕੋਟ, ਮਨਤਾਰ ਸਿੰਘ ਬਰਾੜ ਨੂੰ ਫਾਜ਼ਿਲਕਾ, ਵਿਰਸਾ ਸਿੰਘ ਵਲਟੋਹਾ ਨੂੰ ਫਿਰੋਜ਼ਪੁਰ, ਐਨਕੇ ਸ਼ਰਮਾ ਨੂੰ ਲੁਧਿਆਣਾ (ਸ਼ਹਿਰੀ), ਜਗਬੀਰ ਸਿੰਘ ਬਰਾੜ ਤੇ ਬਰਜਿੰਦਰ ਸਿੰਘ ਬਰਾੜ ਨੂੰ ਕਪੂਰਥਲਾ ਜ਼ਿਲ੍ਹੇ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

## ➢ ਸੁਖਬੀਰ ਦੀ ਅਗਵਾਈ ਹੇਠ ਅਕਾਲੀ ਦਲ ਨਵੇਂ ਜੋਸ਼ ਨਾਲ ਲੋਕ ਸੇਵਾ ਵਿਚ ਆਵੇਗਾ : ਝੂੰਦਾਂ



ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ. ਇਕਬਾਲ ਸਿੰਘ ਝੂੰਦਾਂ ਨੇ ਕਿਹਾ ਹੈ ਕਿ ਪੰਜਾਬ ਦੀ ਮੌਜੂਦਾ ਸਥਿਤੀ ਨੂੰ ਦੇਖਦਿਆਂ ਪੰਜਾਬ ਦੇ ਲੋਕ ਮਹਿਸੂਸ ਕਰਨ ਲੱਗ ਪਏ ਹਨ ਕਿ ਪੰਜਾਬ ਦੇ ਹੱਕਾਂ ਲਈ ਸਹੀ ਢੰਗ ਨਾਲ ਅਗਵਾਈ ਅਤੇ ਸੰਘਰਸ਼ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਪੰਥ ਦੇ ਮਸਲੇ ਲਟਕ ਰਹੇ ਹਨ ਅਤੇ ਉਨ੍ਹਾਂ ਵਾਸਤੇ ਨਾ ਭਾਜਪਾ, ਨਾ 'ਆਪ' ਅਤੇ ਨਾ ਕਾਂਗਰਸ ਸੰਜੀਦਾ ਹਨ। ਝੂੰਦਾਂ ਨੇ ਕਿਹਾ ਕਿ ਪੰਜਾਬ ਦੀਆਂ ਹੱਕੀ ਮੰਗਾਂ ਦੇ ਮਸਲੇ ਭਾਵੇਂ ਉਹ ਪਾਣੀਆਂ ਦੀ ਗੱਲ ਹੈ, ਰਾਜਧਾਨੀ ਜਾਂ ਪੰਜਾਬੀ ਬੋਲਦੇ ਇਲਾਕਿਆਂ ਦੀ ਗੱਲ ਇਹ ਸਭ ਕਾਂਗਰਸ ਦੀ ਦੇਣ ਹਨ। ਹੁਣ ਭਾਜਪਾ ਨੇ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਲਈ ਜ਼ਮੀਨ ਦੇਣ, ਭਾਖੜਾ ਅਤੇ ਬਿਆਸ ਮੈਨੇਜਮੈਂਟ ਵਿਚੋਂ ਪੰਜਾਬ ਦੀ ਨੁਮਾਇੰਦਗੀ ਖਤਮ ਕਰ ਕੇ ਪੰਜਾਬ ਨਾਲ ਧੋਖਾ ਅਤੇ ਬੇਇਨਸਾਫੀ ਕੀਤੀ ਹੈ ਅਤੇ ਇਸ ਮੁੱਦੇ ਉੱਤੇ ਆਮ ਆਦਮੀ ਪਾਰਟੀ ਦੋਹਰਾ ਰੋਲ ਅਪਣਾ ਰਹੀ ਹੈ। ਝੂੰਦਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਆਉਣ ਵਾਲੇ ਸਮੇਂ ਵਿਚ ਪਾਰਟੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਨਵੇਂ ਪ੍ਰੋਗਰਾਮ ਅਤੇ ਨਵੇਂ ਜੋਸ਼ ਨਾਲ ਲੋਕਾਂ ਵਿਚ ਆਵੇਗਾ।

ਝੂੰਦਾਂ ਨੇ ਕਿਹਾ ਹੈ ਕਿ ਉਨ੍ਹਾਂ ਦੀ ਅਗਵਾਈ ਵਾਲੀ ਕਮੇਟੀ ਵਲੋਂ ਤਿਆਰ ਕੀਤੀ ਗਈ ਰਿਪੋਰਟ ਵਿਚਲੇ ਨੁਕਤੇ ਮੌਜੂਦਾ ਸਮੇਂ ਤੋਂ ਹੀ ਲਾਗੂ ਕੀਤੇ ਜਾਣਗੇ। ਪੜਚੋਲ ਕਮੇਟੀ ਵਲੋਂ ਪਾਰਟੀ ਪ੍ਰਧਾਨ ਦੇ ਅਹੁਦੇ ਉੱਤੇ ਇਕ ਵਿਅਕਤੀ ਦੇ ਵੱਧੋ-ਵੱਧ 10 ਸਾਲ ਤੱਕ ਹੀ ਬਣੇ ਰਹਿ ਸਕਣ ਦਾ ਨੁਕਤਾ ਮੌਜੂਦਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਉੱਤੇ ਲਾਗੂ ਹੋਣ ਜਾਂ ਨਾ ਹੋਣ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਝੂੰਦਾਂ ਨੇ ਕਿਹਾ ਕਿ ਪਾਰਟੀ ਪ੍ਰਧਾਨ ਦੇ ਅਹੁਦੇ ਲਈ 10 ਸਾਲ ਦੀ ਸਮਾਂ ਸੀਮਾ ਇਸ ਨੁਕਤੇ ਦੇ ਲਾਗੂ ਹੋਣ ਤੋਂ ਗਿਣੀ ਜਾਵੇਗੀ, ਪਿਛਲੇ ਸਮੇਂ ਦੀ ਗਿਣਤੀ ਨਹੀਂ ਹੋਵੇਗੀ।ਉਨ੍ਹਾਂ ਕਿਹਾ ਕਿ ਪਾਰਟੀ ਲੀਡਰਸ਼ਿਪ ਦੇ ਨਾਲ-ਨਾਲ ਵਰਕਰਾਂ ਵਲੋਂ ਇਹ ਮਹਿਸੂਸ ਕੀਤਾ ਗਿਆ ਹੈ ਕਿ ਅਜੋਕੇ ਸਮੇਂ ਵਿਚ ਸ. ਸੁਖਬੀਰ ਸਿੰਘ ਬਾਦਲ ਹੀ ਸ਼੍ਰੋਮਣੀ ਅਕਾਲੀ ਦਲ ਦੇ ਰਹਿਨੁਮਾਈ ਕਰ ਸਕਦੇ ਹਨ ਅਤੇ ਇਸ ਲਈ ਆਉਣ ਵਾਲੇ ਸਮੇਂ ਵਿਚ ਵੀ ਸ. ਬਾਦਲ ਹੀ ਪਾਰਟੀ ਪ੍ਰਧਾਨ ਦੇ ਅਹੁਦੇ ਉੱਤੇ ਰਹਿਣਗੇ। ਸ. ਝੂੰਦਾਂ ਨੇ ਦੱਸਿਆ ਕਿ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਵੀ ਆਉਣ ਵਾਲੇ 5-7 ਦਿਨਾਂ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਮੁੱਖ ਧਾਰਾ ਵਿਚ ਦਿਖਾਈ ਦੇਣਗੇ।

## ਪੰਜਾਬ ਤੇ ਪੰਥਕ ਹਿੱਤਾਂ ਲਈ ਬਾਦਲਾਂ ਨੂੰ ਹਟਾਉਣਾ ਜਰੂਰੀ : ਰਵੀਇੰਦਰ ਸਿੰਘ

ਚੰਡੀਗੜ੍ਹ : ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਸਾਬਕਾ ਸਪੀਕਰ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਤੇ ਪੰਥਕ ਹਿੱਤਾਂ ਲਈ ਬਾਦਲ ਪਰਿਵਾਰ ਤੋਂ ਸ਼੍ਰੋਮਣੀ ਅਕਾਲੀ ਦਲ ਤੋਂ ਪਾਸੇ ਕਰਨਾ ਜ਼ਰੂਰੀ ਹੈ। ਰਵੀਇੰਦਰ ਸਿੰਘ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਲੀਡਰਸ਼ਿਪ ਹੀ ਪੰਥ ਤੇ ਹਰ ਵਰਗ ਦਾ ਵਿਸ਼ਵਾਸ ਜਿੱਤ ਸਕੇਗੀ। ਸਾਬਕਾ ਸਪੀਕਰ ਰਵੀਇੰਦਰ ਸਿੰਘ ਨੇ ਕਿਹਾ ਹੈ ਕਿ ਸੂਬੇ ਦੇ ਲੋਕਾਂ, ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਵਿਚ ਵੰਸ਼ਵਾਦ ਦਾ ਭੋਗ ਪਾ ਦਿੱਤਾ।ਇਸ ਦਾ ਇੱਕੋ-ਇੱਕ ਕਾਰਨ ਹੈ ਕਿ ਪਰਿਵਾਰਵਾਦ ਲੋਕਤੰਤਰ ਲਈ ਖਤਰਾ ਹੈ। ਸ਼੍ਰੋਮਣੀ ਅਕਾਲੀ ਦਲ ਸ਼ਹੀਦਾਂ ਦੀ ਜਥੇਬੰਦੀ ਹੈ, ਜਿਸ ਦੀ ਕੌਮ ਮਾਲਕ ਹੈ ਪਰ ਬਾਦਲ ਸਿੱਖ ਕੌਮ ਦੀ ਰੀਤ ਨੂੰ ਭੁੱਲ ਗਏ ਹਨ, ਜੋ ਪਾਰਟੀ 'ਤੇ ਕਬਜ਼ਾ ਕਰੀ ਬੈਠੇ ਹਨ। ਮਹਾਨ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਇਨ੍ਹਾਂ ਜੱਫਾ ਮਾਰਿਆ ਹੈ।

ਪਿਛਲੇ ਸਮੇਂ ਤੋਂ ਸਾਰੇ ਪ੍ਰਧਾਨ ਬਾਦਲਾਂ ਦੇ ਰਿਮੋਟ ਕੰਟਰੋਲ ਨਾਲ ਚਲ ਰਹੇ ਹਨ। ਤਖਤਾਂ ਦੇ ਜਥੇਵਾਰ ਵੀ ਬਾਦਲ ਪਰਿਵਾਰ ਨਾਲ ਸਹਿਮਤ ਹੋ ਕੇ ਚਲ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਬਾਦਲਾਂ ਦੇ ਰਾਜ ਸਮੇਂ ਹੋਈਆਂ। ਸ਼ਾਂਤਮਈ ਤੇ ਵਾਹਿਗੁਰੂ ਦਾ ਜਾਪ ਕਰ ਰਹੀਆਂ ਸੰਗਤ ਤੇ ਪੁਲਿਸ ਨੇ ਗੋਲੀ ਚਲਾਈ, ਜਿਸ ਵਿਚ ਦੋ ਸਿੱਖ ਸ਼ਹੀਦ ਹੋਏ ਪਰ ਬਾਦਲ ਸਰਕਾਰ ਨੇ ਨਿਆਂ ਨਾ ਕੀਤਾ। ਬਾਦਲ ਹਕੂਮਤ ਸਮੇਂ ਹੀ ਸੌਦਾ ਸਾਧ ਨੂੰ ਪ੍ਰਫੁੱਲਤ ਕੀਤਾ ਗਿਆ, ਜਿਸ ਨੂੰ ਪੰਥ 'ਚੋਂ ਛੇਕਿਆ ਗਿਆ ਸੀ। ਉਸ ਨੇ ਸ਼ਰੇਆਮ ਦਸਮ ਪਿਤਾ ਦਾ ਸਵਾਂਗ ਰਚਿਆ ਸੀ।ਪਰ ਬਾਦਲਾਂ ਗਲਤ ਦਖਲਅੰਦਾਜ਼ੀ ਕਰ ਕੇ ਸੌਦਾ-ਸਾਧ ਨੂੰ ਬਚਾਇਆ ਤਾਂ ਜੋ ਉਸ ਦੇ ਪੈਰੋਕਾਰਾਂ ਦੀਆਂ ਵੋਟਾਂ ਲਈਆਂ ਜਾ ਸਕਣ। ਪੰਜਾਬ ਦੇ ਮਸਲਿਆਂ ਦੀ ਗੱਲ ਕਰਦਿਆਂ ਸਾਬਕਾ ਸਪੀਕਰ ਨੇ ਸਪੱਸ਼ਟ ਕੀਤਾ ਕਿ ਇਨ੍ਹਾਂ ਦੀਆਂ ਗਲਤ ਨੀਤੀਆਂ ਕਾਰਨ ਦਰਪੇਸ਼ ਮਾਮਲੇ ਸੁਲਝਾਏ ਨਹੀਂ ਗਏ। ਸ਼੍ਰੋਮਣੀ ਕਮੇਟੀ ਦੀ ਚੋਣ ਨਾ ਹੋਣ ਦੇਣ ਲਈ ਇਹ ਵੰਸ਼ਵਾਦੀ ਜ਼ਿੰਮੇਵਾਰ ਹਨ। ਉਨ੍ਹਾਂ ਪੰਥ ਨੂੰ ਅਪੀਲ ਕੀਤੀ ਕਿ ਬਾਦਲ ਪਾਸੇ ਕਰਕੇ ਨਵੀਂ ਲੀਡਰਸ਼ਿਪ ਲਈ ਇੱਕ ਮੰਚ 'ਤੇ ਇਕੱਠੇ ਹੋਇਆ ਜਾਵੇ।

# ਦੋ ਸੰਵਿਧਾਨ ਮਾਮਲਾ, ਬਾਦਲ ਦਲ ਸੁਪਰੀਮ ਕੋਰਟ ਪੁੱਜਿਆ

## ਪਾਰਟੀ ਆਗੂਆਂ ਨੇ ਹਾਈ ਕੋਰਟ ਦੇ ਫ਼ੈਸਲੇ ਖ਼ਿਲਾਫ਼ ਪਟੀਸ਼ਨਾਂ ਦਾਇਰ ਕੀਤੀਆਂ

ਹੁਸ਼ਿਆਰਪੁਰ/ਏ.ਟੀ.ਨਿਊਜ਼ :- ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਕੱਤਰ ਜਨਰਲ ਦਲਜੀਤ ਸਿੰਘ ਚੀਮਾ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਹੈ। ਮਾਮਲਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਦੋ ਸੰਵਿਧਾਨ ਰੱਖਣ ਦਾ ਹੈ ਜਿਸ ਵਿੱਚ ਇਨ੍ਹਾਂ ਤਿੰਨਾਂ ਪ੍ਰਮੁੱਖ ਅਕਾਲੀ ਆਗੂਆਂ ਨੂੰ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤਾ ਗਿਆ ਹੈ।

ਅਕਾਲੀ ਆਗੂਆਂ ਨੇ ਸੁਪਰੀਮ ਕੋਰਟ ਵਿਚ ਵੱਖ-ਵੱਖ ਐੱਸਐੱਲਪੀ (ਵਿਸ਼ੇਸ਼ ਲੀਵ ਪਟੀਸ਼ਨ) ਦਾਇਰ ਕਰਕੇ ਪੰਜਾਬ ਦੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦਿੰਦਿਆਂ ਇਸ ਕੇਸ 'ਤੇ ਵਿਚਾਰ ਕਰਨ ਦੀ ਮੰਗ ਕੀਤੀ ਹੈ। ਇਸ ਕੇਸ ਦੀ ਸੁਣਵਾਈ 22 ਸਤੰਬਰ ਨੂੰ ਨਿਰਧਾਰਿਤ ਕੀਤੀ ਗਈ ਹੈ। ਵਰਣਨਯੋਗ ਹੈ ਕਿ ਸੋਸ਼ਲਿਸਟ ਪਾਰਟੀ ਆਫ਼ ਇੰਡੀਆ ਦੇ ਸਰਪ੍ਰਸਤ ਬਲਵੰਤ ਸਿੰਘ ਖੇੜਾ ਅਤੇ ਸੂਬਾ ਪ੍ਰਧਾਨ ਓਮ ਸਿੰਘ ਸਟਿਆਣਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣ ਕਮਿਸ਼ਨ ਕੋਲ ਫ਼ਰਜ਼ੀ ਸੰਵਿਧਾਨ ਪੇਸ਼ ਕੀਤਾ ਗਿਆ ਹੈ ਜਿਸ 'ਤੇ ਇਨ੍ਹਾਂ ਅਕਾਲੀ ਆਗੂਆਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਤੇ ਦਲਜੀਤ ਸਿੰਘ ਚੀਮਾ ਖ਼ਿਲਾਫ਼ ਧੋਖਾਧੜੀ ਤੇ ਜਾਅਲਸਾਜ਼ੀ ਦਾ ਕੇਸ ਦਰਜ ਕੀਤਾ ਗਿਆ ਸੀ। ਅਕਾਲੀ ਆਗੂਆਂ ਨੇ ਹੁਣ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਹੈ।

## ਵਿੱਤੀ ਹਾਲਤ ਸੁਧਾਰਨ ਲਈ ਵਿਸ਼ਵ ਬੈਂਕ ਵਲੋਂ ਪੰਜਾਬ ਨੂੰ 150 ਮਿਲੀਅਨ ਡਾਲਰ ਦਾ ਕਰਜ਼ਾ ਮਿਲੇਗਾ




ਚੰਡੀਗੜ੍ਹ/ਏ.ਟੀ.ਨਿਊਜ :- ਵਿਸ਼ਵ ਬੈਂਕ ਦੇ ਕਾਰਜਕਾਰੀ ਨਿਰਦੇਸ਼ਕਾਂ ਦੇ ਬੋਰਡ ਨੇ ਭਾਰਤੀ ਰਾਜ ਪੰਜਾਬ ਨੂੰ 150 ਮਿਲੀਅਨ ਡਾਲਰ ਦੇ ਕਰਜ਼ੇ ਨੂੰ ਮਨਜ਼ੂਰੀ ਦੇ ਦਿੱਤੀ ਹੈ ਤਾਂ ਜੋ ਰਾਜ ਨੂੰ ਆਪਣੇ ਵਿੱਤੀ ਸਰੋਤਾਂ ਦੇ ਬਿਹਤਰ ਪ੍ਰਬੰਧਨ ਅਤੇ ਜਨਤਕ ਸੇਵਾਵਾਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਵਿੱਚ ਮਦਦ ਕੀਤੀ ਜਾ ਸਕੇ।

**ਮਾਮਲਾ ਕਬੂਤਰਬਾਜ਼ੀ ਦਾ**

# ਦਲੇਰ ਮਹਿੰਦੀ ਦੀ ਸਜ਼ਾ ਹਾਈ ਕੋਰਟ ਨੇ ਕੀਤੀ ਮੁਅੱਤਲ

## ਪੰਜਾਬ ਹਰਿਆਣਾ ਹਾਈ ਕੋਰਟ ਦੇ ਸਿੰਗਲ ਬੈਂਚ ਨੇ ਸੁਣਾਇਆ ਫ਼ੈਸਲਾ





ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਹਰਿਆਣਾ ਹਾਈ ਕੋਰਟ ਨੇ ਕਬੂਤਰਬਾਜ਼ੀ ਦੇ ਮਾਮਲੇ ਵਿਚ ਫਸੇ ਗਾਇਕ ਦਲੇਰ ਮਹਿੰਦੀ ਦੀ ਦੋ ਸਾਲ ਦੀ ਸਜ਼ਾ ਮੁਅੱਤਲ ਕਰ ਦਿੱਤੀ ਹੈ। ਸਾਲ 2003 ਦੇ ਮਨੁੱਖੀ ਤਸਕਰੀ ਮਾਮਲੇ ਵਿਚ ਪਟਿਆਲਾ ਦੀ ਇਕ ਅਦਾਲਤ ਨੇ ਦਲੇਰ ਮਹਿੰਦੀ ਨੂੰ ਦੋ ਸਾਲ ਦੀ ਸਜ਼ਾ ਸੁਣਾਈ ਸੀ। ਜਸਟਿਸ ਜੀ ਐੱਸ ਗਿੱਲ ਦੇ ਸਿੰਗਲ ਬੈਂਚ ਨੇ ਦਲੇਰ ਮਹਿੰਦੀ ਦੀ ਸਜ਼ਾ ਮੁਅੱਤਲ ਕੀਤੀ ਹੈ। ਗਾਇਕ ਦੇ ਵਕੀਲ ਅਰਸ਼ਦੀਪ ਸਿੰਘ ਚੀਮਾ ਨੇ ਆਪਣੇ ਮੁਵੱਕਿਲ ਨੂੰ ਹਾਈ ਕੋਰਟ ਤੋਂ ਰਾਹਤ ਮਿਲਣ ਦੀ ਪੁਸ਼ਟੀ ਕੀਤੀ ਹੈ। ਹੇਠਲੀ ਅਦਾਲਤ ਵੱਲੋਂ ਮਾਰਚ 2018 ਵਿਚ ਸੁਣਾਈ ਗਈ ਦੋ ਸਾਲ ਦੀ ਸਜ਼ਾ ਨੂੰ ਪਟਿਆਲਾ ਅਦਾਲਤ ਨੇ ਬਹਾਲ ਰੱਖਿਆ ਸੀ ਜਿਸ ਮਗਰੋਂ ਦਲੇਰ ਮਹਿੰਦੀ ਨੇ ਹਾਈ ਕੋਰਟ ਦਾ ਰੁਖ਼ ਕੀਤਾ ਸੀ। ਪਟਿਆਲਾ ਦੇ ਵਧੀਕ ਸੈਸ਼ਨ ਜੱਜ ਨੇ ਹੇਠਲੀ ਅਦਾਲਤ ਦੇ ਹੁਕਮਾਂ ਖ਼ਿਲਾਫ਼ ਪਾਈ ਗਈ ਪਟੀਸ਼ਨ ਨੂੰ 14 ਜੁਲਾਈ ਨੂੰ ਖਾਰਜ ਕਰ ਦਿੱਤਾ ਸੀ ਜਿਸ ਮਗਰੋਂ ਦਲੇਰ ਮਹਿੰਦੀ ਨੂੰ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ ਸੀ। ਪਟਿਆਲਾ ਪੁਲਿਸ ਨੇ ਬਖ਼ਸ਼ੀਸ਼ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਦਲੇਰ ਮਹਿੰਦੀ ਅਤੇ ਉਸ ਦੇ ਭਰਾ ਸ਼ਮਸ਼ੇਰ, ਜਿਸ ਦੀ 2017 ਵਿਚ ਮੌਤ ਹੋ ਗਈ ਸੀ, ਖ਼ਿਲਾਫ਼ ਕੇਸ ਦਰਜ ਕੀਤਾ ਸੀ। ਦੋਵੇਂ ਭਰਾਵਾਂ ਖ਼ਿਲਾਫ਼ ਧੋਖਾਧੜੀ ਦੀਆਂ 35 ਹੋਰ ਸ਼ਿਕਾਇਤਾਂ ਵੀ ਮਿਲੀਆਂ ਸਨ।

ਸ਼ਿਕਾਇਤਕਰਤਾਵਾਂ ਨੇ ਦੋਸ਼ ਲਾਏ ਸਨ ਕਿ ਦੋਵੇਂ ਭਰਾਵਾਂ ਨੇ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਅਤੇ ਕੈਨੇਡਾ ਭਿਜਵਾਉਣ ਲਈ ਉਨ੍ਹਾਂ ਤੋਂ ਪੈਸੇ ਲਏ ਸਨ ਪਰ ਉਹ ਬਾਹਰ ਲੈ ਕੇ ਨਹੀਂ ਗਏ। ਪਟਿਆਲਾ ਪੁਲਿਸ ਨੇ ਗਾਇਕ ਦੇ ਦਿੱਲੀ ਸਥਿਤ ਕਨਾਟ ਪਲੇਸ ਦਫ਼ਤਰਾਂ 'ਤੇ ਛਾਪੇ ਮਾਰ ਕੇ ਫਾਈਲਾਂ ਜ਼ਬਤ ਕੀਤੀਆਂ ਸਨ ਜਿਨ੍ਹਾਂ 'ਵਿਚ ਕਬੂਤਰਬਾਜ਼ੀ ਦੇ ਇਵਜ਼ ਵਿਚ ਪੈਸੇ ਲਏ ਜਾਣ ਦਾ ਹਿਸਾਬ-ਕਿਤਾਬ ਸੀ।

# ਸ਼੍ਰੋਮਣੀ ਕਮੇਟੀ ਨੇ ਜਾਰੀ ਕੀਤਾ ਸਾਕਾ ਪੰਜਾ ਸਾਹਿਬ ਤੇ ਮੋਰਚਾ ਗੁਰੂ ਕਾ ਬਾਗ਼ ਦੀ ਸ਼ਤਾਬਦੀ ਸਬੰਧੀ ਯਾਦਗਾਰੀ ਸਿੱਕਾ

- ☛ ਗੁਰੂ ਕਾ ਬਾਗ ਮੋਰਚਾ ਸ਼ਾਂਤਮਈ ਸਿੱਖ ਸੰਘਰਸ਼ 100 ਸਾਲ ਪਹਿਲਾਂ ਲੜਿਆ ਗਿਆ
- ☛ ਗਾਂਧੀ ਨੇ ਭਾਰਤੀ ਅਜ਼ਾਦੀ ਦੀ ਲੜਾਈ ਦਾ ਪ੍ਰੇਰਨਾ ਸਰੋਤ ਦਸਿਆ ਸੀ ਇਸ ਮੋਰਚੇ ਨੂੰ

ਅੰਮ੍ਰਿਤਸਰ/ਏ.ਟੀ.ਨਿਊਜ਼ :- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ ਤੇ ਮੋਰਚਾ ਗੁਰੂ ਕਾ ਬਾਗ਼ ਦੀ ਪਹਿਲੀ ਸ਼ਤਾਬਦੀ ਸਬੰਧੀ ਯਾਦਗਾਰੀ ਸਿੱਕਾ ਤੇ ਉਰਦੂ ਭਾਸ਼ਾ ਵਿਚ ਕਿਤਾਬਚੇ ਜਾਰੀ ਕੀਤੇ। ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਹੋਈ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਮਗਰੋਂ ਸਿੱਕਾ ਤੇ ਕਿਤਾਬਚੇ ਜਾਰੀ ਕਰਨ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ 30 ਅਕਤੂਬਰ 2022 ਨੂੰ ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ ਦੀ ਪਹਿਲੀ ਸ਼ਤਾਬਦੀ ਖ਼ਾਲਸਾਈ ਰਵਾਇਤਾਂ ਅਨੁਸਾਰ ਮਨਾਈ ਜਾ ਰਹੀ ਹੈ, ਜਿਸ ਬਾਰੇ ਤਿਆਰੀਆਂ ਜਾਰੀ ਹਨ। ਇਸ ਤੋਂ ਪਹਿਲਾਂ ਲੰਘੇ ਮਹੀਨੇ ਮੋਰਚਾ ਗੁਰੂ ਕਾ ਬਾਗ਼ ਦੀ ਸ਼ਤਾਬਦੀ ਦੇ ਸਮਾਗਮ ਸੰਪੰਨ ਹੋਏ ਹਨ। ਉਨ੍ਹਾਂ ਦੱਸਿਆ ਕਿ ਸਾਕਾ ਸ੍ਰੀ ਪੰਜਾ ਸਾਹਿਬ ਦੀ ਸ਼ਤਾਬਦੀ ਮੌਕੇ ਭਾਰਤ ਦੇ ਨਾਲ-ਨਾਲ ਪਾਕਿਸਤਾਨ ਵਿਖੇ ਵੀ ਸਮਾਗਮ ਕੀਤੇ ਜਾਣਗੇ, ਜਿਸ ਨੂੰ ਲੈ ਕੇ ਉਰਦੂ ਭਾਸ਼ਾ ਵਿਚ ਇਤਿਹਾਸਕ ਕਿਤਾਬਚੇ ਉਚੇਚੇ ਤੌਰ 'ਤੇ ਤਿਆਰ ਕਰਵਾਏ ਗਏ ਹਨ। ਇਹ ਕਿਤਾਬਚੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਪਾਕਿਸਤਾਨ ਵਿਖੇ ਸਮਾਗਮਾਂ ਦੌਰਾਨ ਸੰਗਤ ਨੂੰ ਵੰਡੇ ਜਾਣਗੇ। ਯਾਦਗਾਰੀ ਸਿੱਕੇ ਬਾਰੇ ਉਨ੍ਹਾਂ ਦੱਸਿਆ ਕਿ ਤਾਂਬੇ ਦੇ ਬਣੇ ਇਸ ਸਿੱਕੇ ਦੇ ਇਕ ਪਾਸੇ ਗੁਰਦੁਆਰਾ ਗੁਰੂ ਕਾ ਬਾਗ਼ ਦੀ ਤਸਵੀਰ ਤੇ ਦੂਸਰੇ ਪਾਸੇ ਸਾਕਾ ਸ੍ਰੀ ਪੰਜਾ ਸਾਹਿਬ ਦਾ ਚਿੱਤਰ ਉਕਰਿਆ ਹੈ। ਇਹ ਯਾਦਗਾਰੀ ਸਿੱਕਾ ਸੰਗਤ ਨੂੰ ਸ਼ਤਾਬਦੀ ਦਿਹਾੜਿਆਂ ਦੀ ਯਾਦ ਨਾਲ ਚਿਰ-ਸਦੀਵ ਜੋੜੀ ਰੱਖੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਸਾਕਾ ਸ੍ਰੀ ਪੰਜਾ ਸਾਹਿਬ ਦੀ ਸ਼ਤਾਬਦੀ ਮੌਕੇ ਪਾਕਿਸਤਾਨ ਵਿਖੇ ਕੀਤੇ ਜਾਣ ਵਾਲੇ ਸਮਾਗਮਾਂ ਦੀ ਤਿਆਰੀ ਲਈ ਅਗਾਊਂ ਵਫ਼ਦ ਭੇਜਣ ਦੀ ਪ੍ਰਕਿਰਿਆ ਵੀ ਜਾਰੀ ਹੈ ਅਤੇ ਇਸੇ ਮਹੀਨੇ ਹੀ ਵਫ਼ਦ ਦੇ ਪਾਕਿਸਤਾਨ ਜਾਣ ਦੀ ਸੰਭਾਵਨਾ ਹੈ। ਇਸੇ ਦੌਰਾਨ ਉਨ੍ਹਾਂ ਇਹ ਵੀ ਦੱਸਿਆ ਕਿ 13 ਮਾਰਚ 2023 ਨੂੰ ਅਕਾਲੀ ਬਾਬਾ ਫੂਲਾ ਸਿੰਘ ਦੀ 200 ਸਾਲਾ ਸ਼ਹੀਦੀ ਸ਼ਤਾਬਦੀ ਵੀ ਪੰਥਕ ਰਵਾਇਤਾਂ ਅਨੁਸਾਰ ਮਨਾਈ ਜਾਵੇਗੀ।



ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਅੰਤ੍ਰਿੰਗ ਮੈਂਬਰ ਅਮਰਜੀਤ ਸਿੰਘ ਬੰਡਾਲਾ, ਬਲਵਿੰਦਰ ਸਿੰਘ ਵੇਈਂਪੂਈਂ, ਬੀਬੀ ਗੁਰਪ੍ਰੀਤ ਕੌਰ, ਜਰਨੈਲ ਸਿੰਘ ਡੋਗਰਾਂਵਾਲਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸੁਖਵਰਸ਼ ਸਿੰਘ ਆਦਿ ਹਾਜ਼ਰ ਸਨ।

## ਗੁਰੂ ਕਾ ਬਾਗ ਮੋਰਚੇ ਦਾ ਇਤਿਹਾਸ

ਗੁਰੂ ਕਾ ਬਾਗ ਮੋਰਚਾ ਵੀ ਅਜਿਹੇ ਮੋਰਚਿਆਂ ਵਿੱਚੋਂ ਇੱਕ ਸੀ। ਇਸ ਸਾਲ ਇਸ ਮੋਰਚੇ ਨੂੰ 100 ਸਾਲ ਪੂਰੇ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਵੱਡੇ ਪੱਧਰ ਉੱਤੇ ਇਸ ਮੋਰਚੇ ਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਕਰਵਾਏ ਜਾ ਰਹੇ ਹਨ।

ਅੰਮ੍ਰਿਤਸਰ ਦੇ ਗੁਰਦੁਆਰਾ ਗੁਰੂ ਕਾ ਬਾਗ ਤੋਂ ਇਨ੍ਹਾਂ ਸਮਾਗਮਾਂ ਦੀ ਸ਼ੁਰੂਆਤ ਹੋ ਚੁਕੀ ਹੈ ਅਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਮੋਰਚੇ ਨੂੰ ਮਿਸਾਲੀ ਅਹਿੰਸਕ ਸੰਘਰਸ਼ ਦੱਸਿਆ।

ਗਾਂਧੀ ਅਨੁਸਾਰ ਇਹ ਮੋਰਚਾ ਅੰਗਰੇਜ਼ੀ ਹਕੂਮਤ ਖ਼ਿਲਾਫ਼ ਚੱਲੇ ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਲਈ ਅਹਿੰਸਕ ਲਹਿਰ ਦਾ ਚਾਨਣ ਮੁਨਾਰਾ ਬਣਿਆ।

ਅੰਮ੍ਰਿਤਸਰ ਤੋਂ ਲਗਭਗ 20 ਕਿਲੋਮੀਟਰ ਦੂਰ ਘੂਕੇਵਾਲੀ ਪਿੰਡ ਵਿਚ ਸਿੱਖ ਧਰਮ ਦੇ ਪੰਜਵੇਂ ਗੁਰੂ ਅਰਜਨ ਦੇਵ ਦੀ ਯਾਦ ਵਿਚ 1585 ਈਸਵੀ ਦੌਰਾਨ ਅਤੇ ਨੌਵੇ ਗੁਰੂ ਤੇਗ਼ ਬਹਾਦੁਰ ਦੀ ਯਾਦ ਵਿਚ 1664 ਈਸਵੀ ਦੌਰਾਨ ਦੋ ਇਤਿਹਾਸਕ ਗੁਰਰਦੁਆਰੇ ਬਣੇ ਸਨ। ਗੁਰੂ ਅਰਜਨ ਦੇਵ ਦੀ ਯਾਦ ਵਿਚ ਬਣੇ ਗੁਰਦੁਆਰੇ ਨਾਲ ਲਗਦੀ ਜ਼ਮੀਨ ਵਿਚ ਕਿੱਕਰਾਂ ਦਾ ਬਾਗ਼ ਸੀ। ਜਿਸ ਕਾਰਨ ਇੱਥੇ ਲੱਗੇ ਮੋਰਚੇ ਦਾ ਨਾਮ ਗੁਰੂ ਕਾ ਬਾਗ਼ ਮੋਰਚਾ ਪੈ ਗਿਆ। ਇਸ ਬਾਗ਼ ਵਿਚੋਂ ਸਿੱਖਾਂ ਦੁਆਰਾ ਲੱਕੜਾਂ ਕੱਟ ਕੇ ਦੋਵੇਂ ਗੁਰਦੁਆਰਿਆਂ ਦੇ ਲੰਗਰ ਤਿਆਰ ਕਰਨ ਲਈ ਵਰਤੀਆਂ ਜਾਂਦੀਆਂ ਸਨ।

ਗੁਰੂ ਅਰਜਨ ਦੇਵ ਦੀ ਯਾਦ ਵਿਚ ਬਣੇ ਗੁਰਦੁਆਰੇ ਦੀ ਸਾਂਭ-ਸੰਭਾਲ ਉਦਾਸੀ ਸੰਪਰਦਾ ਦੇ ਮਹੰਤ ਸੁੰਦਰ ਦਾਸ ਕੋਲ ਸੀ। ਉਸ ਦਾ ਆਚਰਣ ਘਟੀਆ ਸੀ।

ਗੁਰਦੁਆਰਿਆਂ ਦੀ ਮਰਿਯਾਦਾ ਦੀ ਸੰਭਾਲ ਹਿੱਤ ਪੰਜਾਬ ਵਿਚ ਗੁਰਦੁਆਰਾ ਸੁਧਾਰ ਲਹਿਰ ਦੀ ਵੀ ਸ਼ੁਰੂਆਤ ਹੋ ਚੁੱਕੀ ਸੀ। ਇਸ ਲਹਿਰ ਤਹਿਤ ਨਨਕਾਣਾ ਸਾਹਿਬ, ਚਾਬੀਆਂ ਦਾ ਮੋਰਚਾ, ਭਾਈ ਫੇਰੂ ਗੁਰਦੁਆਰੇ ਅਤੇ ਜੇਤੋਂ ਆਦਿ ਦੇ ਹੋਰ ਕਈ ਮੋਰਚੇ ਇਸ ਸਮੇਂ ਦੌਰਾਨ ਲੱਗੇ ਸਨ। ਗੁਰਦੁਆਰਾ ਸੁਧਾਰ ਲਹਿਰ ਦੇ ਸ਼ੁਰੂ ਹੋਣ ਨਾਲ 31 ਜਨਵਰੀ, 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ 11 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ।

ਇਸ ਗਿਆਰਾਂ ਮੈਂਬਰੀ ਕਮੇਟੀ ਨਾਲ ਗੁਰਦੁਆਰਾ ਗੁਰੂ ਕਾ ਬਾਗ ਦੇ ਤਤਕਾਲੀ ਮਹੰਤ ਸੁੰਦਰ ਦਾਸ ਦਾ ਗੁਰਦੁਆਰੇ ਦੀ ਸਾਂਭ-ਸੰਭਾਲ ਹਿੱਤ ਸਮਝੌਤਾ ਹੋ ਗਿਆ ਸੀ।ਇਸ ਸਮਝੌਤੇ ਤਹਿਤ ਹੁਣ ਗੁਰਦੁਆਰੇ ਦੇ ਪ੍ਰਬੰਧ ਕਮੇਟੀ ਅਧੀਨ ਆ ਗਏ ਸਨ।

ਕੁਝ ਸਮੇਂ ਬਾਅਦ ਬਰਤਾਨਵੀ ਸਰਕਾਰ ਦੀ ਸਰਪ੍ਰਸਤੀ ਨਾਲ ਮਹੰਤ ਦੁਆਰਾ ਗੁਰਦੁਆਰੇ ਨਾਲ ਲਗਦੀ ਜ਼ਮੀਨ ਜਿਸ ਨੂੰ 'ਗੁਰੂ ਕਾ ਬਾਗ਼' ਕਿਹਾ ਜਾਂਦਾ ਸੀ ਤੇ ਆਪਣਾ ਹੱਕ ਜਤਾਉਣਾ ਸ਼ੁਰੂ ਕੀਤਾ ਗਿਆ। ਮਹੰਤ ਨੇ ਉਥੋਂ ਲੰਗਰ ਸੇਵਾ ਲਈ ਦਰਖੱਤ ਕੱਟ ਰਹੇ ਸਿੱਖਾਂ ਵਿਰੁਧ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ।ਪੰਜ-ਪੰਜ ਸਿੱਖਾਂ ਦੇ ਜਥੇ ਜਾਣੇ ਸ਼ੁਰੂ ਹੋਏ। ਬਰਤਾਨਵੀ ਪੁਲਿਸ ਵਲੋਂ ਸਿੱਖਾਂ ਵਿਰੁੱਧ ਪਹਿਲਾਂ ਹੀ ਘੜੀ ਮਿੱਥੀ ਸਾਜਿਸ਼ ਤਹਿਤ ਮਹੰਤ ਸੁੰਦਰ ਦਾਸ ਦੀ ਸ਼ਿਕਾਇਤ ਉੱਤੇ ਪੰਜ ਸਿੱਖਾਂ ਵਿਰੁੱਧ ਕੇਸ ਦਰਜ ਕਰ ਲਿਆ ਗਿਆ।



ਇਹ ਮਾਮਲਾ ਕਿਸੇ ਦੀ ਜ਼ਮੀਨ ਵਿਚ ਜ਼ਬਰਦਸਤੀ ਦਾਖ਼ਲ ਹੋਣ ਤਹਿਤ 9 ਅਗਸਤ, 1922 ਨੂੰ ਦਰਜ ਕੀਤਾ ਗਿਆ ਅਤੇ 5 ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।ਬਰਤਾਨਵੀ ਅਧਿਕਾਰੀਆਂ ਵੱਲੋਂ ਸਿੱਖਾਂ ਦੇ ਧਾਰਮਿਕ ਸਥਾਨਾਂ ਵਿਚ ਦਖ਼ਲਅੰਦਾਜ਼ੀ ਕਾਰਨ ਸਿੱਖਾਂ ਵਿਚ ਅਰਾਜਕਤਾ, ਬੇਚੈਨੀ ਅਤੇ ਗੁੱਸੇ ਦੀ ਲਹਿਰ ਫ਼ੈਲ ਗਈ।



ਸਿੱਟੇ ਵਜੋਂ ਸ਼੍ਰੋਮਣੀ ਕਮੇਟੀ ਦੀ ਅਗਵਾਈ ਅਧੀਨ ਫ਼ੈਸਲਾ ਕੀਤਾ ਗਿਆ ਕਿ ਰੋਜ਼ਾਨਾ ਪੰਜ-ਪੰਜ ਸਿੱਖਾਂ ਦਾ ਜਥਾ ਸ੍ਰੀ ਦਰਬਾਰ ਸਾਹਿਬ ਤੋਂ ਅਹਿੰਸਕ ਰਹਿਣ ਦੀ ਸਹੁੰ ਖਾ ਕੇ ਨਿਕਲੇਗਾ। ਉਨ੍ਹਾਂ ਨੇ ਹੀ ਵੀ ਅਹਿਦ ਲਿਆ ਕਿ ਉਹ ਸ਼ਾਂਤਮਈ ਤੇ ਸਤਿਆਗ੍ਰਹਿ ਦੇ ਦਾਇਰੇ ਵਿਚ ਰਹਿ ਕੇ ਹੀ ਜਥੇ ਦੇ ਰੂਪ ਵਿਚ ਦਰਖ਼ਤ ਕੱਟਣ ਜਾਣਗੇ। ਮਾਸਟਰ ਤਾਰਾ ਸਿੰਘ ਅਤੇ ਮਹਿਤਾਬ ਸਿੰਘ ਆਦਿ ਸ਼੍ਰੋਮਣੀ ਕਮੇਟੀ ਦੇ ਪ੍ਰਮੁਖ ਨੇਤਾਵਾਂ ਸਮੇਤ ਜਥਿਆਂ ਵਿਚ ਗਏ ਅਨੇਕਾਂ ਸਿੱਖਾਂ ਨੂੰ ਪੁਲਿਸ ਪ੍ਰਸਾਸ਼ਨ ਨੇ ਗ੍ਰਿਫ਼ਤਾਰ ਕਰ ਲਿਆ। ਬਰਤਾਨਵੀ ਪੁਲਿਸ ਵਲੋਂ ਸਿੱਖਾਂ ਨੂੰ ਗਾਰੇ ਵਿਚ ਸੁੱਟਿਆ ਜਾਂਦਾ ਅਤੇ ਸੜਕਾਂ ਉੱਤੇ ਬੁਰੀ ਤਰਾਂ ਕੁੱਟਿਆ ਜਾਂਦਾ ਸੀ।ਲਾਗਲੇ ਪਿੰਡਾਂ ਤੋਂ ਆਉਣ ਵਾਲੀ ਰਸਦ, ਪਾਣੀ ਨੂੰ ਰੋਕਿਆ ਜਾਂਦਾ ਅਤੇ ਅਕਾਲੀਆਂ ਨੂੰ ਜੇਲ੍ਹਾਂ ਵਿਚ ਬੰਦ ਕਰਕੇ ਅਨੇਕਾਂ ਘਾਤਕ ਤਰ੍ਹਾਂ ਦੇ ਤਸੀਹੇ ਦਿੱਤੇ ਜਾਂਦੇ ਸਨ, ਪਰ ਅਕਾਲੀ ਜਥੇ ਨਿਰੰਤਰ ਸ਼ਾਂਤਮਈ ਤੇ ਅਡੋਲ ਰੂਪ ਵਿਚ ਜਾਂਦੇ ਰਹੇ।

25 ਅਗਸਤ, 1922 ਨੂੰ ਜਥੇ ਵਿਚ ਭਾਰੀ ਗਿਣਤੀ ਵਿਚ ਇਕੱਠੇ ਹੋਏ ਅਕਾਲੀ ਸਿੱਖਾਂ ਉਪਰ ਬਰਤਾਨਵੀ ਅਫ਼ਸਰ ਦੇ ਐਡੀਸ਼ਨਲ ਪੁਲਿਸ ਸੁਪਰਡੈਂਟ ਐਸ.ਜੀ.ਐਮ ਬੀਆਟੀ ਨੇ ਪੁਲਿਸ ਨੂੰ ਹੁਕਮ ਦਿੱਤਾ ਕਿ ਸਿੱਖਾਂ ਦੇ ਜਥਿਆਂ ਨੂੰ ਖਦੇੜਣ ਲਈ ਸਖ਼ਤ ਲਾਠੀਚਾਰਜ ਕੀਤਾ ਜਾਵੇ।ਇਸ ਕਾਰਵਾਈ ਕਾਰਨ ਫ਼ੈਲੇ ਰੋਸ ਕਾਰਨ ਅਕਾਲੀ ਜਥਿਆਂ ਵਿਚ ਆਪ ਮੁਹਾਰੇ ਗਿਣਤੀ ਵਧਦੀ ਗਈ। 26 ਅਗਸਤ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਹੁਕਮਾਂ ਅਧੀਨ ਅੱਠ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਰ ਤੇਜਾ ਸਿੰਘ ਸਮੁੰਦਰੀ ਦੀ ਪ੍ਰਧਾਨਗੀ ਅਧੀਨ ਸ਼੍ਰੋਮਣੀ ਕਮੇਟੀ ਦੇ ਜਥੇ ਗੁਰੂ ਕਾ ਬਾਗ਼ ਵਿਖੇ ਲਗਾਤਾਰ ਜਾਰੀ ਰਹੇ।

ਜਥਿਆਂ ਵਿਚ ਬਣੀ ਕਮੇਟੀ ਵਲੋਂ ਭਾਗ ਲੈਣ ਵਾਲੇ ਮੈਂਬਰ ਕਾਲੀਆਂ ਪੱਗਾਂ ਬੰਨ ਕੇ ਜਾਂਦੇ ਸਨ।ਪੰਜਾਬ ਦੇ ਲੈਫਟੀਨੈਂਟ ਗਵਰਨਰ-ਜਨਰਲ ਸਰ ਐਡਵਰਡ ਮੈਕਲਾਗਨ ਨੇ 13 ਸਤੰਬਰ, 1922 ਨੂੰ ਗੁਰੂ ਕਾ ਬਾਗ਼ ਸਥਾਨ ਦਾ ਦੌਰਾ ਕੀਤਾ। ਉਨ੍ਹਾਂ ਇਸ ਫੇਰੀ ਸਮੇਂ ਹੁਕਮ ਦਿੱਤੇ ਕਿ ਜਥਿਆਂ ਵਿਚ ਗਏ ਅਕਾਲੀ ਸਿੱਖਾਂ, ਵਲੰਟੀਅਰਾਂ ਅਤੇ ਸਮਾਜ ਸੇਵਕਾਂ ਉਪਰ ਕੀਤੇ ਜਾਂਦੇ ਅਤਿਆਚਾਰ ਬੰਦ ਕੀਤੇ ਜਾਣ।ਉਨ੍ਹਾਂ ਦੇ ਹੁਕਮਾਂ ਨਾਲ ਹੀ ਸਿੱਖਾਂ ਦੀਆਂ ਜੋ ਜਾਇਦਾਦਾਂ ਮੋਰਚੇ ਦੌਰਾਨ ਜ਼ਬਤ ਕੀਤੀਆਂ ਗਈਆਂ ਸਨ, ਵਾਪਸ ਕਰਨ ਦੇ ਹੁਕਮ ਹੋਏ ਅਤੇ ਸਮੂਹਕ ਰੂਪ ਵਿਚ ਗ੍ਰਿਫਤਾਰੀਆਂ ਵੀ ਬੰਦ ਕੀਤੀਆਂ ਗਈਆਂ ਸਨ। 17 ਨਵੰਬਰ, 1922 ਨੂੰ ਗੁਰੂ ਕਾ ਬਾਗ਼ ਮੋਰਚੇ ਦੀ 524 ਕਨਾਲ ਅਤੇ 12 ਮਰਲੇ ਜ਼ਮੀਨ ਨੂੰ ਸਰ ਗੰਗਾ ਰਾਮ ਵਲੋਂ ਮਹੰਤ ਸੁੰਦਰ ਦਾਸ ਤੋਂ ਲੈ ਕੇ ਅਕਾਲੀਆਂ ਦੇ ਹਵਾਲੇ ਕੀਤੀ ਗਈ ਸੀ। 27 ਅਪ੍ਰੈਲ, 1923 ਨੂੰ ਪੰਜਾਬ ਸਰਕਾਰ ਦੇ ਹੁਕਮਾਂ ਅਧੀਨ ਗੁਰੂ ਕਾ ਬਾਗ਼ ਮੋਰਚੇ ਦੌਰਾਨ ਗ੍ਰਿਫਤਾਰ ਕੀਤੇ ਗਏ ਸਾਰੇ ਅਕਾਲੀ ਸਿੱਖਾਂ ਤੇ ਹੋਰ ਕੈਦੀਆਂ ਨੂੰ ਰਿਹਾਅ ਕੀਤਾ ਗਿਆ।ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਰਿਕਾਰਡ ਅਨੁਸਾਰ ਇਸ ਮੋਰਚੇ ਦੌਰਾਨ 5605 ਸਿੱਖਾਂ ਨੂੰ ਜੇਲ੍ਹ ਭੇਜਿਆ ਗਿਆ ਸੀ। ਇਸ ਮੋਰਚੇ ਦੌਰਾਨ ਕੇਵਲ 8 ਅਗਸਤ ਤੋਂ 17 ਅਗਸਤ 1922 ਤੱਕ 12 ਅਕਾਲੀ ਸਿੱਖਾਂ ਨੂੰ ਜਾਨ ਗੁਆਉਣੀ ਪਈ ਸੀ ਤੇ 1500 ਸਿੱਖ ਗੰਭੀਰ ਜ਼ਖ਼ਮੀ ਹੋਏ।

ਇਹ ਮੋਰਚਾ ਪੂਰਨ ਰੂਪ ਵਿਚ ਸ਼ਾਂਤਮਈ ਸੀ। ਜੋ ਗੁਰਦੁਆਰਾ ਸੁਧਾਰ ਲਹਿਰ ਦੀ ਇਕ ਮਹੱਤਵਪੂਰਨ ਪ੍ਰਾਪਤੀ ਸੀ, ਜਿਸ ਨੇ ਨਾ ਕੇਵਲ ਪੰਜਾਬ ਸਗੋਂ ਭਾਰਤੀ ਅਜ਼ਾਦੀ ਸੰਗਰਾਮ ਦੇ ਨਾਜ਼ੁਕ ਸਮੇਂ ਦੌਰਾਨ ਮਹੱਤਵਪੂਰਨ ਯੋਗਦਾਨ ਪਾਇਆ ਹੈ। ਅਮਰੀਕਾ ਦੇ ਪੱਤਰਕਾਰ ਏ.ਐਲ. ਵਰਗਸ ਨੇ ਉਸ ਸਮੇਂ ਇਸ ਮੋਰਚੇ ਦੀ ਇੱਕ ਦਸਤਾਵੇਜ਼ੀ ਫ਼ਿਲਮ ਬਣਾਈ।

### ਗਾਂਧੀ ਸਣੇ ਕੌਮੀ ਲੀਡਰਾਂ ਨੇ ਪ੍ਰਸ਼ੰਸਾ ਕੀਤੀ

ਗੁਰੂ ਕਾ ਬਾਗ਼ ਮੋਰਚੇ ਦੀ ਘਟਨਾ ਦੇ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ 'ਤੇ ਅਨੇਕਾਂ ਮਹੱਤਵਪੂਰਨ ਪ੍ਰਭਾਵ ਪਏ।

ਇੰਗਲੈਂਡ ਦੇ ਇਸਾਈ ਪਾਦਰੀ ਸੀ.ਐਫ. ਐਨਡਰਿਊਜ਼ ਨੇ ਘਟਨਾ ਸਥਾਨ ਦੀ ਫੇਰੀ ਦੌਰਾਨ ਕਿਹਾ ਕਿ ਉਨ੍ਹਾਂ ਨੂੰ ਨਿਰਦੋਸ਼ ਅਕਾਲੀ ਸਿੱਖਾਂ ਉਪਰ ਹੁੰਦੇ ਅੱਤਿਆਚਾਰ ਵੇਖ ਕੇ ਇਹ ਲੱਗ ਰਿਹਾ ਹੈ ਕਿ ਇਹ ਅੱਤਿਆਚਾਰ ਯਸੂ ਮਸੀਹ ਉੱਤੇ ਹੋ ਰਹੇ ਹਨ।

ਭਾਰਤ ਵਿੱਚ ਰਾਸ਼ਟਰੀ ਪੱਧਰ 'ਤੇ ਚੱਲ ਰਹੇ ਸੁਤੰਤਰਤਾ ਸੰਗਰਾਮ ਦੇ ਅੰਦੋਲਨ ਵਿਚ ਮਹਾਤਮਾ ਗਾਂਧੀ ਨੂੰ ਵੀ ਇਹ ਪੱਕਾ ਵਿਸ਼ਵਾਸ ਹੋਇਆ ਕਿ ਸੱਤਿਆਗ੍ਰਹਿ ਅਤੇ ਸ਼ਾਂਤੀ ਪਾਬੰਦ ਅਕਾਲੀ ਸਿੱਖਾਂ ਦਾ ਇਹ ਮੋਰਚਾ ਰਾਸ਼ਟਰੀ ਅਜ਼ਾਦੀ ਦਾ ਮੀਲ ਪੱਥਰ ਸਥਾਪਤ ਹੋਵੇਗਾ।

ਲਾਲਾ ਲਾਜਪਤ ਰਾਏ ਅਤੇ ਹੋਰ ਅਨੇਕਾਂ ਰਾਸ਼ਟਰੀ ਨੇਤਾਵਾਂ ਦੁਆਰਾ ਗੁਰੂ ਕਾ ਬਾਗ਼ ਮੋਰਚੇ ਦੀ ਪ੍ਰਸ਼ੰਸਾ ਕੀਤੀ ਗਈ ਸੀ।

# ਗੁਰਦੁਆਰਾ ਸਾਹਿਬ ਵਿਖੇ ਦੋ ਧੜਿਆਂ 'ਚ ਪ੍ਰਧਾਨਗੀ ਨੂੰ ਲੈ ਕੇ ਹੋਈ ਲੜਾਈ

## ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਲਿਆ ਨੋਟਿਸ



ਫ਼ਰੀਦਕੋਟ/ਏ.ਟੀ.ਨਿਊਜ਼ :- ਸਥਾਨਕ ਸ਼ਹਿਰ ਦੀ ਜਰਮਨ ਕਾਲੋਨੀ ਵਿਖੇ ਬਣੇ ਗੁਰਦੁਆਰਾ ਸਾਹਿਬ ਵਿਚ ਅੱਸੂ ਦੀ ਸੰਗਰਾਂਦ ਮੌਕੇ ਕਾਬਜ਼ ਧੜੇ ਅਤੇ ਪ੍ਰਧਾਨਗੀ ਦੇ ਚਾਹਵਾਨ ਧੜੇ ਨੇ ਪਹਿਲਾਂ ਤੂੰ-ਤੂੰ ਮੈਂ -ਮੈਂ ਕਰਨੀ ਸ਼ੁਰੂ ਕਰ ਦਿੱਤੀ ਅਤੇ ਦੇਖਦੇ-ਦੇਖਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਪਏ ਸ਼ਾਸ਼ਤਰਾਂ ਨੂੰ ਚੁੱਕੇ ਕੇ ਜਿਨ੍ਹਾਂ ਵਿਚ ਕਿਰਪਾਨਾਂ ਵੀ ਸ਼ਾਮਿਲ ਸਨ ਇਕ ਦੂਸਰੇ 'ਤੇ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਬਹਿਸ ਉਸ ਵਕਤ ਲੜਾਈ ਵਿਚ ਬਦਲ ਗਈ ਜਦੋਂ ਪ੍ਰਧਾਨਗੀ ਦੀ ਚੋਣ ਨੂੰ ਲੈ ਕੇ ਗੱਲਬਾਤ ਹੋ ਰਹੀ ਸੀ ਤਾਂ ਗੁਰਦੁਆਰਾ ਸਾਹਿਬ ਦੀ ਮੌਜੂਦਾ ਕਮੇਟੀ ਅਤੇ ਸਾਬਕਾ ਕਮੇਟੀ ਦੇ ਮੈਂਬਰਾਂ ਵਿਚ ਤਕਰਾਰ ਹੋ ਗਈ ਜੋ ਵੇਖਦੇ ਹੀ ਵੇਖਦੇ ਲੜਾਈ ਵਿਚ ਬਦਲ ਗਈ। ਇਸ ਮਾਮਲੇ ਵਿਚ ਡੀ.ਐਸ.ਪੀ. ਜਸਮੀਤ ਸਿੰਘ ਨੇ ਦੱਸਿਆ ਕਿ ਇਹ ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਸਿਟੀ ਦੇ ਮੁਖੀ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਨੂੰ ਕੰਟਰੋਲ ਵਿਚ ਕੀਤਾ। ਇਸ ਝਗੜੇ ਵਿਚ ਦੋ ਵਿਅਕਤੀ ਜ਼ਖ਼ਮੀ ਹੋਏ ਸਨ। ਜਿਸ ਵਿਚ ਇਕ ਔਰਤ ਸ਼ਾਮਿਲ ਸੀ। ਔਰਤ ਪ੍ਰਭਜੋਤ ਕੌਰ ਦੇ ਬਿਆਨਾਂ ਦੇ ਆਧਾਰ 'ਤੇ ਪੁਲਿਸ ਨੇ ਵੱਖ ਵੱਖ ਧਰਾਵਾਂ ਦੇ ਤਹਿਤ 9 ਵਿਅਕਤੀਆਂ ਵਿਰੁਧ ਮਾਮਲਾ ਦਰਜ ਕੀਤਾ ਹੈ। ਇਨ੍ਹਾਂ ਵਿਚੋਂ 3 ਵਿਅਕਤੀਆਂ ਦੀ ਗ੍ਰਿਫ਼ਤਾਰੀ ਹੋ ਚੁੱਕੀ ਹੈ।

ਸੰਗਰਾਂਦ ਦੇ ਪਾਵਨ ਦਿਹਾੜੇ 'ਤੇ ਫਰੀਦਕੋਟ ਦੀ ਜਰਮਨ ਕਲੋਨੀ ਦੇ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਪ੍ਰਧਾਨਗੀ ਨੂੰ ਲੈ ਕੇ ਹੋਈ ਲੜਾਈ ਦਾ ਕਰੜਾ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਮਾਮਲੇ ਦੀ ਤੁਰੰਤ ਜਾਂਚ ਕਰਾਉਣ ਦੇ ਆਦੇਸ਼ ਦਿੱਤੇ ਗਏ ਹਨ। ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਸਿੰਘ ਸਾਹਿਬ ਵਲੋਂ ਜਾਰੀ ਸੂਚਨਾ ਵਿਚ ਨਿੱਜੀ ਸਹਾਇਕ ਜਸਪਾਲ ਸਿੰਘ ਢੱਡੇ ਨੇ ਦੱਸਿਆ ਕਿ ਸਿੰਘ ਸਾਹਿਬ, ਜੋ ਗੁਰਮਤਿ ਸਮਾਗਮਾਂ ਵਿਚ ਸ਼ਾਮਿਲ ਹੋਣ ਲਈ ਉੱਤਰ ਪ੍ਰਦੇਸ਼ ਵਿਖੇ ਗਏ ਹੋਏ ਹਨ, ਨੇ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਦੋ ਧੜਿਆਂ ਵਿਚ ਹੋਈ ਲੜਾਈ ਦੌਰਾਨ ਕੇਸਾਂ ਤੇ ਦਸਤਾਰਾਂ ਦੀ ਬੇਅਦਬੀ ਦਾ ਸਖ਼ਤ ਨੋਟਿਸ ਲਿਆ ਹੈ।

# ਪਾਕਿਸਤਾਨ ਵਲੋਂ 22 ਨੂੰ ਮਨਾਇਆ ਜਾਵੇਗਾ 'ਪਹਿਲੀ ਪਾਤਿਸ਼ਾਹੀ ਦਾ ਜੋਤੀ ਜੋਤਿ ਦਿਵਸ'

## ਦਿੱਲੀ ਦੇ ਕੁੱਝ ਸਿੱਖ ਆਗੂ ਇਕ ਜਥੇ ਸਮੇਤ ਜੋਤੀ ਜੋਤਿ ਦਿਵਸ ਮੌਕੇ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਲਾਂਘੇ ਰਾਹੀਂ ਦਰਸ਼ਨ ਕਰਨਗੇ



ਅੰਮ੍ਰਿਤਸਰ/ਏ.ਟੀ.ਨਿਊਜ਼ :- ਨਾਨਕਸ਼ਾਹੀ ਕੈਲੰਡਰ ਵਿਵਾਦ ਦੇ ਚੱਲਦਿਆਂ ਪਿਛਲੇ ਕੁਝ ਸਾਲਾਂ ਦੀ ਤਰ੍ਹਾਂ ਇਸ ਵਾਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤਿ ਦਿਵਸ ਸ਼੍ਰੋਮਣੀ ਕਮੇਟੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਕਮੇਟੀ ਵਲੋਂ ਵੱਖ-ਵੱਖ ਮਿਤੀਆਂ ਨੂੰ ਮਨਾਏ ਜਾ ਰਹੇ ਹਨ। ਵਾਰ-ਵਾਰ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਸ਼੍ਰੋਮਣੀ ਕਮੇਟੀ ਵਲੋਂ ਇਹ ਦਿਹਾੜਾ ਇਸ ਵਾਰ 20 ਸਤੰਬਰ ਨੂੰ ਮਨਾਇਆ ਗਿਆ।ਜਦੋਂਕਿ ਹੋਰ ਕਈ ਦੇਸ਼ ਵਿਦੇਸ਼ ਦੀਆਂ ਸਿੱਖ ਜਥੇਬੰਦੀਆਂ ਸਮੇਤ ਪਾਕਿਸਤਾਨ ਸਿੱਖ ਗੁਰਦੁਆਰਾ ਕਮੇਟੀ, ਜੋ ਮੂਲ ਨਾਨਕਸ਼ਾਹੀ ਕੈਲੰਡਰ ਲਾਗੂ ਹੋਣ ਤੋਂ ਲੈ ਕੇ ਅੱਜ ਤੱਕ ਇਸ 'ਤੇ ਪਹਿਰਾ ਦਿੰਦੀ ਆ ਰਹੀ ਹੈ, ਵਲੋਂ ਇਹ ਦਿਹਾੜਾ ਪਿਛਲੇ ਸਾਲਾਂ ਦੀ ਤਰ੍ਹਾਂ 22 ਸਤੰਬਰ ਨੂੰ ਹੀ ਮਨਾਇਆ ਜਾ ਰਿਹਾ ਹੈ। ਹੁਣ 22 ਸਤੰਬਰ ਨੂੰ ਗੁਰਦੁਆਰਾ ਸ੍ਰੀ ਕਰਤਾਰ ਸਾਹਿਬ ਨਾਰੋਵਾਲ, ਜੋ ਪਹਿਲੇ ਪਾਤਸ਼ਾਹ ਦੀ ਕਰਮ ਭੂਮੀ ਅਤੇ ਜੋਤੀ ਜੋਤਿ ਅਸਥਾਨ ਵੀ ਹੈ, ਵਿਖੇ ਮਨਾਏ ਜਾਣ ਵਾਲੇ ਸਮਾਗਮ ਵਿਚ ਕਰੀਬ ਮਹੀਨਾ ਪਹਿਲਾਂ ਦਰਸ਼ਨਾਂ ਲਈ ਆਨਲਾਈਨ ਅਪਲਾਈ ਕਰਨ ਵਾਲੇ ਭਾਰਤ ਦੇ ਕੁੱਝ ਸ਼ਰਧਾਲੂ ਤਾਂ ਸ਼ਾਮਿਲ ਹੋ ਸਕਣਗੇ, ਪਰ ਜਾਣਕਾਰੀ ਅਨੁਸਾਰ ਇਸ ਵਾਰ ਜਥੇਦਾਰ ਅਕਾਲ ਤਖ਼ਤ ਸਾਹਿਬ ਜਾਂ ਕਿਸੇ ਸੀਨੀਅਰ ਸ਼੍ਰੋਮਣੀ ਕਮੇਟੀ ਅਧਿਕਾਰੀ ਦੇ ਇਸ ਦਿਨ ਸ੍ਰੀ ਕਰਤਾਰਪੁਰ ਸਾਹਿਬ ਦਰਸ਼ਨ ਕਰਨ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ। ਦੂਜੇ ਪਾਸੇ ਦਿੱਲੀ ਦੇ ਕੁੱਝ ਸਿੱਖ ਆਗੂਆਂ ਦੇ ਇਕ ਛੋਟੇ ਜਥੇ ਸਮੇਤ ਜੋਤੀ ਜੋਤਿ ਦਿਵਸ ਮੌਕੇ 22 ਸਤੰਬਰ ਨੂੰ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਲਾਂਘੇ ਰਾਹੀਂ ਦਰਸ਼ਨ ਕਰਨ ਜਾਣ ਦੀ ਸੂਚਨਾ ਹੈ।

### ਜੋਤੀ ਜੋਤਿ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ

ਕਰਤਾਰਪੁਰ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਨੇ ਜ਼ਿੰਦਗੀ ਦੇ 18 ਸਾਲ ਗੁਜ਼ਾਰੇ। ਰਾਵੀ ਦਰਿਆ ਦੇ ਕੰਢੇ ਇਸ ਅਸਥਾਨ ਤੇ ਆਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ। ਜਿਸ ਅਸਥਾਨ ਪੁਰ ਸਿੱਖਾਂ ਅਤੇ ਹਿੰਦੂਆਂ ਨੇ ਗੁਰੂ ਨਾਨਕ ਪਾਤਸ਼ਾਹ ਦੀ ਦੇਹ ਦਾ ਸਸਕਾਰ ਕੀਤਾ ਸੀ।ਗੁਰੂ ਨਾਨਕ ਦੇਵ ਜੀ ਕਰਤਾਰਪੁਰ ਸਾਹਿਬ ਵਿਖੇ, ਜੋ ਸਤਿਗੁਰਾਂ ਨੇ ਸੰਮਤ 1561 ਵਿਚ ਵਸਾਇਆ ਸੀ, ਜੋਤੀ ਜੋਤਿ ਸਮਾਏ ਸਨ। ਇਸ ਪਵਿੱਤਰ ਅਸਥਾਨ ਤੇ ਦੇਸ਼ਾਂ ਦੇਸ਼ਾਂਤਰਾਂ ਵਿਚ ਸਿੱਖ ਧਰਮ ਦਾ ਉਪਦੇਸ਼ ਦੇਣ ਉਪਰੰਤ ਸਤਿਗੁਰੂ ਜੀ ਨੇ ਸੰਮਤ 1579 ਵਿਚ ਰਿਹਾਇਸ਼ ਕੀਤੀ ਸੀ। ਭਾਈ ਗੁਰਦਾਸ ਜੀ ਲਿਖਦੇ ਹਨ :-

'ਬਾਬਾ ਆਇਆ ਕਰਤਾਰਪੁਰ, ਭੇਖ ਉਦਾਸੀ ਸਗਲ ਉਤਾਰਾ।।
ਪਹਿਰ ਸੰਸਾਰੀ ਕਪੜੇ, ਮੰਜੀ ਬੈਠ ਕੀਆ ਅਵਤਾਰਾ।।

ਇਸ ਨਗਰ ਦੇ ਵਸਾਉਣ ਵਿਚ ਭਾਈ ਦੋਦਾ ਅਤੇ ਦੁਨੀ ਚੰਦ (ਕਰੋੜੀ ਮੱਲ) ਦਾ ਉੱਦਮ ਹੋਇਆ, ਜਿਨ੍ਹਾਂ ਨੇ ਸਤਿਗੁਰੂ ਲਈ ਪਿੰਡ ਵਸਾ ਕੇ ਧਰਮਸ਼ਾਲ ਬਣਵਾਈ। ਬਾਬਾ ਲਹਿਣਾ ਜੀ ਦਾ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਕਰਤਾਰਪੁਰ ਸਾਹਿਬ ਵਿਖੇ ਅਕਤੂਬਰ-ਨਵੰਬਰ ਸੰਨ 1532 ਵਿਚ ਹੋਇਆ। ਰੂਹ ਨੂੰ ਅਜਿਹੀ ਖਿੱਚ ਪਈ ਕਿ ਉਹ ਗੁਰ ਚਰਨ-ਕਮਲਾਂ ਦੇ ਭੌਰੇ ਹੋ ਗਏ। ਪਰਿਵਾਰਕ ਜ਼ਿੰਮੇਵਾਰੀਆਂ ਤੋਂ ਜਦੋਂ ਵੀ ਮੌਕਾ ਮਿਲਦਾ, ਖਡੂਰ ਸਾਹਿਬ ਤੋਂ ਕਰਤਾਰਪੁਰ ਪਹੁੰਚ ਜਾਂਦੇ। ਗੁਰੂ ਨਾਨਕ ਦੇਵ ਜੀ ਵੀ ਮਾਝੇ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਬਾਬਾ ਲਹਿਣਾ ਜੀ ਪਾਸ ਖਡੂਰ ਸਾਹਿਬ ਠਹਿਰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਨੂੰ ਆਪਣੇ ਗਲ਼ ਲਾਇਆ ਤੇ ਆਖਿਆ, 'ਤੇਰੇ ਮੇਰੇ ਵਿਚ ਕੋਈ ਵਿੱਥ ਨਹੀਂ ਰਹੀ।' ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਦਾ ਨਵਾਂ ਨਾਂ ਧਰ ਦਿੱਤਾ- ਅੰਗਦ। ਜੀਵਨ ਤਬਦੀਲ ਕਰ ਦਿੱਤਾ, ਨਾਂ ਵੀ ਤਬਦੀਲ ਕਰ ਦਿੱਤਾ।

ਆਪਣਾ ਜੋਤੀ ਜੋਤਿ ਸਮਾਉਣ ਦਾ ਸਮਾਂ ਨੇੜੇ ਜਾਣ ਕੇ 2 ਅੱਸੂ ਸੰਮਤ 1596, ਮੁਤਾਬਿਕ 2 ਸਤੰਬਰ 1539 ਨੂੰ ਗੁਰੂ ਨਾਨਕ ਦੇਵ ਜੀ ਨੇ ਸਭ ਪਰਿਵਾਰ ਨੂੰ ਇਕੱਠਾ ਕੀਤਾ। ਪਿੰਡ ਦੇ ਸਭ ਲੋਕਾਂ ਨੂੰ ਸੱਦਿਆ ਤੇ ਸਾਰਿਆਂ ਦੇ ਸਾਹਮਣੇ ਭਾਈ ਲਹਿਣਾ ਜੀ ਅੱਗੇ ਪੰਜ ਪੈਸੇ ਰੱਖ ਕੇ ਮੱਥਾ ਟੇਕਿਆ।

(ਬਾਕੀ ਸਫ਼ਾ 31 'ਤੇ)



# ਜੋਗੀ

## ‘ਦਿ ਦਿੱਲੀ ਫਾਈਲਜ਼’

## ਨਵੰਬਰ ’84 ਬਾਰੇ ਸੱਚੀ ਤਸਵੀਰ



ਪ੍ਰੋ. ਸਰਚਾਂਦ ਸਿੰਘ ਖਿਆਲਾ
ਮੋ. 9781355522




> “ਅਜਿਹੀਆਂ ਫ਼ਿਲਮਾਂ 38 ਸਾਲਾਂ ਤੋਂ ਇਨਸਾਫ਼ ਨੂੰ ਉਡੀਕ ਰਹੇ ਹਜ਼ਾਰਾਂ ਬੇਕਸੂਰ ਪੀੜਤਾਂ ਨੂੰ ਇਨਸਾਫ਼ ਦਿਵਾਉਣ ’ਚ ਸਰਕਾਰੀ ਤੰਤਰ ਨੂੰ ਮਜਬੂਰ ਕਰਨ ’ਚ ਭੂਮਿਕਾ ਨਿਭਾਉਣਗੀਆਂ। ’84 ਦੇ ਪੂਰੇ ਵਿਸ਼ੇ ਨੂੰ ਇਕ ਫ਼ਿਲਮ ’ਚ ਸਮਾ ਲਿਆ ਜਾਵੇ ਇਹ ਸੰਭਵ ਨਹੀਂ, ਫਿਰ ਵੀ ਦੇਸ਼ ਸਮਾਜ ਨੂੰ ਜਾਗਰੂਕ ਕਰਨ ਦੇ ਸਰੋਕਾਰ ਹਿਤ ਬਣਾਈ ਗਈ ਇਸ ਤਰਾਂ ਦੀਆਂ ਫ਼ਿਲਮਾਂ ਦੀ ਪ੍ਰਸੰਸਾ ਕਰਨੀ ਬਣਦੀ ਹੈ। ਜੋਗੀ, ਬਾਲੀਵੁੱਡ ਸਿਨੇਮਾ ਪੱਖੋਂ ਕੁਝ ਕਮਜ਼ੋਰੀਆਂ ਦੇ ਬਾਵਜੂਦ ਇੱਕ ਸੰਵੇਦਨਸ਼ੀਲ ਮੁੱਦੇ ’ਤੇ ਬਣਾਈ ਗਈ ਇੱਕ ਚੰਗੀ ਫ਼ਿਲਮ ਹੈ।”

1990 ਦੇ ਦਹਾਕੇ ਦੌਰਾਨ ਕਸ਼ਮੀਰ ਵਾਦੀ ’ਚੋਂ ਕਸ਼ਮੀਰੀ ਪੰਡਿਤਾਂ ਦੇ ਪਲਾਇਨ ਕਰਨ ਦੇ ਸੰਵੇਦਨਸ਼ੀਲ ਮੁੱਦੇ ਦੀ ਤ੍ਰਾਸਦੀ ਨੂੰ ਵਿਵੇਕ ਅਗਨੀਹੋਤਰੀ ਵਲੋਂ ਕੁਝ ਸਮੇਂ ਪਹਿਲਾਂ ‘ਦਿ ਕਸ਼ਮੀਰ ਫਾਈਲਜ਼’ ਰਾਹੀਂ ਵੱਡੇ ਪਰਦੇ ’ਤੇ ਇਕ ਦਲੇਰਾਨਾ ਪੇਸ਼ਕਾਰੀ ਕੀਤੀ ਗਈ। ਉਸੇ ਤਰਾਂ ਦਿਲਜੀਤ ਦੁਸਾਂਝ ਦੀ ਮੁੱਖ ਭੂਮਿਕਾ ਨਾਲ ਅਲੀ ਅੱਬਾਸ ਜ਼ਫ਼ਰ ਨੇ ‘ਦਿ ਦਿੱਲੀ ਫਾਈਲਜ਼’ ਜੋਗੀ ਨੂੰ ਨਿਰਦੇਸ਼ਤ ਕਰਦਿਆਂ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਖ਼ੌਫ਼ਨਾਕ ਵਰਤਾਰੇ ਨੂੰ ‘ਨੈਟਫਲਿਕਸ’ ਰਾਹੀਂ ਪੂਰੀ ਦੁਨੀਆ ਦੇ ਰੂਬਰੂ ਕੀਤਾ ਹੈ। 38 ਸਾਲ ਪਹਿਲਾਂ ਦਾ ਉਹ ਦੁਖਾਂਤ ਪੰਜਾਬੀ ਸਿਨੇਮੇ ’ਚ ਕਈ ਵਾਰ ਰੂਪਮਾਨ ਕੀਤਾ ਜਾ ਚੁੱਕਾ ਹੈ। ਹਿੰਦੀ ਸਿਨੇਮਾ ’ਚ ਦਲਜੀਤ ਦੁਸਾਂਝ ਦੀ ਇਸ ਵਿਸ਼ੇ ’ਤੇ ਪਹਿਲੀ ਪੇਸ਼ਕਾਰੀ ਹੈ। ਇਸ ਤੋ ਪਹਿਲਾਂ ਉਹ 2014 ਵਿੱਚ ਸਿੱਖ ਭਾਈਚਾਰੇ ਦੀ ਤ੍ਰਾਸਦੀ ਪ੍ਰਤੀ ਪੰਜਾਬੀ ਫ਼ਿਲਮ ‘ਪੰਜਾਬ 1984’ ਵਿੱਚ ਅਭਿਨੈ ਕਰ ਚੁੱਕੇ ਹਨ। ਇਕ ਰਾਸ਼ਟਰੀ ਦੁਖਾਂਤ ਨੂੰ ਵਿਅਕਤੀਗਤ ਰੂਪ ਦੇਣ ਦੇ ਬਾਵਜੂਦ, ਜੋਗੀ ਨੇ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਕਾਂਗਰਸ ਸਰਕਾਰ ਦੀ ਨਫਰਤੀ ਵਰਤਾਰੇ ਤਹਿਤ ਦੇ ਸਿੱਖ ਨਸਲਕੁਸ਼ੀ ਦੌਰਾਨ ਜੋ ਸਿੱਖ ਭਾਈਚਾਰੇ ਨੂੰ ਦੁੱਖ ਝੱਲਣਾ ਪਿਆ ਉਸ ਸੱਚ ਅਤੇ ਪੀੜਾ ਨੂੰ ਬਿਆਨ ਕੀਤਾ ਹੈ।

ਨਿਰਸੰਦੇਹ ਚਰਚਾ ਦਾ ਵਿਸ਼ਾ ਬਣੀ ਇਹ ਫ਼ਿਲਮ ਉਨ੍ਹਾਂ ਸਿਆਸੀ ਪਰਿਵਾਰਾਂ ਅਤੇ ਪਾਰਟੀ ਦੇ ਲੋਕਾਂ ਨੂੰ ਔਖੀ ਮਹਿਸੂਸ ਕਰੇਗੀ, ਜਿਨ੍ਹਾਂ ਨੇ ਅਜ਼ਾਦੀ ਉਪਰੰਤ ਦੇਸ਼ ਦੀ ਵਾਗਡੋਰ ਸੰਭਾਲਦਿਆਂ ਸਵਾਰਥ ’ਚ ਆ ਕੇ ਪੰਜਾਬ ਅਤੇ ਸਿੱਖਾਂ ਪ੍ਰਤੀ ਗ਼ਲਤ ਫ਼ੈਸਲੇ ਲਏ। ਹਿੰਦੂ ਅਤੇ ਸਿੱਖ ਭਾਈਚਾਰਿਆਂ ’ਚ ਨਫ਼ਰਤ ਪੈਦਾ ਕਰਨ ਤੋਂ ਇਲਾਵਾ ਮਨੁੱਖਤਾ ਅਤੇ ਸਭਿਅਤਾ ਦੇ ਘਾਣ ਦੀ ਉਹ ਦਾਸਤਾਨ ਲਿਖੀ ਗਈ ਜਿਸ ਪ੍ਰਤੀ ਹਿੰਦੂ ਸਿੱਖਾਂ ਨੇ ਕਦੀ ਸੁਪਨੇ ’ਚ ਵੀ ਨਹੀਂ ਸੋਚਿਆ ਸੀ। ਦਿਲੀ ਸਮੇਤ ਦੇਸ਼ ਭਰ ’ਚ ਨਵੰਬਰ ’84 ਦਾ ਪਹਿਲਾ ਹਫ਼ਤਾ, ਇਕ ਖ਼ੌਫ਼ਨਾਕ ਵਰਤਾਰਾ ਸੀ ਜਿੱਥੇ ਸਿੱਖ ਹੋਣ ਦਾ ਮਤਲਬ ਮੌਤ ਸੀ। ਸਿੱਖ ਭਾਈਚਾਰਾ ਜਿਸ ਨੇ ਆਪਣੀ ਕਿਸਮਤ ਭਾਰਤ ਨਾਲ ਜੋੜ ਲਈ, ਦੇਸ਼ ਨੂੰ ਅਜ਼ਾਦ ਕਰਾਉਣ ਅਤੇ ਪੁਨਰ ਨਿਰਮਾਣ ’ਚ ਸਭ ਤੋਂ ਵੱਧ ਖ਼ੂਨ ਵਹਾਇਆ, ਨੇ ਕਦੀ ਨਹੀਂ ਸੋਚਿਆ ਕਿ 37 ਸਾਲ ਬਾਅਦ ਉਸੇ ਦੇਸ਼ ਵਿਚ ਇਸ ਨੂੰ ਬੇਆਬਰੂ ਹੋਣ ਦਾ ਦਰਦ ਸਹਿਣਾ ਪਵੇਗਾ। ਉਸ ਦੇ ਬੇਕਸੂਰ ਲੋਕਾਂ ਨੂੰ ਇਸ ਲਈ ਨਿਸ਼ਾਨਾ ਬਣਾਇਆ ਜਾਵੇਗਾ ਕਿਉਂਕਿ ਉਨ੍ਹਾਂ ਨੇ ਸਿਰਾਂ ’ਤੇ ਪੱਗਾਂ ਬੰਨੀਆਂ ਅਤੇ ਦਾੜ੍ਹੀਆਂ ਰੱਖੀਆਂ ਹੋਈਆਂ ਸਨ। ਦਿੱਲੀ ਸਮੇਤ ਦੇਸ਼ ਦੇ 18 ਸੂਬਿਆਂ ਦੇ ਸੌ ਤੋਂ ਵੱਧ ਸ਼ਹਿਰਾਂ ’ਚ 7000 ਤੋਂ ਵੱਧ ਨਿਰਦੋਸ਼ ਸਿੱਖਾਂ ਨੂੰ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰਿਆ ਗਿਆ। ਉਨ੍ਹਾਂ ਨੂੰ ਟੋਟੇ ਟੋਟੇ ਕਰਦਿਆਂ ਕੋਹ ਕੋਹ ਕੇ ਮਾਰਿਆ ਗਿਆ, ਸਿੱਖਾਂ ਨੂੰ ਅਣ ਮਨੁੱਖੀ ਤਰੀਕੇ ਨਾਲ ਨਿਸ਼ਾਨਾ ਬਣਾਉਂਦਿਆਂ ਜਿਊਂਦੇ ਜੀਅ ਪੈਟਰੋਲ ਪਾ ਕੇ ਅਤੇ ਉਨ੍ਹਾਂ ਦੇ ਗੱਲਾਂ ਵਿਚ ਟਾਇਰ ਪਾ ਕੇ ਅੱਗ ਲਗਾਉਣਾ ਤੋਂ ਇਲਾਵਾ ਦਿਨ ਦਿਹਾੜੇ ਧੀਆਂ ਭੈਣਾਂ ਦੀ ਜਿਵੇਂ ਬੇਪਤੀ ਕੀਤੀ ਗਈ ਉਹ ਰੂਹ ਕੰਬਾਉਣ ਵਾਲੀ ਸੀ। ਕਰੋੜਾਂ ਦੀ ਸੰਪਤੀ ਲੁੱਟੀ ਅਤੇ ਫੂਕੀ ਗਈ। ਸਾਰਾ ਸਿਸਟਮ ਸਿੱਖਾਂ ਦੇ ਵਿਰੁੱਧ ਸੀ। ਸਰਕਾਰ, ਪ੍ਰਸ਼ਾਸਨ ਅਤੇ ਪੁਲੀਸ ਦਰਸ਼ਕ ਹੀ ਨਹੀਂ ਬਣੀ ਸਗੋਂ ਕਾਤਲ ਧਾੜਾਂ ਦੀ ਮਦਦ ਕੀਤੀ ਅਤੇ ਸਿੱਖਾਂ ਦੇ ਘਰਾਂ ਦੀ ਸ਼ਨਾਖ਼ਤ ਦੱਸਦੀ ਰਹੀ। ਰਾਜੀਵ ਗਾਂਧੀ ਦਾ ਇਹ ਕਹਿਣਾ ‘ਬੜਾ ਦਰੱਖਤ ਗਿਰਤਾ ਹੈ ਤੋਂ ਧਰਤੀ ਹਿਲਤੀ ਹੈ’ ਨੇ ਕਾਤਲਾਂ ਨੂੰ ਹਲਾਸ਼ੇਰੀ ਦਿੱਤੀ। ਇਹ ਦੇਸ਼ ਦੀ ਹਾਕਮ ਧਿਰ ਦੀ ਸਰਪ੍ਰਸਤੀ ਹੇਠ ਸਿੱਖਾਂ ਦਾ ਯੋਜਨਾਬੱਧ ਸਮੂਹਿਕ ਕਤਲੇਆਮ ਸੀ। ਬਾਅਦ ’ਚ ਮਰਵਾਹਾ ਕਮੇਟੀ ਤੋਂ ਲੈ ਕੇ ਨਾਨਾਵਤੀ ਕਮਿਸ਼ਨ ਤਕ 30 ਸਾਲਾਂ ’ਚ ਜਾਂਚ ਦੇ 10 ਕਮਿਸ਼ਨਾਂ ਬਣਾਏ ਗਏ। ਸਰਕਾਰੀ ਰਿਕਾਰਡ ਮੁਤਾਬਿਕ ਇਕੱਲੇ ਦਿੱਲੀ ’ਚ ਹੀ 2733 ਸਿੱਖ ਕਤਲ ਹੋਏ। ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਦੋਸ਼ੀਆਂ ਨੂੰ ਸਲਾਖ਼ਾਂ ਪਿੱਛੇ ਭੇਜਣਾ ਤਾਂ ਦੂਰ 3600 ਤੋਂ ਵੱਧ ਗਵਾਹਾਂ ਦੇ ਬਾਵਜੂਦ ਅਦਾਲਤੀ ਕਟਹਿਰੇ ’ਚ ਖੜੇ ਕੀਤੇ ਗਏ ਕਾਤਲਾਂ ਨੂੰ ਨਿਆਂ ਪ੍ਰਣਾਲੀ ਠੋਸ ਸਬੂਤਾਂ ਦੀ ਘਾਟ ਕਹਿ ਕੇ ਬਰੀ ਕਰੀ ਗਏ। ਅਗਸਤ 2005 ਵਿਚ ਕਤਲੇਆਮ ਸੰਬੰਧੀ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਲੋਕ ਸਭਾ ਵਿਚ ਰੱਖੀ ਗਈ ਤਾਂ ਉਸ ਸਮੇਂ ਵਿਸ਼ਵ ਦੇ ਸਭ ਤੋਂ ਵੱਡੀ ਜਮਹੂਰੀਅਤ ਦੇ ਤਿੰਨੇ ਸਤੰਭ (ਵਿਧਾਨ ਪਾਲਿਕਾ, ਨਿਆਂ ਪਾਲਿਕਾ ਅਤੇ ਕਾਰਜ ਪਾਲਿਕਾ) ਹਿੱਲਦੇ ਨਜ਼ਰ ਆਏ। ਨਾਨਾਵਤੀ ਕਮਿਸ਼ਨ ਨੇ ਦਿਨ ਦਿਹਾੜੇ ਹਜ਼ਾਰਾਂ ਨਿਰਦੋਸ਼ਾਂ ਦੇ ਕਤਲਾਂ ਲਈ ਮੌਕੇ ਦੀ ਕਾਂਗਰਸ ਸਰਕਾਰ ਅਤੇ ਕਾਂਗਰਸੀ ਆਗੂਆਂ ਦੀ ਸਖ਼ਤ ਆਲੋਚਨਾ ਕੀਤੀ। ਫਿਰ ਵੀ ਕਮਿਸ਼ਨ ਵੱਲੋਂ ਦੋਸ਼ੀ ਠਹਿਰਾਏ ਗਏ ਕਾਂਗਰਸੀ ਆਗੂਆਂ ਵਿਰੁੱਧ ਕਾਰਵਾਈ ਕਰਨ ਤੋਂ ਸਰਕਾਰ ਨੇ ਨਾ ਕੇਵਲ ਇਨਕਾਰ ਕਰ ਦਿੱਤਾ ਸਗੋਂ ਉਨ੍ਹਾਂ ਨੂੰ ਕਲੀਨ ਚਿੱਟ ਦਿੱਤੀ ਗਈ। ਪੀੜਤਾਂ ਦੇ ਜ਼ਖ਼ਮਾਂ ’ਤੇ ਲੂਣ ਛਿੜਕਦਿਆਂ ਕਤਲੇਆਮ ਨੂੰ ਅੰਜਾਮ ਦੇਣ ਵਾਲੇ ਕਾਂਗਰਸੀ ਆਗੂਆਂ ਐਚ ਕੇ ਐਲ ਭਗਤ, ਕਮਲ ਨਾਥ, ਜਗਦੀਸ਼ ਟਾਈਟਲਰ ਅਤੇ ਸਜਨ ਕੁਮਾਰ ਵਰਗਿਆਂ ਨੂੰ ਵੱਡੇ ਸਰਕਾਰੀ ਅਹੁਦਿਆਂ ਨਾਲ ਸਨਮਾਨਿਤ ਕੀਤਾ ਅਤੇ ਉਹ ਸਤਾ ਦਾ ਸੁਖ ਭੋਗਦੇ ਰਹੇ। ਪਰ ਜਸਟਿਸ ਢੀਂਗਰਾ ਵਰਗੇ ਕੁਝ ਇਮਾਨਦਾਰ ਜੱਜ ਵੀ ਸਨ ਜਿਨ੍ਹਾਂ ਜ਼ਮੀਰ ਦੀ ਅਵਾਜ਼ ਸੁਣ ਕੇ ਐਚ ਕੇ ਐਲ ਭਗਤ ਨੂੰ 1995 ’ਚ ਦੋਸ਼ੀ ਮੰਨਦਿਆਂ ਜੇਲ੍ਹ ਵੀ ਭੇਜਿਆ। ਲੇਕਿਨ ਬਹੁਤੇ ਮਾਮਲਿਆਂ ਵਿਚ ਅਦਾਲਤਾਂ ’ਚ ਰੁਲਦੇ ਚਸ਼ਮਦੀਦ ਗਵਾਹਾਂ ਦੇ ਇਕ ਇਕ ਕਰਕੇ ਦੁਨੀਆ ਤੋਂ ਰੁਖ਼ਸਤ ਹੋ ਰਹੇ ਸਨ। ਭਲਾ ਹੋਵੇ ਸ੍ਰੀ ਨਰਿੰਦਰ ਮੋਦੀ ਦਾ ਜਿਨ੍ਹਾਂ ਨੇ 2014 ’ਚ ਪ੍ਰਧਾਨ ਮੰਤਰੀ ਬਣਦਿਆਂ ਸਾਰ ਠੋਸ ਫ਼ੈਸਲਾ ਲੈਂਦਿਆਂ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਿੱਟ ਬਣਾਈ। ਨਤੀਜੇ ਵਜੋਂ ਕਾਂਗਰਸੀ ਆਗੂ ਸਜਨ ਕੁਮਾਰ ਨੂੰ ਦਿੱਲੀ ਹਾਈ ਕੋਰਟ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਦੋ ਹੋਰ ਦੋਸ਼ੀ ਯਸ਼ਪਾਲ ਨੂੰ ਮੌਤ ਦਾ ਸਜ਼ਾ ਅਤੇ ਨਰੇਸ਼ ਸ਼ੇਰਾਵਤ ਨੂੰ ਉਮਰ ਕੈਦ ਦੀ ਸਜ਼ਾ ਤੋਂ ਇਲਾਵਾ ਦਿੱਲੀ ਦੀ ਹੀ ਇਕ ਅਦਾਲਤ ਨੇ ਸਾਬਕਾ ਕਾਂਗਰਸੀ ਵਿਧਾਇਕ ਮਹਿੰਦਰ ਯਾਦਵ ਅਤੇ ਕੌਂਸਲਰ ਬਲਵਾਨ ਖੋਖਰ ਨੂੰ ਉਮਰ ਕੈਦ ਅਤੇ ਤਿੰਨ ਹੋਰਨਾਂ ਨੂੰ ਤਿੰਨ ਸਾਲ ਦੀ ਕੈਦ ਦੀ ਸਜ਼ਾ ਨਾਲ ਪੀੜਤ ਲੋਕਾਂ ਦੇ ਜ਼ਖ਼ਮਾਂ ’ਤੇ ਮਲ੍ਹਮ ਲੱਗਿਆ। ਯੂ.ਪੀ. ਦੀ ਯੋਗੀ ਸਰਕਾਰ ਵੀ ਇਸ ਪਾਸੇ ਪੂਰੀ ਯੂਰਪੀ ਕਰ ਰਹੀ ਹੈ ਅਤੇ ਕਾਨਪੁਰ ’ਚ ਹੋਏ 127 ਸਿੱਖਾਂ ਦੇ ਕਤਲ ਲਈ ਜ਼ਿੰਮੇਵਾਰ ਦਰਜਨਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ।

ਜੋਗੀ ਦੇ ਜ਼ਰੀਏ ਫ਼ਿਲਮ ਨਿਰਮਾਤਾ ਨੇ ਕਹਾਣੀ ਨੂੰ ਰਾਸ਼ਟਰੀ ਰਾਜਧਾਨੀ ਵਿੱਚ ਸੈਟ ਕਰਕੇ ਇੱਕ ਦਲੇਰਾਨਾ ਕਦਮ ਚੁੱਕਿਆ ਹੈ। ਜੋਗੀ ਦਾ ਪਲਾਟ ਦਿੱਲੀ ਦੇ ਤ੍ਰਿਲੋਕਪੁਰੀ ਇਲਾਕੇ ਦਾ ਹੈ। ਜੋਗੀ ਇਕ ਕਾਲਪਨਿਕ ਪਾਤਰ ਹੈ। ਪਰ ਘਟਨਾਵਾਂ ਅਸਲ ਦੇ ਬਹੁਤ ਨੇੜੇ ਹਨ। ਕੌਂਸਲਰ ਤੇਜਪਾਲ ਅਰੋੜਾ ਦਾ ਕਿਰਦਾਰ ਕਾਂਗਰਸੀ ਸਿਆਸਤਦਾਨ ਤੋਂ ਪ੍ਰੇਰਿਤ ਹੈ। ਜੋਗੀ ਅਤੇ ਉਸ ਦੇ ਪਿਤਾ ਨੂੰ ਕੁਝ ਲੋਕਾਂ ਵੱਲੋਂ ਬੱਸ ਵਿੱਚ ਕੁੱਟਿਆ ਜਾ ਰਿਹਾ ਸੀ ਤਾਂ ਜੋਗੀ ਵੱਲੋਂ ਚੀਕ ਕੇ ਇਹ ਕਹਿਣਾ ‘ਹਮਾਰੀ ਕੀ ਗਲਤੀ ਹੈ ਅਤੇ ਕੌਂਸਲਰ ਤੇਜਪਾਲ ਵੱਲੋਂ’ ਕੋਈ ਭੀ ਸਿੱਖ ਬਚਣਾ ਨਹੀਂ ਚਾਹੀਏ’ ਹਕੀਕਤ ਦੇ ਬਹੁਤ ਨੇੜੇ ਹਨ। ਦਿਲਜੀਤ ਦੁਸਾਂਝ ਨੇ ਨਵੰਬਰ 1984 ਦੇ ਸੰਵੇਦਨਸ਼ੀਲ ਵਿਸ਼ੇ ’ਤੇ ਕਿਰਦਾਰ ਨੂੰ ਬਾਖ਼ੂਬੀ ਨਿਭਾਉਂਦਿਆਂ ਕੈਰੀਅਰ ਦਾ ਸਰਵੋਤਮ ਪ੍ਰਦਰਸ਼ਨ ਦਿੱਤਾ ਹੈ। ਉਹ ਫ਼ਿਲਮ ਦੀ ਰੂਹ ਹੈ ਅਤੇ ਕਿਰਦਾਰ ਦੇ ਦਰਦ ਨੂੰ ਮਹਿਸੂਸ ਕਰ ਕੇ ਦ੍ਰਿਸ਼ਟੀਗੋਚਰ ਕੀਤੀ ਅਦਾਕਾਰੀ ਨਾਲ ਉਸ ਨੇ ਆਪਣੀ ਸਾਖ ਨੂੰ ਮਜ਼ਬੂਤੀ ਨਾਲ ਸਥਾਪਿਤ ਕੀਤਾ। ਕੁਮੁਦ ਮਿਸ਼ਰਾ ਨੇ ਫ਼ਿਰਕਾਪ੍ਰਸਤ ਸਿਆਸਤਦਾਨ ਦੀ ਭੂਮਿਕਾ ’ਚ ਖਲਨਾਇਕਤਵ ਨੂੰ ਨਿਭਾਉਣ ’ਚ ਸਫਲ ਰਿਹਾ। ਜੋਗੀ ਫ਼ਿਲਮ ਲਈ ਨਿਰਦੇਸ਼ਕ ਅਲੀ ਅੱਬਾਸ ਜ਼ਫ਼ਰ, ਦਿਲਜੀਤ ਦੁਸਾਂਝ ਅਤੇ ਪੂਰੀ ਟੀਮ ਵਧਾਈ ਦੇ ਪਾਤਰ ਹਨ। ਅਜਿਹੀਆਂ ਫ਼ਿਲਮਾਂ 38 ਸਾਲਾਂ ਤੋਂ ਇਨਸਾਫ਼ ਨੂੰ ਉਡੀਕ ਰਹੇ ਹਜ਼ਾਰਾਂ ਬੇਕਸੂਰ ਪੀੜਤਾਂ ਨੂੰ ਇਨਸਾਫ਼ ਦਿਵਾਉਣ ’ਚ ਸਰਕਾਰੀ ਤੰਤਰ ਨੂੰ ਮਜਬੂਰ ਕਰਨ ’ਚ ਭੂਮਿਕਾ ਨਿਭਾਉਣਗੀਆਂ। ’84 ਦੇ ਪੂਰੇ ਵਿਸ਼ੇ ਨੂੰ ਇਕ ਫ਼ਿਲਮ ’ਚ ਸਮਾ ਲਿਆ ਜਾਵੇ ਇਹ ਸੰਭਵ ਨਹੀਂ, ਫਿਰ ਵੀ ਦੇਸ਼ ਸਮਾਜ ਨੂੰ ਜਾਗਰੂਕ ਕਰਨ ਦੇ ਸਰੋਕਾਰ ਹਿਤ ਬਣਾਈ ਗਈ ਇਸ ਤਰਾਂ ਦੀਆਂ ਫ਼ਿਲਮਾਂ ਦੀ ਪ੍ਰਸੰਸਾ ਕਰਨੀ ਬਣਦੀ ਹੈ। ਜੋਗੀ, ਬਾਲੀਵੁੱਡ ਸਿਨੇਮਾ ਪੱਖੋਂ ਕੁਝ ਕਮਜ਼ੋਰੀਆਂ ਦੇ ਬਾਵਜੂਦ ਇੱਕ ਸੰਵੇਦਨਸ਼ੀਲ ਮੁੱਦੇ ’ਤੇ ਬਣਾਈ ਗਈ ਇੱਕ ਚੰਗੀ ਫ਼ਿਲਮ ਹੈ। ਤਸੱਲੀ ਦੀ ਗਲ ਹੈ ਕਿ ਜੋਗੀ ਫ਼ਿਲਮ ਦੇ ਬਹਾਨੇ ਸਿੱਖ ਭਾਈਚਾਰੇ ਦੀ ਸਮੂਹਿਕ ਅਵਚੇਤਨਾ ਦਾ ਹਿੱਸਾ ਬਣ ਚੁੱਕੀ ਨਵੰਬਰ ’84 ਦੀ ਸਿੱਖ ਨਸਲਕੁਸ਼ੀ ਦੀ ਦਰਦਨਾਕ ਕਹਾਣੀ 190 ਦੇਸ਼ਾਂ ਵਿਚ ਦੇਖੀ ਜਾਣ ਵਾਲੇ ਗਲੋਬਲ ਆਨਲਾਈਨ ਮਨੋਰੰਜਨ ਮੰਚ ਨੈਟਫਲਿਕਸ ਰਾਹੀਂ ਲੋਕਾਂ ਤਕ ਪਹੁੰਚ ਰਹੀ ਹੈ। ਨਵੀਂ ਪੀੜ੍ਹੀ ਨੂੰ ਸੱਚ ਜਾਣਨ ਦਾ ਹੱਕ ਹੈ। ਸਿੱਖ ਕੌਮ ਲਈ ਜੂਨ ’84 ਅਤੇ ਨਵੰਬਰ ’84 ‘ਨਾ ਭੁੱਲੇ ਹਨ ਅਤੇ ਨਾ ਭੁਲਾਇਆ’ ਜਾ ਸਕਦਾ ਹੈ।

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਜਾਂ ਇੰਟਰਨੈਸ਼ਨਲ ਡਰਾਈਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
14 ਸਤੰਬਰ, 2022 ਤੋਂ 20 ਸਤੰਬਰ, 2022

## ਸਤਲੁਜ ਯਮੁਨਾ ਲਿੰਕ ਨਹਿਰ

# ਬਿਆਨਬਾਜ਼ੀ ਦੀ ਲੜੀ ਤਹਿਤ ਨਵਾਂ ਬਿਆਨ

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਬੀਤੇ ਦਿਨੀਂ ਦਾਅਵਾ ਕੀਤਾ ਹੈ ਕਿ ਸੁਪਰੀਮ ਕੋਰਟ ਵੱਲੋਂ ਐੱਸਵਾਈਐੱਲ ਨਹਿਰ ਦਾ ਫ਼ੈਸਲਾ ਹਰਿਆਣਾ ਦੇ ਹੱਕ ਵਿੱਚ ਕੀਤਾ ਜਾ ਚੁੱਕਾ ਹੈ ਤੇ ਇਸ ਸਬੰਧੀ ਸਿਰਫ ਹੁਕਮ ਹੋਣੇ ਹੀ ਬਾਕੀ ਹਨ, ਜੋ ਕਿਸੇ ਵੀ ਸਮੇਂ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨਾਲ ਗੱਲ ਕਰਨ ਲਈ ਕੇਂਦਰੀ ਜਲ ਸਰੋਤ ਮੰਤਰੀ ਨੂੰ ਪੱਤਰ ਲਿੱਖ ਦਿੱਤਾ ਗਿਆ ਹੈ। ਉਨ੍ਹਾਂ ਨਾਲ ਹੀ ਦਿੱਲੀ ਦੇ ਮੁੱਖ ਮੰਤਰੀ 'ਤੇ ਤਨਜ਼ ਕਸਦਿਆਂ ਕਿਹਾ ਹੈ ਕਿ ਉਹ ਤਾਂ ਬੁਰੀ ਤਰ੍ਹਾਂ ਫਸ ਚੁੱਕੇ ਹਨ। ਉਨ੍ਹਾਂ ਦੇ ਗਲ਼ੇ 'ਚ ਅਜਿਹੀ ਹੱਡੀ ਫਸੀ ਹੈ ਜੋ ਨਾ ਉਹ ਨਿਗਲ ਸਕਦੇ ਹਨ ਤੇ ਨਾ ਬਾਹਰ ਕੱਢ ਸਕਦੇ ਹਨ।

ਜ਼ਿਕਰਯੋਗ ਹੈ ਕਿ ਸੰਨ 1976 ਵਿੱਚ ਇੰਡੀਆ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਇੱਕ ਨੋਟੀਫਿਕੇਸ਼ਨ ਜਾਰੀ ਕਰ ਕੇ ਪੰਜਾਬ ਦਾ 35 ਲੱਖ ਏਕੜ ਫੁੱਟ ਦਰਿਆਈ ਪਾਣੀ ਹਰਿਆਣੇ ਨੂੰ ਦੇਣ ਦਾ ਐਲਾਨ ਕੀਤਾ ਗਿਆ ਸੀ। ਸਤਲੁਜ ਯਮੁਨਾ ਲਿੰਕ ਨਹਿਰ ਰਾਹੀਂ ਸਤਲੁਜ ਦਾ ਇਹ ਪਾਣੀ ਹਰਿਆਣੇ ਨੂੰ ਦਿੱਤਾ ਜਾਣਾ ਸੀ। 1978 ਵਿੱਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨਹਿਰ ਦੀ ਉਸਾਰੀ ਕਰਨੀ ਮਨਜ਼ੂਰ ਕਰ ਲਈ ਪਰ ਬਾਅਦ ਵਿੱਚ ਪੰਜਾਬ ਦੇ ਹੋਰਨਾਂ ਆਗੂਆਂ ਦੇ ਦਬਾਅ ਅੱਗੇ ਝੁਕਦਿਆਂ ਉਸਨੇ ਇਹ ਉਸਾਰੀ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਅਪ੍ਰੈਲ 1982 ਵਿੱਚ ਇੰਦਰਾ ਗਾਂਧੀ ਨੇ ਕਪੂਰੀ ਦੇ ਸਥਾਨ ਉੱਪਰ ਟੱਕ ਲਾ ਕੇ ਨਹਿਰ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਉਣ ਦਾ ਯਤਨ ਕੀਤਾ ਪਰ ਇਸੇ ਸਾਲ ਧਰਮ ਯੁੱਧ ਮੋਰਚਾ ਸ਼ੁਰੂ ਹੋ ਜਾਣ ਕਾਰਨ ਇਸ ਨਹਿਰ ਦੀ ਉਸਾਰੀ ਨਾ ਹੋ ਸਕੀ। ਫਿਰ 1985 ਵਿੱਚ ਬਰਨਾਲਾ ਸਰਕਾਰ ਨੇ ਇਸ ਨਹਿਰ ਦੀ ਉਸਾਰੀ ਵੱਡੇ ਪੱਧਰ ਉੱਪਰ ਕਰਵਾਈ ਪਰ ਸੰਘਰਸ਼ਸ਼ੀਲ ਖਾੜਕੂ ਸਿੰਘਾਂ ਦੇ ਐਕਸ਼ਨ ਤੋਂ ਬਾਅਦ ਇਹ ਨਹਿਰ ਅੱਜ ਤੱਕ ਬੰਦ ਪਈ ਹੈ।

ਹਰਿਆਣਾ ਨੇ ਨਹਿਰ ਦੀ ਪੁਨਰ ਉਸਾਰੀ ਲਈ ਇੰਡੀਅਨ ਸੁਪਰੀਮ ਕੋਰਟ ਵਿੱਚ ਇੱਕ ਅਰਜੀ ਦਾਖਲ ਕੀਤੀ ਜਿਸ ਉੱਤੇ ਸੁਣਵਾਈ ਕਰਦਿਆਂ 4 ਜੂਨ 2004 ਨੂੰ ਇਸ ਅਦਾਲਤ ਨੇ ਪੰਜਾਬ ਸਰਕਾਰ ਨੂੰ 14 ਜੁਲਾਈ 2004 ਤੱਕ ਨਹਿਰ ਮੁਕੰਮਲ ਕਰਨ ਦੇ ਆਦੇਸ਼ ਦਿੱਤੇ। ਇਸ ਸਮੇਂ ਦੌਰਾਨ 12 ਜੁਲਾਈ 2004 ਨੂੰ ਪੰਜਾਬ ਦੀ ਵਿਧਾਨ ਸਭਾ ਨੇ 'ਪੰਜਾਬ ਸਮਝੌਤਿਆਂ ਦਾ ਖਾਤਮਾ ਕਾਨੂੰਨ, 2004' (Punjab Termination of Agreements Act, 2004) ਨਾਂ ਦਾ ਕਨੂੰਨ ਬਣਾਇਆ। ਇਸ ਕਾਨੂੰਨ ਤਹਿਤ ਪੰਜਾਬ ਨੇ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਪਿਛਲੇ ਸਾਰੇ ਕਥਿਤ ਸਮਝੌਤੇ, ਰਾਜੀਵ ਲੌਂਗੋਵਾਲ ਸਮਝੌਤੇ ਸਮੇਤ, ਰੱਦ ਕਰ ਦਿੱਤੇ ਗਏ। ਇਸ ਤਰ੍ਹਾਂ ਵਕਤੀ ਤੌਰ 'ਤੇ ਨਹਿਰ ਦੀ ਉਸਾਰੀ ਇੱਕ ਵਾਰ ਫਿਰ ਸ਼ੁਰੂ ਹੋਣੋਂ ਰੁਕ ਗਈ।

ਪਰ ਇਸ ਕਾਨੂੰਨ ਵਿਚ ਇਕ ਧਾਰਾ 5 ਪਾਈ ਗਈ ਜਿਸ ਵਿਚ ਕਿਹਾ ਗਿਆ ਸੀ ਕਿ ਜੋ ਦਰਿਆਈ ਪਾਣੀ ਪੰਜਾਬ ਤੋਂ ਬਾਹਰ ਦੂਸਰੇ ਸੂਬਿਆਂ (ਰਾਜਸਥਾਨ, ਦਿੱਲੀ ਅਤੇ ਹਰਿਆਣਾ) ਨੂੰ ਦਿੱਤਾ ਜਾ ਰਿਹਾ ਹੈ ਉਹ ਜਾਰੀ ਰਹੇਗਾ। ਇਸ ਤੋਂ ਪਹਿਲਾਂ ਪੰਜਾਬ ਵਿਧਾਨ ਸਭਾ ਨੇ ਕਦੇ ਵੀ ਪੰਜਾਬ ਦੇ ਦਰਿਆਈ ਪਾਣੀਆਂ ਦੀ ਗੈਰ-ਕਾਨੂੰਨੀ ਅਤੇ ਗੈਰ-ਸੰਵਿਧਾਨਕ ਵੰਡ ਨੂੰ ਪ੍ਰਵਾਨਗੀ ਨਹੀਂ ਸੀ ਦਿੱਤੀ।

ਇਸੇ ਦੌਰਾਨ ਕੇਂਦਰ ਸਰਕਾਰ ਨੇ ਪੰਜਾਬ ਦੇ ਇਸ ਕਾਨੂੰਨ ਵਿਰੁੱਧ ਸੁਪਰੀਮ ਕੋਰਟ ਕੋਲ ਇੰਡੀਅਨ ਸੰਵਿਧਾਨ ਦੀ ਧਾਰਾ 143 ਤਹਿਤ 'ਰਾਏਦਾਰੀ ਪਟੀਸ਼ਨ' ਪਾ ਦਿੱਤੀ ਗਈ। 10 ਨਵੰਬਰ 2016 ਨੂੰ ਸੁਪਰੀਮ ਕੋਰਟ ਨੇ ਇਸ ਪਟੀਸ਼ਨ ਦਾ ਫੈਸਲਾ ਪੰਜਾਬ ਦੇ ਉਲਟ ਸੁਣਾ ਦਿੱਤਾ ਤੇ ਨਹਿਰ ਛੇਤੀ ਬਣਾਉਣ ਦਾ ਫੁਰਮਾਨ ਜਾਰੀ ਕਰ ਦਿੱਤਾ। ਨਹਿਰ ਦੀ ਉਸਾਰੀ ਸ਼ੁਰੂ ਹੋਣ ਤੋਂ ਰੋਕਣ ਦੀ ਕੋਸ਼ਿਸ਼ ਕਰਦਿਆਂ ਪੰਜਾਬ ਵਿਧਾਨ ਸਭਾ ਨੇ 16 ਨਵੰਬਰ 2016 ਨੂੰ ਨਹਿਰ ਲਈ ਜ਼ਬਤ ਕੀਤੀ ਗਈ ਜਮੀਨ ਮੂਲ ਮਾਲਕਾਂ ਨੂੰ ਵਾਪਿਸ ਕਰਨ ਦਾ ਐਲਾਨ ਕਰ ਦਿੱਤਾ ਪਰ ਇਹ ਮਾਮਲਾ ਮੁੜ ਸੁਪਰੀਮ ਕੋਰਟ ਵਿਚ ਚਲਾ ਗਿਆ ਅਤੇ 1 ਦਸੰਬਰ 2016 ਨੂੰ ਸੁਪਰੀਮ ਕੋਰਟ ਨੇ ਪੰਜਾਬ ਵਿਧਾਨ ਸਭਾ ਦੇ ਫੈਸਲੇ ਉੱਤੇ ਰੋਕ ਲਗਾ ਦਿੱਤੀ ਤੇ ਬੰਦ ਪਈ ਨਹਿਰ ਦੀ ਸਥਿਤੀ ਉੱਤੇ ਨਿਗ੍ਹਾ ਰੱਖਣ ਲਈ ਰਸੀਵਰ ਨਿਯੁਕਤ ਕਰ ਦਿੱਤਾ।

ਗਾਹੇ ਬਗਾਹੇ ਇਸੇ ਤਰ੍ਹਾਂ ਵੱਖ-ਵੱਖ ਫੈਸਲੇ ਆਉਂਦੇ ਰਹੇ, ਹੁਣ 6 ਸਤੰਬਰ 2022 ਨੂੰ ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਸਤਲੁਜ ਯਮੁਨਾ ਲਿੰਕ ਨਹਿਰ ਦੇ ਉਲਝੇ ਮਸਲੇ ਦੇ ਸੁਖਾਵੇਂ ਹੱਲ ਲਈ ਮੀਟਿੰਗ ਤੇ ਗੱਲਬਾਤ ਕਰਨ ਲਈ ਕਿਹਾ ਸੀ। ਜਿਸ ਤੋਂ ਅਗਲੇ ਦਿਨ 7 ਸਤੰਬਰ 2022 ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਐੱਸਵਾਈਐੱਲ ਨਹਿਰ ਦੇ ਮਾਮਲੇ 'ਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੂੰ ਮਿਲਣ ਲਈ ਤਿਆਰ ਹਨ। ਉਨ੍ਹਾਂ ਨੇ ਕਿਹਾ ਕਿ ਦੋਵਾਂ ਸੂਬਿਆਂ ਵਿੱਚ ਪਾਣੀ ਦੀ ਘਾਟ ਹੈ, ਜਿਸ ਲਈ ਕੇਂਦਰ ਸਰਕਾਰ ਨੂੰ ਦੋਵਾਂ ਸੂਬਿਆਂ ਵਿੱਚ ਪਾਣੀ ਦਾ ਘਾਟ ਨੂੰ ਪੂਰਾ ਕਰਨਾ ਚਾਹੀਦਾ ਹੈ। ਜਿਕਰਯੋਗ ਹੈ ਕਿ ਪੰਜਾਬ ਦੇ ਇਸ ਤੋਂ ਪਹਿਲਾਂ ਦੇ ਮੁੱਖ ਮੰਤਰੀਆਂ ਦਾ ਪਾਣੀ ਦੇਣ ਸਬੰਧੀ ਕੋਈ ਵੀ ਗੱਲਬਾਤ ਕਰਨ ਲਈ ਇਸ ਤਰ੍ਹਾਂ ਜਨਤਕ ਬਿਆਨ ਨਹੀਂ ਸੀ ਆਇਆ। ਇਸ ਮਸਲੇ 'ਤੇ ਹੁਣ ਲਗਾਤਾਰ ਬਿਆਨਬਾਜ਼ੀ ਵੱਧ ਰਹੀ ਹੈ।

ਵਿਵਾਦਿਤ ਸਤਲੁਜ ਯਮਨਾ ਲਿੰਕ ਨਹਿਰ ਦੇ ਮਾਮਲੇ ਉਤੇ ਵਧੀ ਹੋਈ ਬਿਆਨਬਾਜੀ ਪੰਜਾਬ ਲਈ ਕਿਸੇ ਅਗਾਮੀ ਔਕੜ ਵੱਲ ਇਸ਼ਾਰਾ ਕਰ ਰਹੀ ਹੈ। ਬਿਆਨਬਾਜ਼ੀ ਦੀ ਇਸ ਲੜੀ ਤਹਿਤ ਬੀਤੇ ਦਿਨ ਹਰਿਆਣੇ ਦੇ ਮੁੱਖ ਮੰਤਰੀ ਦਾ ਜੋ ਬਿਆਨ ਆਇਆ ਹੈ ਉਹ ਕਿਸੇ ਸੰਵਿਧਾਨਕ ਅਹੁਦੇ ਉੱਪਰ ਬੈਠੇ ਵਿਅਕਤੀ ਵੱਲੋਂ ਅਜਿਹੀ ਬਿਆਨਬਾਜੀ ਕਰਨਾ ਇਕ ਗੰਭੀਰ ਮਸਲਾ ਹੈ ਕਿਉਂਕਿ ਆਮ ਤੌਰ ਉਪਰ ਜਦੋਂ ਕੋਈ ਵੀ ਮਸਲਾ ਅਦਾਲਤ ਦੇ ਵਿਚਾਰ ਹੇਠ ਹੋਵੇ ਤਾਂ ਉਸ ਬਾਰੇ ਵਿਚ ਇਹ ਕਹਿ ਕੇ ਬਿਆਨਬਾਜੀ ਤੋਂ ਗੁਰੇਜ ਕੀਤਾ ਜਾਂਦਾ ਹੈ ਕਿ ਇਹ ਮਾਮਲਾ ਅਦਾਲਤੀ ਵਿਚਾਰ ਹੇਠ (sub-judice) ਹੈ। ਇਸ ਲੀਹ ਨੂੰ ਤੋੜਦਿਆਂ ਸ੍ਰੀ ਖੱਟੜ ਵੱਲੋਂ ਦਿੱਤਾ ਗਿਆ ਬਿਆਨ ਦਰਸਾਉਂਦਾ ਹੈ ਕਿ ਦਿੱਲੀ ਦਰਬਾਰ ਵੋਟ ਸਿਆਸਤ ਦੇ ਮੁਫਾਦਾਂ ਦੇ ਮੱਦੇਨਜਰ ਪੰਜਾਬ ਨਾਲ ਜੁੜੇ ਸਤਲੁਜ ਯਮਨਾ ਲਿੰਕ ਨਹਿਰ ਦੇ ਸੰਵੇਦਨਸ਼ੀਲ ਮਸਲੇ ਨੂੰ ਮੁੜ ਸਿਆਸਤ ਦੀ ਭੱਠੀ ਦਾ ਬਾਲਣ ਬਣਾਉਣ ਦੀ ਨੀਤੀ ਉੱਤੇ ਚੱਲ ਰਿਹਾ ਹੈ। ਕਿਸਾਨੀ ਸੰਘਰਸ਼ ਦੌਰਾਨ ਦਿੱਲੀ ਦਰਬਾਰ ਦੀ ਧੱਕੇਸ਼ਾਹੀ ਵਿਰੁੱਧ ਪੰਜਾਬ ਅਤੇ ਹਰਿਆਣਾ ਦੇ ਸਾਹਮਣੇ ਆਏ ਏਕੇ ਵਿਚ ਇਸ ਮਸਲੇ ਦੇ ਇੰਝ ਉੱਭਰਨ ਨਾਲ ਮੁੜ ਦਰਾੜਾਂ ਆ ਸਕਦੀਆਂ ਹਨ। ਉੱਥੇ ਦੂਜੇ ਪਾਸੇ ਸਤਲੁਜ ਯਮਨਾ ਲਿੰਕ ਦੀ ਉਸਾਰੀ ਦੀ ਗੱਲ ਪਹਿਲਾਂ ਤੋਂ ਹੀ ਦਰਿਆਈ ਪਾਣੀਆਂ ਦੀ ਲੁੱਟ ਅਤੇ ਗੰਭੀਰ ਜਲ ਸੰਕਟ ਦਾ ਸਾਹਮਣਾ ਕਰ ਰਹੇ ਪੰਜਾਬ ਵਾਸਤੇ ਵੱਡੀ ਔਕੜ/ਸੰਕਟ ਬਣ ਸਕਦੀ ਹੈ।

**ਧੰਨਵਾਦ ,**
**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਜਮਹੂਰੀਅਤ ਦਾ ਜਲੂਸ, ਗੋਦੀ ਮੀਡੀਆ ਬਨਾਮ ਭਾਜਪਾ

**ਅਭੈ ਕੁਮਾਰ**



ਇਕ ਪਾਸੇ ਕਾਂਗਰਸ 'ਭਾਰਤ ਜੋੜੋ ਯਾਤਰਾ' ਕੱਢ ਰਹੀ ਹੈ ਅਤੇ ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਵਲੋਂ 'ਕਾਂਗਰਸ ਤੋੜੋ' ਮੁਹਿੰਮ ਚਲਾਈ ਜਾ ਰਹੀ ਹੈ। ਜੋੜੋ ਅਤੇ ਤੋੜੋ ਦੇ ਇਸ ਮੁਕਾਬਲੇ ਵਿਚਾਲੇ ਲੋਕਤੰਤਰਿਕ ਰਾਜਨੀਤੀ ਦਾ ਜਲੂਸ ਨਿਕਲ ਰਿਹਾ ਹੈ। ਸਵਾਲ ਇਹ ਹੈ ਕਿ ਇਸ ਨੂੰ ਕਿਵੇਂ ਸਮਝਿਆ ਜਾਵੇ ? ਕਾਂਗਰਸ ਅਤੇ ਰਾਹੁਲ ਗਾਂਧੀ ਨੇ ਪਹਿਲਾਂ ਇਹ ਯੋਜਨਾ ਬਣਾਈ ਸੀ ਕਿ ਉਹ ਤਿੰਨ ਮਹੀਨਿਆਂ ਤੱਕ ਆਪਣੀ ਯਾਤਰਾ ਕੱਢਣਗੇ, ਪਰ ਇਸ ਨਾਲ ਹੋਣ ਵਾਲੇ ਲਾਭਾਂ ਨੂੰ ਦੇਖਦਿਆਂ ਹੋਇਆਂ ਕਾਂਗਰਸ ਦੇ ਰਣਨੀਤੀਕਾਰਾਂ ਨੇ ਇਸ ਨੂੰ ਪੰਜ ਮਹੀਨਿਆਂ ਤੱਕ ਵਧਾ ਦਿੱਤਾ ਹੈ। ਇਸ ਦੇ ਨਾਲ ਇਕ ਯੋਜਨਾ ਇਹ ਵੀ ਹੈ ਕਿ ਇਸ ਯਾਤਰਾ ਦੇ ਖ਼ਤਮ ਹੋਣ ਦੇ ਕੁਝ ਦਿਨ ਬਾਅਦ ਹੀ ਇਕ ਹੋਰ ਯਾਤਰਾ ਸ਼ੁਰੂ ਕਰ ਦਿੱਤੀ ਜਾਵੇਗੀ, ਜਿਸ ਦਾ ਰਸਤਾ ਉੱਤਰ-ਪੂਰਬ ਦੇ ਇਲਾਕਿਆਂ ਨੂੰ ਵੀ ਛੂੰਹਦਾ ਹੋਵੇ। ਇੰਜ ਲੱਗਦਾ ਹੈ ਕਿ ਰਾਹੁਲ ਗਾਂਧੀ ਨੂੰ ਪੈਦਲ ਯਾਤਰਾ ਦੇ ਰੂਪ 'ਚ ਆਪਣੀ ਅਤੇ ਆਪਣੀ ਪਾਰਟੀ ਦੀ ਵਾਪਸੀ ਲਈ ਇਕ ਰਾਮਬਾਣ ਔਸ਼ਧੀ ਮਿਲ ਗਈ ਹੈ। 2014 ਤੋਂ ਬਾਅਦ ਪਹਿਲੀ ਵਾਰ ਅਜਿਹਾ ਹੋ ਰਿਹਾ ਹੈ ਕਿ ਕਾਂਗਰਸ ਲਗਾਤਾਰ ਅਖਿਲ ਭਾਰਤੀ ਪੱਧਰ 'ਤੇ ਸੜਕਾਂ 'ਤੇ ਹੋਵੇਗੀ। ਇਸ ਲਈ ਇਸ ਪ੍ਰੋਗਰਾਮ ਨਾਲ ਭਾਜਪਾ ਦਾ ਮੱਥਾ ਠਨਕਣਾ ਸੁਭਾਵਿਕ ਹੀ ਹੈ। ਦੂਜੇ ਪਾਸੇ ਗੋਆ ਵਿਚ ਭਾਜਪਾ ਨੇ ਕਾਂਗਰਸ ਦੇ ਵਿਧਾਇਕਾਂ ਕੋਲੋਂ ਦਲਬਦਲੀ ਕਰਵਾ ਕੇ ਇਹ ਦਿਖਾ ਦਿੱਤਾ ਹੈ ਕਿ ਉਹ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਨੂੰ ਨਸ਼ਟ ਕਰਨ ਲਈ ਕਿਸ ਹੱਦ ਤੱਕ ਜਾ ਸਕਦੀ ਹੈ। ਗੋਆ ਵਿਚ ਭਾਜਪਾ ਦੀ ਹੀ ਸਰਕਾਰ ਹੈ। ਗੋਆ ਦੀ ਘਟਨਾ ਨਾਲ ਭਾਜਪਾ ਨੇ ਇਹ ਦਿਖਾਉਣ ਦੀ ਕੋਸ਼ਿਸ਼ ਵੀ ਕੀਤੀ ਹੈ ਕਿ ਕਾਂਗਰਸ ਜਿੰਨੀ ਚਾਹੇ ਪੈਦਲ ਯਾਤਰਾ ਕੱਢ ਲਵੇ, ਉਸ ਦਾ ਡਿਗਦਾ ਹੋਇਆ ਗਰਾਫ਼ ਰੁਕਣ ਵਾਲਾ ਨਹੀਂ ਹੈ, ਨਾ ਉੱਪਰ ਉਠਣ ਵਾਲਾ ਹੈ।




ਜੋੜੋ ਬਨਾਮ ਤੋੜੋ ਦੇ ਘਟਨਾਕ੍ਰਮ ਨੂੰ ਜੇਕਰ ਠੀਕ ਤਰ੍ਹਾਂ ਸਮਝਣਾ ਹੈ ਤਾਂ ਸਾਨੂੰ ਥੋੜ੍ਹਾ ਪਿੱਛੇ ਪਰਤ ਕੇ ਮਹਾਰਾਸ਼ਟਰ ਅਤੇ ਬਿਹਾਰ ਦੇ ਘਟਨਾਕ੍ਰਮ ਨੂੰ ਯਾਦ ਕਰਨ ਨਾਲ ਸ਼ੁਰੂਆਤ ਕਰਨੀ ਹੋਵੇਗੀ। ਮਹਾਰਾਸ਼ਟਰ ਵਿਚ ਮਹਾਅਘਾੜੀ ਗੱਠਜੋੜ ਦੀ ਸਰਕਾਰ ਨੂੰ ਤੋੜਨ ਲਈ ਭਾਜਪਾ ਨੇ ਜਿਸ ਰਣਨੀਤਕ ਕੁਸ਼ਲਤਾ ਦੇ ਨਾਲ ਸ਼ਿਵ ਸੈਨਾ ਵਿਚ ਬਗ਼ਾਵਤ ਕਰਵਾਈ ਅਤੇ ਫਿਰ ਦੇਵੇਂਦਰ ਫੜਨਵੀਸ ਨੂੰ ਮੁੱਖ ਮੰਤਰੀ ਬਣਨ ਤੋਂ ਰੋਕ ਕੇ ਦੂਰਅੰਦੇਸ਼ੀ ਵਾਲੀ ਸੋਚ ਦਾ ਪ੍ਰਗਟਾਵਾ ਕਰਦਿਆਂ ਏਕਨਾਥ ਸ਼ਿੰਦੇ ਨੂੰ ਮੁੱਖ ਮੰਤਰੀ ਬਣਵਾਇਆ, ਉਸ ਨੇ ਇਸ ਪਾਰਟੀ ਦਾ ਸਿੱਕਾ ਇਕ ਵਾਰ ਫਿਰ ਤੋਂ ਜਮ੍ਹਾ ਦਿੱਤਾ ਸੀ। ਇਹ ਕੋਈ ਛੋਟਾ-ਮੋਟਾ ਕਾਰਨਾਮਾ ਨਹੀਂ ਸੀ। ਸ਼ਰਦ ਪਵਾਰ ਅਤੇ ਊਧਵ ਠਾਕਰੇ ਦੇ ਮੂੰਹ 'ਚੋਂ ਸੱਤਾ ਦਾ ਨਿਵਾਲਾ ਖੋਹ ਲੈਣਾ ਅਤੇ ਉਹ ਵੀ ਇਸ ਤਰ੍ਹਾਂ ਨਾਲ ਖੋਹਣਾ ਕਿ ਊਧਵ ਦੀ ਅਗਵਾਈ ਵਾਲੀ ਸ਼ਿਵ ਸੈਨਾ ਦੀ ਹੋਂਦ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਜਾਵੇ, ਭਵਿੱਖ ਦੀ ਪੇਸ਼ਬੰਦੀ ਸੀ। ਪਰ ਇਸ ਤੋਂ ਪਹਿਲਾਂ ਕਿ ਇਸ ਅਸਧਾਰਨ ਜਿੱਤ ਦੀ ਇਹ ਸਨਸਨੀ ਖ਼ਤਮ ਹੁੰਦੀ, ਬਿਹਾਰ 'ਚ ਭਾਜਪਾ ਨੂੰ ਇਕ ਬਹੁਤ ਜ਼ਬਰਦਸਤ ਹਾਰ ਦਾ ਸਾਹਮਣਾ ਕਰਨਾ ਪਿਆ। ਨਿਤਿਸ਼ ਕੁਮਾਰ ਨੇ ਰਾਤੋ ਰਾਤ ਭਾਜਪਾ ਦਾ ਗੱਠਜੋੜ ਤੋੜ ਕੇ ਤੇਜਸਵੀ ਨਾਲ ਮਿਲ ਕੇ ਸਰਕਾਰ ਬਣਾ ਲਈ। ਭਾਜਪਾ ਹੈਰਾਨ ਰਹਿ ਗਈ।ਮਹਾਰਾਸ਼ਟਰ ਦੀ ਤਰ੍ਹਾਂ ਬਿਹਾਰ ਦੇ ਇਸ ਘਟਨਾਕ੍ਰਮ ਦਾ ਵੀ ਭਵਿੱਖ ਦੀ ਰਾਜਨੀਤੀ ਲਈ ਗੰਭੀਰ ਮਹੱਤਵ ਸੀ। ਮਹਾਰਾਸ਼ਟਰ ਵਿਚ ਜੇਕਰ ਭਾਜਪਾ ਲਈ ਲਾਭ ਦੀ ਸੰਭਾਵਨਾ ਸੀ, ਤਾਂ ਬਿਹਾਰ ਵਿਚ ਨੁਕਸਾਨ ਦੀ ਸੰਭਾਵਨਾ ਸੀ। ਲਾਭ-ਹਾਨੀ ਦੇ ਸਮੀਕਰਨ ਦਾ ਜੇਕਰ ਮੁਲਾਂਕਣ ਕੀਤਾ ਜਾਵੇ ਤਾਂ 2019 ਦੀਆਂ ਚੋਣਾਂ ਜਿੱਤਣ ਤੋਂ ਬਾਅਦ ਪਹਿਲੀ ਵਾਰ ਭਾਜਪਾ ਨੂੰ ਲੱਗਾ ਕਿ ਉਹ ਘਾਟੇ ਵਿਚ ਚਲੀ ਗਈ ਹੈ। ਮਹਾਰਾਸ਼ਟਰ ਦੇ ਲਾਭ ਦਾ ਤਾਂ ਬਿਹਾਰ ਨੇ ਸਫ਼ਾਇਆ ਕਰ ਹੀ ਦਿੱਤਾ, ਨਾਲ ਹੀ ਵਿਧਾਨ ਸਭਾ ਅਤੇ ਲੋਕ ਸਭਾ ਦੋਵਾਂ 'ਚ ਮੂੰਹ ਦੀ ਖਾਣ ਦੀ ਸੰਭਾਵਨਾ ਵੀ ਤਿਆਰ ਹੋ ਗਈ। ਇਸ ਮੁਲਾਂਕਣ ਦਾ ਕਾਰਨ ਸਪੱਸ਼ਟ ਸੀ। ਜੇਕਰ ਮਹਾਗੱਠਜੋੜ ਬਣਿਆ ਰਹਿੰਦਾ ਹੈ ਤਾਂ ਆਪਣੇ ਦਮ 'ਤੇ ਭਾਜਪਾ ਲਈ ਬਿਹਾਰ ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਦਾ ਕੋਈ ਸਵਾਲ ਹੀ ਨਹੀਂ। ਲੋਕ ਸਭਾ ਲਈ ਬਿਹਾਰ ਇਕ ਅਜਿਹਾ ਮਾਡਲ ਪੇਸ਼ ਕਰਦਾ ਹੈ, ਜਿਸ ਤਹਿਤ ਭਾਜਪਾ ਇਕੱਲੀ ਹੈ ਅਤੇ ਬਾਕੀ ਹਰ ਰਾਜਨੀਤਕ ਤਾਕਤ ਉਸ ਦੇ ਵਿਰੋਧ ਵਿਚ ਹੈ। ਵਿਰੋਧੀ ਧਿਰ ਦੀ ਏਕਤਾ ਦਾ ਅਜਿਹਾ ਸੂਚਕ ਅੰਕ ਨਾ ਤਾਂ ਭਾਜਪਾ ਨੇ 2014 ਵਿਚ ਦੇਖਿਆ ਸੀ, ਨਾ ਹੀ 2019 ਵਿਚ। ਜ਼ਾਹਿਰ ਹੈ ਕਿ ਬਿਹਾਰ ਦੇ ਸੰਦਰਭ ਵਿਚ ਮਹਾਗੱਠਜੋੜ ਦਾ ਬਣਿਆ ਰਹਿਣਾ ਭਾਜਪਾ ਲਈ ਇਹ ਸੰਦੇਸ਼ ਹੈ ਕਿ ਲੋਕ ਸਭਾ ਵਿਚ ਉਸ ਦੀ ਖ਼ੈਰ ਨਹੀਂ ਹੈ। ਨਿਤਿਸ਼ ਕੁਮਾਰ ਵਲੋਂ ਸਾਰੇ ਦੇਸ਼ 'ਚ ਘੁੰਮ-ਘੁੰਮ ਕੇ ਵਿਰੋਧੀ ਧਿਰ ਦੀ ਏਕਤਾ ਦੀਆਂ ਸੰਭਾਵਨਾਵਾਂ ਟਟੋਲਣ ਦੀ ਪ੍ਰਕਿਰਿਆ ਭਾਜਪਾ ਨੂੰ ਕੋਹੜ 'ਤੇ ਖਾਜ ਵਾਂਗ ਜਾਪਦੀ ਰਹੀ ਹੈ। ਕੁਲ ਮਿਲਾ ਕੇ ਇਹ ਬਿਹਾਰ ਭਾਜਪਾ ਦੇ ਦਬਦਬੇ ਨੂੰ ਮਿਲੀ ਇਕ ਅਜਿਹੀ ਚੁਣੌਤੀ ਹੈ, ਜਿਸ ਦਾ ਜਵਾਬ ਭਾਜਪਾ ਦੇ ਕੋਲ ਅਜੇ ਤੱਕ ਨਹੀਂ ਹੈ।

ਮੇਰੀ ਸਮਝ ਇਹ ਹੈ ਕਿ ਜਦੋਂ ਤੋਂ ਬਿਹਾਰ ਦਾ ਝਟਕਾ ਲੱਗਿਆ ਹੈ, ਉਦੋਂ ਤੋਂ ਭਾਜਪਾ ਕੁਝ ਨਾ ਕੁਝ ਅਜਿਹਾ ਕਰ ਦਿਖਾਉਣ ਦੇ ਫੇਰ 'ਚ ਹੈ, ਜਿਸ ਨਾਲ ਇਸ ਨੁਕਸਾਨ ਦੀ ਭਰਪਾਈ ਹੋ ਸਕੇ। ਕਦੇ ਉਹ ਝਾਰਖੰਡ 'ਚ ਸੋਰੇਨ ਸਰਕਾਰ ਨੂੰ ਡਿਗਾਉਣ ਦੀ ਯੋਜਨਾ 'ਤੇ ਕੰਮ ਕਰਦੇ ਹੋਏ ਦਿਖਾਈ ਦਿੰਦੇ ਹਨ ਅਤੇ ਕਦੇ ਦਿੱਲੀ 'ਚ ਉਸ 'ਤੇ 'ਆਪ੍ਰੇਸ਼ਨ ਲੋਟਸ' ਚਲਾਉਣ ਦਾ ਦੋਸ਼ ਲਗਦਾ ਹੈ। ਕਦੇ ਉਹ ਗੋਇਆ 'ਚ ਕਾਂਗਰਸ ਦੇ ਵਿਧਾਇਕ ਤੋੜ ਕੇ ਆਪਣੀ ਪਿੱਠ ਖ਼ੁਦ ਥਪਥਪਾਉਂਦੀ ਨਜ਼ਰ ਆ ਰਹੀ ਹੈ। ਇਹ ਤਾਂ ਸਿਰਫ਼ ਇਕ ਮੋਰਚਾ ਹੈ। ਇਕ-ਦੂਜੇ ਮੋਰਚੇ 'ਤੇ ਭਾਜਪਾ ਖ਼ੁਦ ਨੂੰ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਚਲਾਉਂਦੇ ਹੋਏ ਦਿਖਾਉਣਾ ਚਾਹੁੰਦੀ ਹੈ। ਜੇਕਰ ਪਿਛਲੇ ਇਕ ਮਹੀਨੇ 'ਚ ਈ.ਡੀ., ਸੀ.ਬੀ.ਆਈ. ਅਤੇ ਆਮਦਨ ਕਰ ਵਿਭਾਗ ਵਲੋਂ ਮਾਰੇ ਗਏ ਛਾਪਿਆਂ ਦੀ ਸੂਚੀ ਬਣਾਈ ਜਾਵੇ ਤਾਂ ਸ਼ਾਇਦ ਆਜ਼ਾਦੀ ਤੋਂ ਬਾਅਦ ਏਨੇ ਘੱਟ ਸਮੇਂ 'ਚ ਸਭ ਤੋਂ ਵੱਧ ਛਾਪਿਆਂ ਦੀ ਗਿਣਤੀ ਸਾਹਮਣੇ ਆ ਜਾਵੇਗੀ। ਇਕ ਤੀਜਾ ਮੋਰਚਾ ਵੀ ਹੈ, ਜੋ ਮੁਸਲਮਾਨ ਭਾਈਚਾਰੇ ਨੂੰ ਕੋਨੇ ਵਿਚ ਧੱਕਣ ਦੀ ਕੋਸ਼ਿਸ਼ ਦੇ ਰੂਪ 'ਚ ਦੇਖਿਆ ਜਾ ਸਕਦਾ ਹੈ। ਚਾਹੇ ਆਸਾਮ ਹੋਵੇ ਜਾਂ ਉੱਤਰ ਪ੍ਰਦੇਸ਼ ਹੋਵੇ, ਭਾਜਪਾ ਦੀਆਂ ਸਰਕਾਰਾਂ ਦੀ ਜਾਂਚ ਅਤੇ ਸਰਵੇਖਣ ਦੇ ਨਾਂ 'ਤੇ ਭਾਜਪਾ ਇਸ ਭਾਈਚਾਰੇ ਦੀ ਦੇਸ਼ ਭਗਤੀ ਸੰਬੰਧੀ ਲਗਾਤਾਰ ਸ਼ੱਕ ਦਾ ਮਾਹੌਲ ਬਣਾਈ ਰੱਖਣਾ ਚਾਹੁੰਦੀ ਹੈ। ਚੌਥਾ ਮੋਰਚਾ ਹੈ ਕਾਂਗਰਸ ਦੀ 'ਭਾਰਤ ਜੋੜੋ' ਯਾਤਰਾ ਦੀ ਖਿੱਲੀ ਉਡਾਉਣ ਦੀ ਮੁਹਿੰਮ। ਪੰਜਵਾਂ ਮੋਰਚਾ ਹੈ ਮੀਡੀਆ ਦੇ ਜ਼ਰੀਏ ਸਮਰਕੰਦ ਯਾਤਰਾ ਦੇ ਸੰਦਰਭ ਵਿਚ ਨਰਿੰਦਰ ਮੋਦੀ ਨੂੰ ਵਿਦੇਸ਼ ਨੀਤੀ ਦੇ ਮੁਕਾਮ 'ਤੇ 'ਵਿਸ਼ਵ ਗੁਰੂ' ਦੇ ਰੂਪ ਵਿਚ ਪੇਸ਼ ਕਰਨਾ। ਛੇਵਾਂ ਮੋਰਚਾ ਹੈ ਰਾਜਪੱਥ-ਕਰਤੱਵਪੱਥ ਘਟਨਾਕ੍ਰਮ ਵਿਚ ਉਪਨਿਵੇਸ਼ੀਕਰਨ ਦੇ ਵਿਰੋਧ ਵਿਚ ਇਕ ਮਹਾਂਰਥੀ ਦੇ ਰੂਪ 'ਚ ਪ੍ਰਧਾਨ ਮੰਤਰੀ ਦਾ ਅਕਸ ਬਣਾਉਣਾ। ਸੱਤਵਾਂ ਮੋਰਚਾ ਹੈ ਚੀਤਿਆਂ ਦੇ ਭਾਰਤ ਆਗਮਨ ਦੇ ਬਹਾਨੇ ਪ੍ਰਧਾਨ ਮੰਤਰੀ ਨੂੰ ਜੰਗਲੀ ਜੀਵਨ ਅਤੇ ਵਾਤਾਵਰਨ ਦਾ ਰੱਖਿਅਕ ਬਣਾਉਣਾ।ਭਾਜਪਾ ਇਕੱਠਿਆਂ ਏਨੇ ਮੋਰਚਿਆਂ 'ਤੇ ਅਤਿ-ਸਰਗਰਮ ਹੈ। ਇਹ ਸਿਰਫ਼ ਇਕ ਸੰਯੋਗ ਹੀ ਨਹੀਂ ਹੈ। ਇਹ ਇਕ ਪਹਿਲਾਂ ਤੋਂ ਸੋਚੀ ਸਮਝੀ ਰਣਨੀਤੀ ਹੈ। ਇਕ ਵਾਰ ਜੇਕਰ ਮਹੀਨੇ ਭਰ ਦੇ ਅੰਦਰ ਹੋਈਆਂ ਇਨ੍ਹਾਂ ਸਰਗਰਮੀਆਂ ਦੇ ਪਿੱਛੇ ਮੌਜੂਦਾ ਏਕੀਕ੍ਰਿਤ ਸਿਆਸੀ ਇਰਾਦੇ ਨੂੰ ਦੇਖਿਆ ਜਾਵੇ ਤਾਂ ਹੈਰਾਨੀ ਹੁੰਦੀ ਹੈ ਕਿ ਭਾਜਪਾ ਏਨੇ ਤਰ੍ਹਾਂ ਦੀਆਂ ਯੋਜਨਾਵਾਂ 'ਤੇ ਇਕੱਠਿਆਂ ਕਿਵੇਂ ਕੰਮ ਕਰ ਪਾ ਰਹੀ ਹੈ। ਇਸ ਦੇ ਪਿੱਛੇ ਦੀ ਬੇਚੈਨੀ ਵੀ ਸਾਨੂੰ ਦੇਖਣੀ ਹੋਵੇਗੀ। ਪਹਿਲਾਂ ਬਿਹਾਰ ਅਤੇ ਹੁਣ ਕਾਂਗਰਸ ਦੀ 'ਭਾਰਤ ਜੋੜੋ' ਯਾਤਰਾ ਨੇ ਭਾਜਪਾ ਨੂੰ ਕਿਤੇ ਨਾ ਕਿਤੇ ਇਹ ਅਹਿਸਾਸ ਦਿਵਾ ਦਿੱਤਾ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਉਸ ਦੇ ਲਈ ਸੌਖੀਆਂ ਨਹੀਂ ਰਹਿਣ ਵਾਲੀਆਂ। ਚੋਣ ਸ਼ਾਸਤਰੀ ਸੰਜੇ ਕੁਮਾਰ ਨੇ ਹਾਲ ਹੀ 'ਚ ਕੀਤੇ ਗਏ ਇਕ ਵਿਸ਼ਲੇਸ਼ਣ ਵਿਚ ਦਿਖਾਇਆ ਹੈ ਕਿ ਜੇਕਰ ਵਿਰੋਧੀ ਧਿਰ ਜ਼ਿਆਦਾਤਰ ਸੀਟਾਂ 'ਤੇ ਸਾਂਝੇ ਉਮੀਦਵਾਰ ਖੜ੍ਹਾ ਕਰਨ ਵਿਚ ਕਾਮਯਾਬ ਰਹਿੰਦੀ ਹੈ ਤਾਂ ਘੱਟ ਤੋਂ ਘੱਟ 77 ਸੀਟਾਂ ਅਜਿਹੀਆਂ ਹਨ, ਜੋ ਭਾਜਪਾ ਦੇ ਹੱਥ 'ਚੋਂ ਨਿਕਲ ਸਕਦੀਆਂ ਹਨ। ਜੇਕਰ ਅਜਿਹਾ ਹੋਇਆ ਤਾਂ ਉਸ ਦੀਆਂ ਸੀਟਾਂ ਦੀ ਗਿਣਤੀ 240 ਦੇ ਨੇੜੇ-ਤੇੜੇ ਰਹਿ ਜਾਵੇਗੀ। ਇਹ ਸੰਭਾਵਨਾ ਚਿੰਤਾਜਨਕ ਤਾਂ ਹੈ ਹੀ, ਇਸ 'ਚ ਅਣਐਲਾਨੀ ਅਤੇ ਅਣ-ਪ੍ਰਗਟਾਈ ਬੁਰਾਈ ਦੀ ਸੰਭਾਵਨਾ ਵੀ ਛਿਪੀ ਹੋਈ ਹੈ। ਇੱਥੋਂ ਹੀ ਭਾਜਪਾ ਨੂੰ ਇਕੱਠਿਆਂ ਬਹੁਤ ਸਾਰੇ ਮੋਰਚਿਆਂ 'ਤੇ ਹਮਲਾਵਰ ਸਰਗਰਮੀਆਂ ਚਲਾਉਣ ਦੀ ਪ੍ਰੇਰਨਾ ਮਿਲ ਰਹੀ ਹੈ। 'ਭਾਰਤ ਜੋੜੋ' ਵਜੋਂ ਦੇ ਮੁਕਾਬਲੇ ਕਾਂਗਰਸ ਅਤੇ ਵਿਰੋਧੀ ਧਿਰ ਨੂੰ ਤੋੜਨ ਦੀ ਮੁਹਿੰਮ ਨੂੰ ਇਸ ਸੰਦਰਭ ਵਿਚ ਹੀ ਦੇਖਿਆ ਜਾ ਸਕਦਾ ਹੈ।

# 2024 ਚੋਣਾਂ-ਤਿਕੋਣੀ ਟੱਕਰ ਹੋਏਗੀ



ਗੁਰਮੀਤ ਸਿੰਘ ਪਲਾਹੀ
ਮੋ. 9815802070




ਦੇਸ਼ ਵਿੱਚ ਇਨ੍ਹਾਂ ਦਿਨਾਂ 'ਚ ਸਿਆਸੀ ਸਰਗਰਮੀਆਂ ਜ਼ੋਰਾਂ 'ਤੇ ਹਨ, ਜਿਸਦਾ ਅਰਥ ਹੈ ਕਿ 2024 ਚੋਣਾਂ ਲਈ ਦੌੜ ਸ਼ੁਰੂ ਹੋ ਚੁੱਕੀ ਹੈ। ਸਾਰੀਆਂ ਪਾਰਟੀਆਂ ਆਪਣਾ ਜ਼ਮੀਨੀ ਲੋਕ ਅਧਾਰ ਬਨਾਉਣ ਲਈ ਪੱਬਾਂ ਭਾਰ ਹਨ। ਵੱਧ ਜ਼ੋਰ ਭਾਜਪਾ ਦੀਆਂ ਵਿਰੋਧੀ ਪਾਰਟੀਆਂ ਦਾ ਲੱਗਾ ਹੋਇਆ ਹੈ।

ਕਾਂਗਰਸ ਨੇ 'ਭਾਰਤ ਜੋੜੋ ਯਾਤਰਾ' ਸ਼ੁਰੂ ਕੀਤੀ ਹੋਈ ਹੈ। ਉਹ ਕੰਨਿਆਂ ਕੁਮਾਰੀ ਤੋਂ ਕਸ਼ਮੀਰ ਤੱਕ ਯਾਤਰਾ ਕੱਢੇਗੀ। ਭਾਜਪਾ ਜਿਥੇ ਆਪਣੇ ਨੇਤਾਵਾਂ, ਵਰਕਰਾਂ ਨਾਲ ਬੈਠਕਾਂ ਕਰ ਰਹੀ ਹੈ, ਉਥੇ ਉਸ ਵਲੋਂ ਜੋੜ-ਤੋੜ ਕਰਕੇ ਦੂਜੀਆਂ ਪਾਰਟੀਆਂ ਦੇ ਨੇਤਾਵਾਂ ਜੋ 'ਆਇਆ ਰਾਮ, ਗਿਆ ਰਾਮ' ਦੀ ਸਿਆਸਤ ਕਰਦੇ ਹਨ ਆਪਣੇ ਸਵਾਰਥ ਲਈ, ਉਨ੍ਹਾਂ ਨੂੰ ਆਪਣੇ ਪੱਲੇ ਬੰਨ੍ਹਿਆ ਜਾ ਰਿਹਾ ਹੈ। ਗੋਆ 'ਚ ਕਾਂਗਰਸ ਦੇ 8 ਵਿਧਾਇਕ ਆਪਣੀ ਪਾਰਟੀ 'ਚ ਸ਼ਾਮਲ ਕਰ ਲਏ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸੀ ਨੇਤਾ ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਦਾ ਭਾਜਪਾ 'ਚ ਰਲੇਵਾਂ ਕਰ ਲਿਆ। ਆਮ ਆਦਮੀ ਪਾਰਟੀ ਦੇ ਨਵੀਂ ਦਿੱਲੀ ਅਤੇ ਪੰਜਾਬ ਦੇ ਵਿਧਾਇਕਾਂ ਨੂੰ ਤੋੜਕੇ ਆਪਣੀ ਪਾਰਟੀ 'ਚ ਰਲੇਵੇਂ ਦਾ ਦੋਸ਼, ਨੈਸ਼ਨਲ ਕੁਆਰਡੀਨੇਟਰ 'ਆਪ' ਕੇਜਰੀਵਾਲ ਭਾਜਪਾ ਉਤੇ ਲਗਾ ਰਹੇ ਹਨ। ਉਨ੍ਹਾਂ ਅਨੁਸਾਰ ਉਨ੍ਹਾਂ ਦੀ ਪਾਰਟੀ ਨੇਤਾਵਾਂ ਦੀ ਖ਼ਰੀਦੋ-ਫਰੋਖ਼ਤ ਕਰਨ ਲਈ ਯਤਨ ਹੋ ਰਹੇ ਹਨ।

ਆਮ ਆਦਮੀ ਪਾਰਟੀ ਦਿੱਲੀ ਅਤੇ ਪੰਜਾਬ ਤੋਂ ਬਾਹਰ ਆਪਣੀਆਂ ਸਰਗਰਮੀਆਂ ਵਧਾਉਣ ਲਈ ਪੂਰਾ ਟਿੱਲ ਲਾ ਰਹੀ ਹੈ। ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ 'ਚ ਆਪਣਾ ਦਮ ਵਿਖਾ ਕੇ, ਉਸ ਵਲੋਂ ਲੋਕ ਸਭਾ ਚੋਣਾਂ 2024 'ਚ ਆਪਣੀ ਵੱਡੀ ਕਾਰਗੁਜਾਰੀ ਦੀ ਆਸ਼ਾ ਹੈ। ਆਮ ਆਦਮੀ ਪਾਰਟੀ ਦਾ ਵਿਸ਼ਵਾਸ਼ ਹੈ ਕਿ ਉਹ 2024 ਦਿੱਲੀ ਜਿੱਤ ਲੈਣਗੇ ਅਤੇ ਕੇਜਰੀਵਾਲ ਦੇਸ਼ ਦੇ ਪ੍ਰਧਾਨ ਮੰਤਰੀ ਹੋਣਗੇ।

ਬਿਹਾਰ ਦੇ ਮੁੱਖ ਮੰਤਰੀ ਨਤੀਸ਼ ਕੁਮਾਰ, ਜੋ ਭਾਜਪਾ ਗੱਠਜੋੜ ਤੋਂ ਹੁਣੇ ਜਿਹੇ ਵੱਖ-ਹੋਏ ਹਨ, ਉਹ ਖੇਤਰੀ ਪਾਰਟੀਆਂ ਅਤੇ ਰਾਸ਼ਟਰੀ ਨੇਤਾਵਾਂ ਦਾ ਇੱਕ ਫਰੰਟ ਬਨਾਉਣ ਲਈ ਯਤਨਸ਼ੀਲ ਹਨ। ਉਹ ਸਮਝਦੇ ਹਨ ਕਿ ਜਦ ਤੱਕ ਸੰਯੁਕਤ ਮੋਰਚਾ ਨਹੀਂ ਬਣਦਾ, ਉਦੋਂ ਤੱਕ ਭਾਜਪਾ ਨੂੰ ਹਰਾਇਆ ਨਹੀਂ ਜਾ ਸਕਦਾ। ਪਰ ਸਮੱਸਿਆ ਇਹ ਹੈ ਕਿ ਕੇ.ਸੀ.ਆਰ., ਆਪਣੇ-ਆਪ ਨੂੰ ਰਾਸ਼ਟਰੀ ਨੇਤਾ ਪ੍ਰਾਜੈਕਟ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ ਅਤੇ ਮਮਤਾ ਬੈਨਰਜੀ, ਸ਼ਰਦ ਪਵਾਰ ਵੀ ਇਸ ਦੌੜ ਵਿਚੋਂ ਪਿੱਛੇ ਨਹੀਂ ਹਟੇ। ਇਸ ਤੋਂ ਅੱਗੇ ਅਖਿਲੇਸ਼ ਯਾਦਵ ਅਤੇ ਤੇਜਸਵੀ ਯਾਦਵ ਖੁਲ੍ਹ ਕੇ ਮੈਦਾਨ ਵਿੱਚ ਨਹੀਂ ਉਤਰੇ। ਯੂ.ਪੀ. ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਦੀ ਰਾਜਨੀਤੀ ਵੀ ਸਪੱਸ਼ਟ ਨਹੀਂ ਹੈ ਕਿ ਉਹ ਕਿਸ ਧਿਰ ਨਾਲ ਖੜਨਗੇ। ਖੇਤਰੀ ਪਾਰਟੀ ਪੰਜਾਬ ਸ਼੍ਰੋਮਣੀ ਅਕਾਲੀ ਦਲ ਅਤੇ ਵਿਰੋਧੀ ਅਕਾਲੀ ਨੇਤਾਵਾਂ, ਫਰੂਕ ਅਬਦੂਲਾ ਦੀ ਨੈਸ਼ਨਲ ਕਾਨਫਰੰਸ ਅਤੇ ਮਹਿਬੂਬਾ ਮੁਫ਼ਤੀ ਦੀ ਪਾਰਟੀ ਕਿਸ ਧਿਰ ਨਾਲ ਖੜੀ ਹੋਵੇਗੀ, ਇਹ ਆਉਣ ਵਾਲਾ ਸਮਾਂ ਦੱਸੇਗਾ, ਪਰ ਇਹ ਪਾਰਟੀਆਂ ਨਾ ਤਾਂ ਕਾਂਗਰਸ ਦੇ ਖੇਮੇ 'ਚ ਜਾਣਗੀਆਂ ਨਾ ਭਾਜਪਾ ਨਾਲ ਤੁਰਨਗੀਆਂ। ਤੀਜੇ ਮੋਰਚੇ 'ਚ ਜਾਣ ਲਈ ਸ਼ਾਇਦ ਆਖ਼ਰੀ ਮੌਕੇ ਤੁਰਨ ਦਾ ਉਨ੍ਹਾਂ ਦਾ ਇਰਾਦਾ ਹੋਵੇ।

> ਇਸ 'ਚ ਕੋਈ ਸ਼ੱਕ ਨਹੀਂ ਕਿ ਇਹ ਫ਼ੈਸਲਾ ਹਿੰਦੂ ਪੱਖ ਦੀ ਜਿੱਤ ਹੈ, ਪਰ ਇਸ ਦੇ ਕਾਰਨ ਔਰਤਾਂ ਨੂੰ ਪੂਜਾ ਦਾ ਅਧਿਕਾਰ ਤੁਰੰਤ ਮਿਲ ਜਾਵੇਗਾ, ਇਹ ਕਹਿਣਾ ਵੀ ਗ਼ਲਤ ਹੋਵੇਗਾ। ਦਰਅਸਲ ਔਰਤਾਂ ਦੀ ਪਟੀਸ਼ਨ ਦੀ ਸੁਣਵਾਈ ਸ਼ੁਰੂ ਵੀ ਨਹੀਂ ਹੋਈ ਹੈ। ਮੁਸਲਿਮ ਪੱਖ ਨੇ 1991 ਦੇ ਵਰਸ਼ਿਪ ਐਕਟ ਦਾ ਹਵਾਲਾ ਦਿੰਦੇ ਹੋਏ ਕਿਹਾ ਸੀ ਕਿ ਅਦਾਲਤ ਇਸ ਪਟੀਸ਼ਨ ਦੀ ਸੁਣਵਾਈ ਕਰ ਹੀ ਨਹੀਂ ਸਕਦੀ, ਕਿਉਂਕਿ 1991 ਦੇ ਉਸ ਐਕਟ ਵਿਚ ਸਾਫ਼ ਤੌਰ 'ਤੇ ਕਿਹਾ ਗਿਆ ਹੈ ਕਿ 15 ਅਗਸਤ, 1947 ਵਿਚ ਕਿਸੇ ਧਾਰਮਿਕ ਸਥਾਨ ਦਾ ਜੋ ਸਟੇਟਸ ਸੀ, ਉਹ ਨਹੀਂ ਬਦਲਿਆ ਜਾਵੇਗਾ।



ਵਿਰੋਧੀ ਧਿਰ ਦੇ ਬਹੁਤੇ ਨੇਤਾਵਾਂ 'ਚ ਪ੍ਰਧਾਨ ਮੰਤਰੀ ਦੀ ਕੁਰਸੀ ਦੀ ਹੋੜ, ਕੀ ਸੰਯੁਕਤ ਮੋਰਚਾ ਬਨਣ ਦੇਵੇਗੀ? ਕੀ ਕਾਂਗਰਸ ਪਾਰਟੀ, ਜੋ ਇਸ ਵੇਲੇ ਦੇਸ਼ ਦੀ ਵੱਡੀ ਵਿਰੋਧੀ ਪਾਰਟੀ ਹੈ, ਕਿਸੇ ਦੂਜੇ ਨੇਤਾ ਦੀ ਅਗਵਾਈ ਕਬੂਲ ਕਰੇਗੀ, ਕਿਉਂਕਿ ਗਾਂਧੀ ਪਰਿਵਾਰ ਤਾਂ ਕਾਂਗਰਸ ਵਿੱਚ ਆਪਣੇ ਪਰਿਵਾਰ ਤੋਂ ਬਿਨਾਂ ਕਿਸੇ ਦੂਜੇ ਨੇਤਾ ਨੂੰ ਅੱਗੇ ਨਹੀਂ ਆਉਣ ਦਿੰਦਾ ਅਤੇ ਦਿਨੋ-ਦਿਨ ਇਹ ਪਾਰਟੀ ਇਸ ਕਰਕੇ ਵੀ ਕਮਜ਼ੋਰ ਹੋ ਰਹੀ ਹੈ ਕਿ ਵਿਰੋਧੀ ਸੋਚ ਵਾਲੇ ਅਤੇ ਕਾਂਗਰਸ ਦੀ ਸਮੇਂ-ਸਮੇਂ ਹਾਰ ਉਤੇ ਸਵਾਲ ਉਠਾਉਣ ਵਾਲੇ ਨੇਤਾਵਾਂ ਨੂੰ ਪਾਰਟੀ 'ਚੋਂ ਰੁਖ਼ਸਤ ਕੀਤਾ ਜਾ ਰਿਹਾ ਹੈ ਜਾਂ ਉਹ ਪਾਰਟੀ ਛੱਡ ਰਹੇ ਹਨ ਜਿਵੇਂ ਸੀਨੀਅਰ ਕਾਂਗਰਸੀ ਨੇਤਾ ਗੁਲਾਬ ਨਬੀ ਅਜ਼ਾਦ ਨੇ ਪਾਰਟੀ ਛੱਡ ਦਿੱਤੀ ਹੈ।

ਇਹੋ ਜਿਹੀਆਂ ਸਥਿਤੀਆਂ 'ਚ ਕੀ ਸਭਨਾਂ ਪਾਰਟੀਆਂ ਦਾ ਸੰਯੁਕਤ ਗੱਠਜੋੜ ਬਣੇਗਾ? ਸੂਬਿਆਂ ਦੇ ਪੱਧਰ 'ਤੇ ਸਾਰੀਆਂ ਪਾਰਟੀਆਂ ਦੇ ਨਿੱਜੀ ਹਿੱਤ ਹਨ, ਨੇਤਾਵਾਂ ਦੀ ਆਪੋ-ਆਪਣੀ ਟੌਹਰ ਟੱਪਾ ਬਣਾਈ ਰੱਖਣ ਦੀ ਇੱਛਾ ਹੈ। ਬਹੁਤ ਸਾਰੇ ਨੇਤਾ ਜਾਂ ਸਿਆਸੀ ਪਾਰਟੀਆਂ ਆਪਣੀ ਪਾਰਟੀ ਨੂੰ ਮੁੱਖ ਵਿਰੋਧੀ ਧਿਰ ਬਨਾਉਣ ਦੇ ਚੱਕਰ 'ਚ ਹਨ। ਕੀ ਆਮ ਆਦਮੀ ਪਾਰਟੀ ਕਾਂਗਰਸ ਨਾਲ ਗੱਠਜੋੜ ਕਰੇਗੀ?

ਇਸ ਸਭ ਕੁਝ ਦੇ ਵਿਚਕਾਰ ਦੇਸ਼ ਦੀਆਂ ਖੱਬੀਆਂ ਧਿਰਾਂ ਜੋ ਤ੍ਰਿਪੁਰਾ, ਕੇਰਲਾ, ਪੱਛਮੀ ਬੰਗਾਲ 'ਚ ਆਪਣੀ ਕੁਝ ਨਾ ਕੁਝ ਤਾਕਤ ਰੱਖਦੀਆਂ ਹਨ, ਕੀ ਉਹ ਸੰਯੁਕਤ ਮੋਰਚੇ ਦਾ ਹਿੱਸਾ ਬਣ ਸਕਣਗੀਆਂ।

ਜੇਕਰ ਭਾਜਪਾ ਦੇ ਵਿਰੋਧ ਵਿੱਚ ਇੱਕ ਸੰਯੁਕਤ ਮੋਰਚਾ ਬਣਦਾ ਹੈ, ਤਦ 2024 ਵਿਚ ਭਾਜਪਾ ਨੂੰ ਹਰਾਉਣਾ ਔਖਾ ਨਹੀਂ ਹੋਏਗਾ ਪ੍ਰੰਤੂ ਵੱਖੋ-ਵੱਖਰੇ ਟੁਕੜਿਆਂ 'ਚ ਵੰਡੀ ਵਿਰੋਧੀ ਧਿਰ ਦਾ ਭਾਜਪਾ ਨੂੰ ਹੀ ਫ਼ਾਇਦਾ ਹੋਏਗਾ।

2019 'ਚ ਭਾਜਪਾ ਨੇ ਨਾ ਸਿਰਫ਼ 303 ਸੀਟਾਂ ਜਿੱਤੀਆਂ, ਸਗੋਂ ਅਨੇਕਾਂ ਸੀਟਾਂ ਉਤੇ ਉਸਦੀ ਵੋਟ ਪ੍ਰਤੀਸ਼ਤ ਵੀ ਵਧੀ। 105 ਸੀਟਾਂ ਤਾਂ ਇਹੋ ਜਿਹੀਆਂ ਸਨ ਜਿਨ੍ਹਾਂ ਉਤੇ ਜਿੱਤ ਦਾ ਫ਼ਰਕ ਤਿੰਨ ਲੱਖ ਵੋਟਾਂ ਤੋਂ ਵੀ ਜ਼ਿਆਦਾ ਸੀ, 59 ਸੀਟਾਂ ਉਤੇ ਮਾਰਜਿਨ ਦੋ ਲੱਖ ਵੋਟਾਂ ਤੋਂ ਜ਼ਿਆਦਾ, 77 ਸੀਟਾਂ ਉਤੇ ਮਾਰਜਿਨ ਇੱਕ ਲੱਖ ਵੋਟਾਂ ਤੋਂ ਜ਼ਿਆਦਾ ਸੀ ਸਿਰਫ਼ 77 ਸੀਟਾਂ ਹੀ ਇਹੋ ਜਿਹੀਆਂ ਸਨ, ਜਿਨ੍ਹਾਂ ਉਤੇ ਜਿੱਤ ਦਾ ਮਾਰਜਨ ਇੱਕ ਲੱਖ ਤੋਂ ਘੱਟ ਸੀ। ਇਹ ਸਥਿਤੀ ਵਿਰੋਧੀ ਧਿਰ ਲਈ ਵੱਡੀ ਚਿੰਤਾ ਹੈ। ਸ਼ਾਇਦ ਹੀ ਸੰਯੁਕਤ ਮੋਰਚਾ ਇਸ ਚੈਲੰਜ ਨੂੰ ਪ੍ਰਵਾਨ ਕਰੇ, ਭਾਵੇਂ ਕਿ ਭਾਜਪਾ ਨੇ ਫਿਰਕੂ ਵੰਡ ਵੀ, ਨੀਤੀ ਅਪਨਾ ਕੇ, ਕਿਸਾਨ ਵਿਰੋਧੀ ਐਕਟ ਪਾਸ ਕਰਕੇ, ਜੀ.ਐਸ.ਟੀ, ਨੋਟਬੰਦੀ, ਕਸ਼ਮੀਰ 'ਚੋਂ ਧਾਰਾ 370 ਖ਼ਤਮ ਕਰਕੇ, ਸੀ.ਏ.ਏ. ਬਿੱਲ ਪਾਸ ਕਰਕੇ ਆਪਣੇ ਲਈ ਵੱਡਾ ਵਿਰੋਧ ਪੈਦਾ ਕਰ ਲਿਆ ਹੈ। ਦੇਸ਼ 'ਚ ਫੈਲੇ ਭ੍ਰਿਸ਼ਟਾਚਾਰ, ਮਹਿੰਗਾਈ ਨੇ ਵੀ ਭਾਜਪਾ ਨਾਲ ਲੋਕਾਂ ਦਾ ਰੋਸ ਵਧਿਆ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਭਾਜਪਾ ਦੇ ਵਰਕਰ, ਜ਼ਮੀਨੀ ਪੱਧਰ ਉਤੇ ਲੋਕਾਂ 'ਚ ਜਿਸ ਢੰਗ ਨਾਲ ਅਧਾਰ ਬਣਾਕੇ ਅਤੇ ਹਿੰਦੂ ਪੱਤਾ ਖੇਡਦੇ ਹਨ ਅਤੇ ਆਰ.ਐਸ.ਐਸ. ਦੀਆਂ ਸਰਗਰਮੀਆਂ ਨਾਲ ਸਾਂਝ ਬਣਾਈ ਰੱਖਦੇ ਹਨ, ਉਸ ਤੋਂ ਤਾਂ ਜਾਪਦਾ ਹੈ ਕਿ ਵਿਰੋਧੀ ਪਾਰਟੀਆਂ ਭਾਜਪਾ ਨੂੰ ਉਦੋਂ ਤੱਕ ਹਰਾਉਣ ਦੇ ਸਮਰੱਥ ਨਹੀਂ ਹੋਣਗੀਆਂ, ਜਦੋਂ ਤੱਕ ਉਹ ਇਕਮੁੱਠ ਨਹੀਂ ਹੋ ਜਾਂਦੀਆਂ।

ਇੱਕ ਅਨੁਮਾਨ ਅਨੁਸਾਰ ਸੰਯੁਕਤ ਮੋਰਚਾ ਰਲ ਮਿਲਕੇ ਭਾਜਪਾ ਦੇ 303 ਦੀ ਲੋਕ ਸਭਾ ਮੈਂਬਰਾਂ ਦੀ ਸੰਖਿਆ 240 ਤੱਕ ਲਿਆ ਸਕਦਾ ਹੈ। ਪਰ ਵੋਟਰਾਂ ਦੇ ਮਿਜ਼ਾਜ਼ ਤੋਂ ਇੰਜ ਨਹੀਂ ਜਾਪਦਾ ਕਿ ਭਾਜਪਾ ਅਗਲੀਆਂ ਚੋਣਾਂ ਵਿੱਚ 210-215 ਸੀਟਾਂ ਉਤੇ ਸਿਮਟ ਜਾਏਗੀ।

ਜੇਕਰ ਇੰਜ ਹੋ ਵੀ ਜਾਂਦਾ ਹੈ ਤਦ ਵੀ ਭਾਜਪਾ ਦੇਸ਼ ਦੀ ਲੋਕ ਸਭਾ 'ਚ ਸਭ ਤੋਂ ਵੱਡੀ ਪਾਰਟੀ ਹੋਏਗੀ ਅਤੇ ਕਾਂਗਰਸ ਨੂੰ ਕਾਫੀ ਪਿੱਛੇ ਸੁੱਟ ਦੇਵੇਗੀ ਕਿਉਂਕਿ ਉਸ ਦਾ ਇਕੋ ਇੱਕ ਨਿਸ਼ਾਨਾ ਭਾਰਤ ਨੂੰ ਕਾਂਗਰਸ ਮੁਕਤ ਕਰਨ ਦਾ ਹੈ।

ਸਿਆਸੀ ਵਿਸ਼ਲੇਸ਼ਕਾਂ ਦਾ ਇਹ ਮੰਨਣਾ ਹੈ ਕਿ ਜੇਕਰ ਸਾਰੀਆਂ ਵਿਰੋਧੀ ਧਿਰਾਂ ਇੱਕ ਮੁੱਠ ਹੋ ਕੇ ਵੀ 2024 ਚੋਣਾਂ ਲੜਨ, ਤਦ ਵੀ ਕਾਂਗਰਸ ਆਪਣੀ ਮੌਜੂਦਾ ਸੀਟਾਂ ਦੀ ਸੰਖਿਆ ਵਿੱਚ ਕੋਈ ਵੱਡਾ ਵਾਧਾ ਨਹੀਂ ਕਰ ਸਕਦੀ। ਇਹ ਵੀ ਠੀਕ ਹੈ ਕਿ 2019 'ਚ ਕਾਂਗਰਸ 209 ਸੀਟਾਂ 'ਤੇ ਦੂਜੀ ਨੰਬਰ 'ਤੇ ਰਹੀ ਸੀ, ਜਿਥੇ ਉਸਦਾ ਸਾਹਮਣਾ ਸਿੱਧਾ ਭਾਜਪਾ ਨਾਲ ਸੀ, ਪਰ ਹਾਰ ਦਾ ਫ਼ਰਕ ਇੰਨਾ ਜ਼ਿਆਦਾ ਸੀ, ਕਿ ਸ਼ਾਇਦ ਹੀ ਇਹ ਘੱਪਾ ਪੂਰਿਆ ਜਾ ਸਕੇ 2024 ਚੋਣਾਂ 'ਚ ਵੀ।

2019 'ਚ ਕਾਂਗਰਸ ਜਿਹਨਾ ਸੀਟਾਂ ਉਤੇ ਦੂਜੇ, ਤੀਜੇ ਅਤੇ ਚੌਥੇ ਸਥਾਨ 'ਤੇ ਰਹੀ, ਉਸਦੇ ਵਿਸ਼ਲੇਸ਼ਨ ਤੋਂ ਬਾਅਦ ਇਹ ਪਤਾ ਲੱਗਦਾ ਹੈ ਕਿ ਕਾਂਗਰਸ ਪਿਛਲੀਆਂ ਚੋਣਾਂ ਦੇ ਮੁਕਾਬਲੇ 28 ਸੀਟਾਂ ਹੋਰ ਜਿੱਤ ਸਕਦੀ ਹੈ ਅਤੇ ਇਹ 80-82 ਸੀਟਾਂ ਤੱਕ ਪੁੱਜ ਸਕਦੀ ਹੈ।

ਵੱਖੋ-ਵੱਖਰੀਆਂ ਪਾਰਟੀਆਂ ਦੇ ਸਿਆਸੀ ਰੁਝਾਨਾਂ ਨੂੰ ਦੇਖਕੇ ਇਹ ਅਸੰਭਵ ਹੀ ਲੱਗਦਾ ਹੈ ਕਿ ਆਮ ਆਦਮੀ ਪਾਰਟੀ ਤੇ ਕਾਂਗਰਸ ਇੱਕ ਮੰਚ ਵਿੱਚ ਆ ਸਕਣ। ਅਸਲ ਵਿੱਚ ਆਮ ਆਦਮੀ ਪਾਰਟੀ ਭਾਜਪਾ ਨਾਲੋਂ ਕਾਂਗਰਸ ਨੂੰ ਵੱਡਾ ਦੁਸ਼ਮਣ ਸਮਝਦੀ ਹੈ ਅਤੇ ਉਸਦਾ ਯਤਨ ਦੇਸ਼ ਵਿੱਚ ਕਾਂਗਰਸ ਦੀ ਥਾਂ ਲੈਣ ਦਾ ਹੈ।

ਇਹੋ ਜਿਹੇ ਹਾਲਾਤਾਂ ਵਿੱਚ ਮੁਕਾਬਲਾ ਤਿੰਨ ਕੋਨਾ ਹੋ ਸਕਦਾ ਹੈ। ਇੱਕ ਧਿਰ ਭਾਜਪਾ ਅਤੇ ਉਸਦੇ ਸਹਿਯੋਗੀਆਂ ਦੀ ਹੋਏਗੀ, ਦੂਜੀ ਧਿਰ ਕਾਂਗਰਸ ਅਤੇ ਉਸਦੇ ਸਹਿਯੋਗੀਆਂ ਦੀ ਹੋਵੇਗੀ ਅਤੇ ਤੀਜੀ ਧਿਰ ਖੇਤਰੀ ਪਾਰਟੀਆਂ ਦੇ ਸਾਂਝੇ ਮੋਰਚੇ ਦੀ ਹੋਏਗੀ। ਆਮ ਆਦਮੀ ਇਕੱਲਿਆ ਹੀ ਚੋਣਾਂ ਲੜਦੀ ਹੈ ਜਾਂ ਫਿਰ ਖੇਤਰੀ ਪਾਰਟੀਆਂ ਨਾਲ ਖੜਦੀ ਹੈ, ਇਹ ਉਸਦੀ ਸੂਬਿਆਂ 'ਚ ਹੋ ਰਹੀਆਂ ਚੋਣਾਂ ਦੀ ਕਾਰਗੁਜਾਰੀ 'ਤੇ ਨਿਰਭਰ ਕਰਦਾ ਹੈ।

2024 ਹਾਲੀ ਦੂਰ ਹੈ। ਉਸ ਤੋਂ ਪਹਿਲਾਂ ਹਿਮਾਚਲ ਪ੍ਰਦੇਸ਼, ਗੁਜਰਾਤ, ਮੇਘਾਲਿਆ, ਨਾਗਾਲੈਂਡ, ਤ੍ਰਿਪੁਰਾ, ਕਰਨਾਟਕਾ, ਮੱਧ ਪ੍ਰਦੇਸ਼, ਮੀਜ਼ੋਰਮ, ਰਾਜਸਥਾਨ, ਤਿਲੰਗਾਨਾ, ਸਿੱਕਮ, ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਹੋਣੀਆਂ ਹਨ। 543 ਲੋਕ ਸਭਾ ਚੋਣਾਂ ਮਈ 2024 'ਚ ਹੋਣਗੀਆਂ।



## ਯੂਨੀਵਰਸਿਟੀ ਦੀਆਂ ਲੜਕੀਆਂ ਦੀ ਅਸ਼ਲੀਲ ਵੀਡੀਓ ਲੀਕ ਦਾ ਮਾਮਲਾ

# ਤਿੰਨ ਮੈਂਬਰੀ ਸਿੱਟ ਕਾਇਮ, ਦੋ ਵਾਰਡਨ ਮੁਅੱਤਲ

ਖਰੜ/ਏ.ਟੀ.ਨਿਊਜ਼ :- ਇੱਥੇ ਚੰਡੀਗੜ੍ਹ ਯੂਨੀਵਰਸਿਟੀ ਦੀ ਵਿਦਿਆਰਥਣ ਵੱਲੋਂ ਸਾਥੀ ਵਿਦਿਆਰਥਣਾਂ ਦੀਆਂ ਕਥਿਤ ਇਤਰਾਜ਼ਯੋਗ ਵੀਡੀਓ ਲੀਕ ਕਰਨ ਦੇ ਮਾਮਲੇ ਦੀ ਜਾਂਚ ਲਈ ਬੀਬੀਆਂ ’ਤੇ ਆਧਾਰਿਤ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਕਾਇਮ ਕਰ ਦਿੱਤੀ ਗਈ ਹੈ। ‘ਸਿਟ’ ਦੀ ਨਿਗਰਾਨੀ ਸੀਨੀਅਰ ਆਈਪੀਐੱਸ ਅਧਿਕਾਰੀ ਗੁਰਪ੍ਰੀਤ ਕੌਰ ਦਿਓ ਕਰਨਗੇ। ਇਸ ਦੌਰਾਨ ਵੀਡੀਓ ਬਣਾਉਣ ਵਾਲੀ ਵਿਦਿਆਰਥਣ ਤੇ ਦੋ ਹੋਰਨਾਂ ਨੂੰ ਪੁਲਿਸ ਰਿਮਾਂਡ ’ਤੇ ਭੇਜ ਦਿੱਤਾ ਹੈ। ਯੂਨੀਵਰਸਿਟੀ ਨੇ ਅਣਗਹਿਲੀ ਦੇ ਦੋਸ਼ ਵਿੱਚ ਦੋ ਵਾਰਡਨਾਂ ਨੂੰ ਮੁਅੱਤਲ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਨਿਰਪੱਖ ਤੇ ਪਾਰਦਰਸ਼ੀ ਜਾਂਚ ਅਤੇ ਕੁਝ ਹੋਰ ਮੰਗਾਂ ਮੰਨਣ ਦੇ ਭਰੋਸੇ ਮਗਰੋਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਰੋਸ ਪ੍ਰਦਰਸ਼ਨ ਖ਼ਤਮ ਕਰ ਦਿੱਤਾ ਸੀ। ਜਾਣਕਾਰੀ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ’ਤੇ ਡੀਜੀਪੀ ਗੌਰਵ ਯਾਦਵ ਨੇ ਏਡੀਜੀਪੀ ਕਮਿਊਨਿਟੀ ਅਫੇਅਰਜ਼ ਡਿਵੀਜ਼ਨ ਅਤੇ ਇਸ ਮਾਮਲੇ ਵਿਚ ਗੁਰਪ੍ਰੀਤ ਕੌਰ ਦਿਓ ਦੀ ਨਿਗਰਾਨੀ ਹੇਠ ਤਿੰਨ ਮੈਂਬਰੀ ਆਲ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਹੈ। ਸਿੱਟ ਦੀ ਅਗਵਾਈ ਐੱਸਪੀ ਕਾਊਂਟਰ ਇੰਟੈਲੀਜੈਂਸ ਲੁਧਿਆਣਾ ਰੁਪਿੰਦਰ ਕੌਰ ਭੱਟੀ ਕਰਨਗੇ। ਦੋ ਹੋਰਨਾਂ ਮੈਂਬਰਾਂ ਵਿੱਚ ਡੀਐੱਸਪੀ ਖਰੜ-1 ਰੁਪਿੰਦਰ ਕੌਰ ਅਤੇ ਡੀਐੱਸਪੀ ਏਜੀਟੀਐੱਫ ਦੀਪਿਕਾ ਸਿੰਘ ਸ਼ਾਮਲ ਹੋਣਗੇ। ਡੀਜੀਪੀ ਗੌਰਵ ਯਾਦਵ ਨੇ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਵਾਪਰੀ ਘਟਨਾ ਨੂੰ ਮੰਦਭਾਗਾ ਕਰਾਰ ਦਿੰਦੇ ਹੋਏ ਕਿਹਾ ਕਿ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ ਤੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਦੱਸਿਆ ਕਿ ਪੁਲੀਸ ਨੇ ਬੀਤੇ ਐਤਵਾਰ ਇਸ ਸੈਕੰਡਲ ਨਾਲ ਸਬੰਧਤ ਵਿਦਿਆਰਥਣ ਅਤੇ ਹਿਮਾਚਲ ਪ੍ਰਦੇਸ਼ ਰਹਿੰਦੇ ਉਸ ਦੇ ਦੋਸਤ ਤੇ ਇਕ ਹੋਰ ਸ਼ਖ਼ਸ ਨੂੰ ਗ੍ਰਿਫ਼ਤਾਰ ਕੀਤਾ ਸੀ। ਮੁਲਜ਼ਮਾਂ ਕੋਲੋਂ ਕੁਝ ਇਲੈਕਟ੍ਰਾਨਿਕ ਯੰਤਰ ਵੀ ਜ਼ਬਤ ਕੀਤੇ ਗਏ ਸਨ।

## ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ : ਡੀਜੀਪੀ




ਪੁਲਿਸ ਅਨੁਸਾਰ ਵਿਦਿਆਰਥਣ ਨੇ ਸਿਰਫ਼ ਆਪਣੀ ਵੀਡਿਓ ਹੀ ਆਪਣੇ ਸਾਥੀ/ਦੋਸਤ ਨੂੰ ਭੇਜੀ ਸੀ। ਖ਼ਬਰ ਵਾਇਰਲ ਹੋਣ ਬਾਅਦ ਵੱਡੀ ਗਿਣਤੀ ਵਿਚ ਵਿਦਿਆਰਥੀ ਇਕੱਠੇ ਹੋ ਗਏ ਅਤੇ ਪੁਲਿਸ ਅਧਿਕਾਰੀਆਂ ਦੇ ਦਖ਼ਲ ਤੇ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੀਆਂ ਕੁਝ ਮੰਗਾਂ ਮੰਨਣ ਤੋਂ ਬਾਅਦ ਹੋਸਟਲਾਂ ਵਿਚ ਵਾਪਸ ਗਏ।

ਅਸਲ ਵਿਚ ਯੂਨੀਵਰਸਿਟੀ ਦੀ ਹੀ ਇੱਕ ਕੁੜੀ ਉੱਤੇ ਇਨ੍ਹਾਂ ਦੀਆਂ ਵੀਡੀਓਜ਼ ਬਣਾ ਕੇ ਵਾਇਰਲ ਕਰਨ ਦੇ ਇਲਜ਼ਾਮ ਲੱਗੇ। ਵਾਇਰਲ ਹੋਏ ਵੀਡੀਓਜ਼ ਵਿਚ ਕੁੜੀਆਂ 60 ਦੇ ਕਰੀਬ ਕੁੜੀਆਂ ਦੀਆਂ ਗੁਸਲਖਾਨੇ ਵਿਚ ਗੁਪਤ ਕੈਮਰੇ ਰਾਹੀਂ ਵੀਡੀਓਜ਼ ਬਣਾਉਣ ਦੇ ਦਾਅਵੇ ਕੀਤੇ। ਕੁਝ ਕੁੜੀਆਂ ਵੱਲੋਂ ਇਲਜ਼ਾਮ ਲਗਾਇਆ ਗਿਆ ਸੀ ਕਿ ਉਨ੍ਹਾਂ ਦੀਆਂ ਕਥਿਤ ਵੀਡੀਓਜ਼ ਬਣਾ ਕੇ ਬਾਹਰ ਕਿਸੇ ਮੁੰਡੇ ਨੂੰ ਭੇਜੀਆਂ ਗਈਆਂ ਸਨ।

ਇਸ ਦੌਰਾਨ ਇਹ ਵੀ ਖ਼ਬਰਾਂ ਆਈਆਂ ਕਿ ਕੁਝ ਵਿਦਿਆਰਥਣਾਂ ਵੱਲੋਂ ਕਥਿਤ ਤੌਰ ’ਤੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ। ਹਾਲਾਂਕਿ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਇਸ ਗੱਲ ਨੂੰ ਰੱਦ ਕੀਤਾ ਗਿਆ ਸੀ। ਵਿਦਿਆਰਥੀਆਂ ਦੇ ਵੱਡੇ ਇਕੱਠ ਨੇ ਇਨਸਾਫ਼ ਲਈ ਰੋਸ ਪ੍ਰਗਟਾਇਆ ਸੀ ਤੇ ਪੁਲਿਸ ਕਾਰਵਾਈ ਉੱਤੇ ਸਵਾਲ ਚੁੱਕੇ।

ਪ੍ਰਸ਼ਾਸਨ ਵੱਲੋਂ ਇਹ ਵੀ ਦਾਅਵਾ ਕੀਤਾ ਗਿਆ ਕਿ ਕਿਸੇ ਵੀ ਹੋਰ ਵਿਦਿਆਰਥਣ ਦੀ ਕੋਈ ਵੀ ਵੀਡੀਓ ਨਹੀਂ ਬਣੀ ਅਤੇ ਨਾ ਹੀ ਉਹ ਕਿਸੇ ਨੂੰ ਅੱਗੇ ਸ਼ੇਅਰ ਕੀਤੀ ਗਈ ਹੈ। ਜਿਸ ਕੁੜੀ ਨੂੰ ਇਸ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ, ਉਸ ਦੇ ਮੋਬਾਇਲ ਫੋਨ ਵਿਚੋਂ ਸਿਰਫ਼ ਉਸੇ ਦੀ ਵੀਡੀਓ ਮਿਲੀ ਹੈ, ਜੋ ਉਸ ਨੇ ਆਪਣੇ ਸ਼ਿਮਲਾ ਰਹਿੰਦੇ ਦੋਸਤ ਨੂੰ ਭੇਜੀ ਸੀ। ਪੰਜਾਬ ਪੁਲਿਸ ਦੇ ਸਾਬਕਾ ਡੀਜੀਪੀ ਸ਼ਸ਼ੀਕਾਂਤ ਦਾ ਕਹਿਣਾ ਹੈ ਕਿ ਜਦੋਂ ਪੁਲਿਸ ਵੱਲੋਂ ਐੱਫਆਈਆਰ ਦਰਜ ਕਰ ਲਈ ਗਈ ਸੀ ਤਾਂ ਅਜਿਹੇ ਵਿੱਚ ਇਹ ਕਹਿਣਾ ਕਿ ਕੋਈ ਵੀ ਵੀਡੀਓ ਨਹੀਂ ਬਣੀ, ਇਹ ਜਲਦਬਾਜ਼ੀ ਸੀ। ਸ਼ਸ਼ੀਕਾਂਤ ਕਹਿੰਦੇ ਹਨ, ‘ਸ਼ੁਰੂਆਤ ਵਿੱਚ ਇਹ ਕਿਹਾ ਗਿਆ ਕਿ ਕੁੜੀ ਨੇ ਮੰਨ ਲਿਆ ਹੈ ਕਿ ਉਸਨੇ ਵੀਡੀਓਜ਼ ਬਣਾਈਆਂ ਸਨ। ਪੁਲਿਸ ਨੇ ਵੀ ਸ਼ਾਇਦ ਕਿਹਾ ਕਿ ਇਕ ਹੀ ਵੀਡਿਓ ਸੀ, ਹੋਰ ਕੋਈ ਵੀਡੀਓ ਨਹੀਂ ਸਨ।’ ਇਸ ਤਰ੍ਹਾਂ ਜੋ ਵੀ ਗੱਲਾਂ (ਬਾਕੀ ਸਫ਼ਾ 31 ’ਤੇ)

### ਪੁਲਿਸ ਦਾ ਨਵਾਂ ਖੁਲਾਸਾ

ਚੰਡੀਗੜ੍ਹ ਯੂਨੀਵਰਸਿਟੀ ਦੇ ਗਰਲਜ਼ ਹੋਸਟਲ ਵਿਚ ਵੀਡੀਓ ਬਣਾਉਣ ਅਤੇ ਲੀਕ ਕਰਨ ਦੇ ਦੋਸ਼ ’ਚ ਗ੍ਰਿਫਤਾਰ ਲੜਕੀ ਸਮੇਤ ਦੋ ਸਾਥੀ ਲੜਕਿਆਂ ਤੋਂ ਪੁੱਛਗਿੱਛ ਬਾਅਦ ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਵੀਡੀਓ ਬਣਾਉਣ ਵਾਲੀ ਲੜਕੀ ਨੂੰ ਦੋਵੇਂ ਲੜਕੇ ਬਲੈਕਮੇਲ ਕਰ ਰਹੇ ਸਨ। ਹੋਸਟਲ ਵਿਚ ਰਹਿਣ ਵਾਲੀ ਲੜਕੀ ਨੇ ਆਪਣੀ ਵੀਡੀਓ ਦੋਵਾਂ ਮੁਲਜ਼ਮਾਂ ਨੂੰ ਭੇਜੀ ਸੀ, ਜਿਸ ਨੂੰ ਵਾਇਰਲ ਕਰਨ ਦੀ ਧਮਕੀ ਦੇ ਕੇ ਉਹ ਹੋਰ ਲੜਕੀਆਂ ਦੀ ਵੀਡੀਓ ਬਣਾਉਣ ਦੀ ਮੰਗ ਕਰ ਰਹੇ ਸਨ। ਸੂਤਰਾਂ ਦਾ ਕਹਿਣਾ ਹੈ ਕਿ ਮੁਲਜ਼ਮ ਕੋਲੋਂ ਇੱਕ ਹੋਰ ਵੀਡੀਓ ਵੀ ਬਰਾਮਦ ਹੋਈ ਹੈ ਪਰ ਇਸ ਵੀਡੀਓ ਵਿੱਚ ਕਿਸੇ ਹੋਰ ਲੜਕੀ ਦਾ ਚਿਹਰਾ ਨਜ਼ਰ ਨਹੀਂ ਆ ਰਿਹਾ ਹੈ। ਮੋਹਾਲੀ ਪੁਲਿਸ ਨੇ ਮੁਲਜ਼ਮ ਲੜਕੀ ਦੇ ਦੋ ਸਾਥੀਆਂ ਨੂੰ ਸ਼ਿਮਲਾ ਤੋਂ ਗ੍ਰਿਫਤਾਰ ਕੀਤਾ ਹੈ। ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਇਨ੍ਹਾਂ ਲੜਕਿਆਂ ਦੀਆਂ ਤਾਰਾਂ ਮੁੰਬਈ ਅਤੇ ਗੁਜਰਾਤ ਨਾਲ ਵੀ ਜੁੜੀਆਂ ਹੋਈਆਂ ਹਨ ਅਤੇ ਦੋਵਾਂ ਸੂਬਿਆਂ ਤੋਂ ਇਨ੍ਹਾਂ ਦੇ ਮੋਬਾਈਲਾਂ ’ਤੇ ਫ਼ੋਨ ਕਾਲਾਂ ਆ ਰਹੀਆਂ ਹਨ। ਪੰਜਾਬ ਪੁਲਿਸ ਦੇ ਡੀ. ਆਈ. ਜੀ. ਰੋਪੜ ਗੁਰਪ੍ਰੀਤ ਸਿੰਘ ਭੁੱਲਰ ਨੇ ਮੋਹਾਲੀ ਦੀ ਨਿੱਜੀ ਯੂਨੀਵਰਸਿਟੀ ਦੇ ਮਾਮਲੇ ਵਿਚ ਕਿਹਾ ਕਿ ਜਾਂਚ ਸਹੀ ਟਰੈਕ ’ਤੇ ਚੱਲ ਰਹੀ ਹੈ ਤੇ ਲੋਕ ਅਫ਼ਵਾਹਾਂ ’ਤੇ ਧਿਆਨ ਨਾ ਦੇਣ। ਉਨ੍ਹਾਂ ਕਿਹਾ ਕਿ ਕੇਸ ਵਿਚ ਸਭ ਤੋਂ ਅਹਿਮ ਸਬੂਤ ਫੌਰੈਂਸਿਕ ਡਾਟਾ ਹੈ, ਜੋ ਕਿ ਮੁਲਜ਼ਮ ਵਿਦਿਆਰਥਣ ਤੇ ਉਸ ਦੇ ਸਾਥੀਆਂ ਦੇ ਮੋਬਾਇਲ ਫ਼ੋਨਾਂ ਤੇ ਹੋਰ ਡਿਵਾਈਸਾਂ ਤੋਂ ਹਾਸਲ ਹੋਣਾ ਹੈ। ਫੌਰੈਂਸਿਕ ਰਿਪੋਰਟ ਤੋਂ ਹੀ ਇਹ ਵੀ ਸਪੱਸ਼ਟ ਹੋ ਜਾਵੇਗਾ ਕਿ ਮੁਲਜ਼ਮ ਵਿਦਿਆਰਥਣ ਵੱਲੋਂ ਕਿੰਨੀਆਂ ਤੇ ਕਿਸ-ਕਿਸ ਦੀਆਂ ਵੀਡੀਓਜ਼ ਬਣਾਈਆਂ ਗਈਆਂ ਸਨ।

### ਐੱਨਆਈਏ ਨੇ ਲੋੜੀਂਦੇ ਖਾੜਕੂ ਜਸਵਿੰਦਰ ਮੁਲਤਾਨੀ ਦੇ ਸਿਰ 10 ਲੱਖ ਦਾ ਇਨਾਮ ਐਲਾਨਿਆ



ਚੰਡੀਗੜ੍ਹ/ਏ.ਟੀ.ਨਿਊਜ਼ : ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਬੁੜੈਲ ਜੇਲ੍ਹ ’ਚੋਂ ਖਾੜਕੂਆਂ ਨੂੰ ਛੁਡਾਉਣ ਦੀ ਕੋਸ਼ਿਸ਼ ਦੇ ਕੇਸ ਵਿੱਚ ਜਰਮਨੀ ਆਧਾਰਿਤ ਖਾੜਕੂ ਜਸਵਿੰਦਰ ਸਿੰਘ ਮੁਲਤਾਨੀ ਦੀ ਸੂਚਨਾ ਵਾਲੇ ਨੂੰ 10 ਲੱਖ ਰੁਪਏ ਦਾ ਇਨਾਮ ਐਲਾਨ ਦੇਣ ਦਾ ਐਲਾਨ ਕੀਤਾ ਹੈ। ਚੰਡੀਗੜ੍ਹ ਵਿੱਚ ਬੁੜੈਲ ਜੇਲ੍ਹ ਦੀ ਕੰਧ ਨੂੰ ਉਡਾ ਕੇ ਖਾੜਕੂਆਂ ਜਗਤਾਰ ਸਿੰਘ ਹਵਾਰਾ ਅਤੇ ਜਗਤਾਰ ਸਿੰਘ ਤਾਰਾ ਨੂੰ ਛੁਡਾਉਣ ਦੀ ਕੋਸ਼ਿਸ਼ ਮਾਮਲੇ ਦੀ ਜਾਂਚ ਐੱਨਆਈਏ ਨੂੰ ਸੌਂਪੀ ਗਈ ਸੀ। ਐੱਨਆਈਏ ਨੇ ਕੈਨੇਡਾ ਅਧਾਰਿਤ ਹਰਦੀਪ ਸਿੰਘ ਨਿੱਝਰ ਦੀ ਸੂਚਨਾ ਦੇਣ ਵਾਲੇ ਨੂੰ ਵੀ 10 ਲੱਖ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਹੈ।ਪੁਲਿਸ ਅਨੁਸਾਰ ਉਹ ਪਿਛਲੇ ਵਰ੍ਹੇ ਪੰਜਾਬ ਦੇ ਫਿਲੌਰ ਵਿੱਚ ਪੁਜਾਰੀ ਦੀ ਹੱਤਿਆ ਕੇਸ ਵਿੱਚ ਮੁਲਜ਼ਮ ਹੈ।

# ਕੇਂਦਰੀ ਏਜੰਸੀਆਂ ਦੀਆਂ ਜ਼ਿਆਦਤੀਆਂ ਖ਼ਿਲਾਫ਼ ਪੱਛਮੀ ਬੰਗਾਲ ਵਿਧਾਨ ਸਭਾ ’ਚ ਮਤਾ ਪਾਸ

ਕੋਲਕਾਤਾ/ਏ.ਟੀ.ਨਿਊਜ਼ :- ਪੱਛਮੀ ਬੰਗਾਲ ਵਿਧਾਨ ਸਭਾ ਵਿੱਚ ਕੇਂਦਰੀ ਏਜੰਸੀਆਂ ਦੀਆਂ ਜ਼ਿਆਦਤੀਆਂ ਖ਼ਿਲਾਫ਼ ਮਤਾ ਪਾਸ ਕੀਤਾ ਗਿਆ ਹੈ। ਇਸ ਮਤੇ ਦੇ ਹੱਕ ਵਿਚ 189 ਤੇ ਵਿਰੋਧ ਵਿਚ 69 ਵੋਟਾਂ ਪਈਆਂ ਹਨ। ਵਿਧਾਨ ਸਭਾ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਸੂਬੇ ਵਿਚ ਕੇਂਦਰੀ ਏਜੰਸੀਆਂ ਦੀਆਂ ਕਥਿਤ ਜ਼ਿਆਦਤੀਆਂ ਪਿੱਛੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਹੱਥ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਦੇ ਆਗੂਆਂ ਦਾ ਇੱਕ ਤਬਕਾ ਆਪਣੇ ਹਿੱਤਾਂ ਖਾਤਰ ਏਜੰਸੀਆਂ ਦੀ ਦੁਰਵਰਤੋਂ ਕਰ ਰਿਹਾ ਹੈ। ਮਤੇ

## ਮੁੱਖ ਮੰਤਰੀ ਨੇ ਕੇਂਦਰ ਸਰਕਾਰ ’ਤੇ ਲਾਇਆ ਤਾਨਾਸ਼ਾਹੀ ਢੰਗ ਨਾਮ ਕੰਮ ਕਰਨ ਦਾ ਦੋਸ਼

’ਤੇ ਬੋਲਦਿਆਂ ਮਮਤਾ ਬੈਨਰਜੀ ਨੇ ਪ੍ਰਧਾਨ ਮੰਤਰੀ ਨੂੰ ਇਹ ਯਕੀਨੀ ਬਣਾਉਣ ਦੀ ਅਪੀਲ ਕੀਤੀ ਕਿ ਕੇਂਦਰ ਸਰਕਾਰ ਦਾ ਏਜੰਡਾ ਤੇ ਉਨ੍ਹਾਂ ਦੀ ਪਾਰਟੀ ਦੇ ਹਿੱਤ ਆਪਸ ਵਿਚ ਨਾ ਮਿਲਣ। ਭਾਜਪਾ ਨੇ ਮਤੇ ਦਾ ਵਿਰੋਧ ਕੀਤਾ ਜਿਸ ਮਗਰੋਂ ਵਿਧਾਨ ਸਭਾ ਨੇ ਮਤਾ ਪਾਸ ਕਰ ਦਿੱਤਾ। ਟੀਐੱਮਸੀ ਪ੍ਰਧਾਨ ਨੇ ਕਿਹਾ, ‘ਮੌਜੂਦਾ ਕੇਂਦਰ ਸਰਕਾਰ ਤਾਨਾਸ਼ਾਹੀ ਢੰਗ ਨਾਲ ਕੰਮ ਕਰ ਰਹੀ ਹੈ। ਇਹ ਮਤਾ ਕਿਸੇ ਖਾਸ ਦੇ ਖ਼ਿਲਾਫ਼ ਨਹੀਂ ਹੈ ਬਲਕਿ ਕੇਂਦਰੀ ਏਜੰਸੀਆਂ ਦੇ ਪੱਖਪਾਤੀ ਕੰਮਕਾਰ ਖ਼ਿਲਾਫ਼ ਹੈ।’ ਵਿਰੋਧੀ ਧਿਰ ਦੇ ਨੇਤਾ ਸ਼ੁਵੇਂਦੂ ਅਧਿਕਾਰੀ ਨੇ ਕਿਹਾ ਕਿ ਸੀਬੀਆਈ ਤੇ ਈਡੀ ਖ਼ਿਲਾਫ਼ ਅਜਿਹਾ ਮਤਾ ਵਿਧਾਨ ਸਭਾ ਦੇ ਨਿਯਮਾਂ ਦੇ ਖ਼ਿਲਾਫ਼ ਹੈ। ਜ਼ਿਕਰਯੋਗ ਹੈ ਕਿ ਸੀਬੀਆਈ ਤੇ ਈਡੀ ਵਰਗੀਆਂ ਕੇਂਦਰੀ ਏਜੰਸੀਆਂ ਸੂਬੇ ਵਿਚ ਕਈ ਕੇਸਾਂ ਦੀ ਜਾਂਚ ਕਰ ਰਹੀਆਂ ਹਨ ਜਿਨ੍ਹਾਂ ਵਿਚ ਟੀਐੱਮਸੀ ਦੇ ਕਈ ਸੀਨੀਅਰ ਆਗੂ ਵੀ ਸ਼ਾਮਲ ਹਨ।

# ਹੁਣ ਪੰਜਾਬ ਬੋਰਡ ਦੀ ਕਿਤਾਬ ’ਚ ਸ਼ਹੀਦ ਊਧਮ ਸਿੰਘ ਬਾਰੇ ਵਿਵਾਦਤ ਤੱਥ ਆਏ ਸਾਹਮਣੇ, ਜਾਂਚ ਲਈ ਕਮੇਟੀ ਬਣਾਈ

## ਪੰਜਵੀਂ ਜਮਾਤ ਦੀ ਪਾਠ-ਪੁਸਤਕ ਵਿਚ ਛਪਿਆ ਲੇਖ ਉੱਘੇ ਇਤਿਹਾਸਕਾਰ ਡਾ. ਜੇਐੱਸ ਗਰੇਵਾਲ ਦਾ

ਮੋਹਾਲੀ/ਏ.ਟੀ.ਨਿਊਜ਼ :- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 5ਵੀਂ ਜਮਾਤ ਦੀ ਪੰਜਾਬੀ ਵਿਸ਼ੇ ਨਾਲ ਸੰਬੰਧਤ ਪਾਠ-ਪੁਸਤਕ ’ਚ ਸ਼ਹੀਦ ਊਧਮ ਸਿੰਘ ਬਾਰੇ ਵਿਵਾਦ ਤੱਥ ਸਾਹਮਣੇ ਆਏ ਹਨ। ਇਸ ਸਬੰਧੀ ਇਕ ਖਰੜਾ/ਸ਼ਿਕਾਇਤ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਯੋਗਰਾਜ ਨੂੰ ਦਿੱਤੀ ਗਈ ਹੈ। ਕਿਹਾ ਜਾ ਰਿਹਾ ਹੈ ਕਿ ਸ਼ਹੀਦ ਊਧਮ ਸਿੰਘ ਬਾਰੇ ਪੇਸ਼ ਕੀਤੇ ਗਏ ਤੱਥ ਇਤਿਹਾਸ ਮੁਤਾਬਕ ਨਹੀਂ ਹਨ। ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਦੇ ਆਗੂ ਰਾਕੇਸ਼ ਕੁਮਾਰ ਵੱਲੋਂ ਦਿੱਤੀ ਸ਼ਿਕਾਇਤ ਵਿਚ ਪਾਠ-ਪੁਸਤਕ ’ਚ ਛਾਪੇ ਗਏ ਲੇਖ ਵਿਚ ਤੱਥ ਅਪ੍ਰਮਾਣਿਤ ਦੱਸੇ ਗਏ ਹਨ। ਇਸ ਸ਼ਿਕਾਇਤ ਬਾਰੇ ਪੁਸ਼ਟੀ ਕਰਦਿਆਂ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਯੋਗਰਾਜ ਨੇ ਕਿਹਾ ਕਿ ਮਾਮਲੇ ਦੀ ਜਾਂਚ ਕਰਨ ਲਈ ਕਮੇਟੀ ਬਣਾ ਦਿੱਤੀ ਗਈ ਹੈ। ਰਾਕੇਸ਼ ਕੁਮਾਰ ਅਤੇ ਹੋਰਾਂ ਵੱਲੋਂ ਦਿੱਤੇ ਤੱਥਾਂ ਨੂੰ ਵਿਸਥਾਰ ਨਾਲ ਭਾਂਪਣ ਲਈ ਵੱਡੇ ਇਤਿਹਾਸਕਾਰਾਂ ਨਾਲ ਗੱਲ ਕੀਤੀ ਜਾ ਰਹੀ ਹੈ।

ਸਿੱਖਿਆ ਬੋਰਡ ਦੇ ਚੇਅਰਮੈਨ ਨੇ ਦੱਸਿਆ ਕਿ ਪੰਜਵੀਂ ਜਮਾਤ ਦੀ ਪਾਠ-ਪੁਸਤਕ ਵਿਚ ਛਪਿਆ ਲੇਖ ਉੱਘੇ ਇਤਿਹਾਸਕਾਰ ਡਾ. ਜੇਐੱਸ ਗਰੇਵਾਲ ਦਾ ਲਿਖਿਆ ਗਿਆ ਹੈ ਜਿਨ੍ਹਾਂ ਦੀ ਪਿਛਲੇ ਮਹੀਨੇ ਮੌਤ ਹੋ ਗਈ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਤੱਥਾਂ ਵਿਚ ਊਣਤਾਈ ਮਿਲਣ ’ਤੇ ਸੰਭਾਵਿਤ ਤਰੁੱਟੀਆਂ ਨੂੰ ਦੂਰ ਕਰ ਲਿਆ ਜਾਵੇਗਾ।

ਭਖਦਾ ਮਸਲਾ

## ਗਿਆਨਵਾਪੀ ਮਸਜਿਦ ਬਨਾਮ ਵਿਸ਼ਵੇਸ਼ਵਰ ਮੰਦਰ ਦਾ ਵਿਵਾਦ ਮਾਮਲਾ



# ਅਦਾਲਤ ਦਾ ਮੁਸਲਮਾਨ ਭਾਈਚਾਰੇ ਵਿਰੁਧ ਫ਼ੈਸਲਾ

ਉਪੇਂਦਰ ਅਸ਼ਕ

ਗਿਆਨਵਾਪੀ ਗਲਿਆਰੇ ਦੇ ਮਾਮਲੇ ਵਿਚ ਬਨਾਰਸ ਦੇ ਜ਼ਿਲ੍ਹਾ ਜੱਜ ਦਾ ਫ਼ੈਸਲਾ ਆ ਗਿਆ ਹੈ ਅਤੇ ਪੰਜ ਹਿੰਦੂ ਔਰਤਾਂ ਵਲੋਂ ਗਲਿਆਰੇ ਵਿਚ ਸਥਿਤ ਸ਼ਿੰਗਾਰ ਗੌਰੀ ਦੀ ਪੂਜਾ ਦੀ ਪਟੀਸ਼ਨ ਨੂੰ ਖਾਰਜ ਕਰਨ ਦੀ ਮੁਸਲਿਮ ਪੱਖ ਦੀ ਦਲੀਲ ਨੂੰ ਕੋਰਟ ਨੇ ਖਾਰਜ ਕਰ ਦਿੱਤਾ ਹੈ। ਜੇਕਰ ਹਾਈ ਕੋਰਟ ਜਾਂ ਸੁਪਰੀਮ ਕੋਰਟ ਨੇ ਕੋਈ ਦਖ਼ਲਅੰਦਾਜ਼ੀ ਨਾ ਕੀਤੀ ਤਾਂ ਪੰਜ ਔਰਤਾਂ ਦੀ ਅਰਜ਼ੀ ’ਤੇ ਜ਼ਿਲ੍ਹਾ ਜੱਜ ਦੀ ਸੁਣਵਾਈ ਜਾਰੀ ਰਹੇਗੀ ਅਤੇ ਜੱਜ ਨੇ ਅਗਲੀ ਤਰੀਕ ਵੀ ਦੇ ਦਿੱਤੀ ਹੈ।

ਇਸ ’ਚ ਕੋਈ ਸ਼ੱਕ ਨਹੀਂ ਕਿ ਇਹ ਫ਼ੈਸਲਾ ਹਿੰਦੂ ਪੱਖ ਦੀ ਜਿੱਤ ਹੈ, ਪਰ ਇਸ ਦੇ ਕਾਰਨ ਔਰਤਾਂ ਨੂੰ ਪੂਜਾ ਦਾ ਅਧਿਕਾਰ ਤੁਰੰਤ ਮਿਲ ਜਾਵੇਗਾ, ਇਹ ਕਹਿਣਾ ਵੀ ਗ਼ਲਤ ਹੋਵੇਗਾ। ਦਰਅਸਲ ਔਰਤਾਂ ਦੀ ਪਟੀਸ਼ਨ ਦੀ ਸੁਣਵਾਈ ਸ਼ੁਰੂ ਵੀ ਨਹੀਂ ਹੋਈ ਹੈ। ਮੁਸਲਿਮ ਪੱਖ ਨੇ 1991 ਦੇ ਵਰਸ਼ਿਪ ਐਕਟ ਦਾ ਹਵਾਲਾ ਦਿੰਦੇ ਹੋਏ ਕਿਹਾ ਸੀ ਕਿ ਅਦਾਲਤ ਇਸ ਪਟੀਸ਼ਨ ਦੀ ਸੁਣਵਾਈ ਕਰ ਹੀ ਨਹੀਂ ਸਕਦੀ, ਕਿਉਂਕਿ 1991 ਦੇ ਉਸ ਐਕਟ ਵਿਚ ਸਾਫ਼ ਤੌਰ ’ਤੇ ਕਿਹਾ ਗਿਆ ਹੈ ਕਿ 15 ਅਗਸਤ, 1947 ਵਿਚ ਕਿਸੇ ਧਾਰਮਿਕ ਸਥਾਨ ਦਾ ਜੋ ਸਟੇਟਸ ਸੀ, ਉਹ ਨਹੀਂ ਬਦਲਿਆ ਜਾਵੇਗਾ। ਇਸ ਦਾ ਹਵਾਲਾ ਦਿੰਦੇ ਹੋਏ ਮੁਸਲਿਮ ਪੱਖ ਦਾ ਕਹਿਣਾ ਹੈ ਕਿ ਜਦੋਂ ਧਾਰਮਿਕ ਸਥਾਨ ਦਾ ਸਟੇਟਸ ਬਦਲਿਆ ਹੀ ਨਹੀਂ ਜਾ ਸਕਦਾ, ਤਾਂ ਫਿਰ ਇਸ ਸੁਣਵਾਈ ਦੀ ਕੀ ਲੋੜ ਹੈ?

ਪਰ ਹਿੰਦੂ ਪੱਖ ਦਾ ਕਹਿਣਾ ਸੀ ਕਿ ਸ਼ਿੰਗਾਰ ਗੌਰੀ ਦੇ ਮਾਮਲੇ ਵਿਚ 1991 ਦਾ ਇਹ ਕਾਨੂੰਨ ਲਾਗੂ ਨਹੀਂ ਹੁੰਦਾ, ਕਿਉਂਕਿ 15 ਅਗਸਤ, 1947 ਅਤੇ ਉਸ ਤੋਂ ਬਾਅਦ ਕਈ ਸਾਲਾਂ ਤੱਕ ਉਥੇ ਗੌਰੀ ਪੂਜਾ ਹੁੰਦੀ ਰਹੀ ਹੈ। ਮਤਲਬ ਗਿਆਨਵਾਪੀ ਗਲਿਆਰੇ ਵਿਚ ਮੁਸਲਿਮ ਵੀ ਨਮਾਜ਼ ਪੜ੍ਹਦੇ ਰਹੇ ਹਨ ਅਤੇ ਹਿੰਦੂ ਵੀ ਮਸਜਿਦ ਦੀ ਬਾਹਰਲੀ ਕੰਧ ’ਤੇ ਬਣੀ ਗੌਰੀ ਦੀ ਪੂਜਾ ਕਰਦੇ ਰਹੇ ਹਨ। ਇਸ ਤਰ੍ਹਾਂ ਇਹ ਇਕ ਅਜਿਹਾ ਧਾਰਮਿਕ ਸਥਾਨ ਹੈ, ਜੋ 15 ਅਗਸਤ, 1947 ਨੂੰ ਮੁਸਲਿਮ ਅਤੇ ਹਿੰਦੂ-ਦੋਵਾਂ ਦੀ ਪੂਜਾ ਦਾ ਕੇਂਦਰ ਸੀ।

ਜ਼ਾਹਿਰ ਹੈ, ਜੇਕਰ ਸੁਣਵਾਈ ਹੋਈ, ਤਾਂ ਫ਼ੈਸਲਾ ਇਕ ਵਾਰ ਫਿਰ ਹਿੰਦੂ ਪੱਖ ਵਿਚ ਹੀ ਆਵੇਗਾ, ਕਿਉਂਕਿ ਮੁਸਲਿਮ ਪੱਖ ਕੋਲ 1991 ਦੇ ਵਰਸ਼ਿਪ ਐਕਟ ਤੋਂ ਇਲਾਵਾ ਹੋਰ ਕੋਈ ਢਾਲ ਨਹੀਂ ਹੈ, ਜਿਸ ਨਾਲ ਉਹ ਹਿੰਦੂ ਪੱਖ ਦੀ ਦਲੀਲ ਦੀ ਕਾਟ ਕਰ ਸਕਣ। ਹਿੰਦੂ ਉਥੇ 1947 ਤੋਂ ਬਾਅਦ ਵੀ ਪੂਜਾ ਕਰਦੇ ਸਨ, ਇਸ ਦਾਅਵੇ ਨੂੰ ਮੁਸਲਿਮ ਪੱਖ ਗ਼ਲਤ ਸਾਬਿਤ ਨਹੀਂ ਕਰ ਸਕਿਆ। ਵੱਧ ਤੋਂ ਵੱਧ ਹਾਈ ਕੋਰਟ ਅਤੇ ਸੁਪਰੀਮ ਕੋਰਟ ਨੂੰ ਬੇਨਤੀ ਕਰ ਕੇ ਮੁਸਲਿਮ ਪੱਖ ਜ਼ਿਲ੍ਹਾ ਜੱਜ ਵੱਲੋਂ ਅੱਗੇ ਦੀ ਕਾਰਵਾਈ ਨੂੰ ਰੋਕਣ ਦੀ ਕੋਸ਼ਿਸ਼ ਕਰ ਸਕਦਾ ਹੈ। ਉਸ ਨੇ ਤਾਂ ਇਹ ਕੋਸ਼ਿਸ਼ ਪਹਿਲਾਂ ਵੀ ਕੀਤੀ ਸੀ, ਪਰ ਉਦੋਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਟਰਾਇਲ ਕੋਰਟ ਪਹਿਲਾਂ ਸੁਣਵਾਈ ਕਰਕੇ ਆਪਣਾ ਪੱਖ ਸੁਣਾ ਦੇਵੇ, ਉਸ ਤੋਂ ਬਾਅਦ ਹੀ ਉਹ ਆਪਣੇ ਵਲੋਂ ਕੁਝ ਕਹਿ ਸਕੇਗਾ। ਹਾਂ, ਉਸ ਨੇ ਸਿਵਲ ਜੱਜ ਦੀ ਅਦਾਲਤ ਤੋਂ ਮਾਮਲੇ ਨੂੰ ਜ਼ਿਲ੍ਹਾ ਜੱਜ ਦੀ ਅਦਾਲਤ ਵਿਚ ਭੇਜ ਦਿੱਤਾ ਸੀ, ਕਿਉਂਕਿ ਉਸ ਨੂੰ ਲੱਗਾ ਸੀ ਕਿ ਇਸ ਮਾਮਲੇ ਦੀ ਸੁਣਵਾਈ ਤਜਰਬੇਕਾਰ ਅਤੇ ਸੀਨੀਅਰ ਜੱਜ ਵਲੋਂ ਕੀਤੀ ਜਾਣੀ ਚਾਹੀਦੀ ਹੈ।

ਇਸ ਮਾਮਲੇ ਦੀ ਸ਼ੁਰੂਆਤ ਤਾਂ ਮਸਜਿਦ ਦੀ ਬਾਹਰਲੀ ਕੰਧ ’ਤੇ ਬਣੀ ਸ਼ਿੰਗਾਰ ਗੌਰੀ ਦੀ ਪੂਜਾ ਦੀ ਮੰਗ ਦੇ ਨਾਲ ਹੋਈ ਸੀ, ਪਰ ਹੁਣ ਇਹ ਮਾਮਲਾ ਸਿਰਫ਼ ਗੌਰੀ ਪੂਜਾ ਤਕ ਹੀ ਸੀਮਿਤ ਨਹੀਂ ਰਹਿ ਗਿਆ ਹੈ। ਸੁਣਵਾਈ ਦੌਰਾਨ ਕੋਰਟ ਨੇ ਇਕ ਕਮਿਸ਼ਨ ਦਾ ਗਠਨ ਕਰ ਕੇ ਗਿਆਨਵਾਪੀ ਗਲਿਆਰੇ ਦੀ ਜਾਂਚ ਕਰਵਾਈ ਸੀ ਅਤੇ ਜਾਂਚ ਦੇ ਦੌਰਾਨ ਵੁਜ਼ੂਖਾਨੇ ਦੇ ਪਾਣੀ ਵਿਚ ਇਕ ਸ਼ਿਵਲਿੰਗ ਵਰਗਾ ਆਕਾਰ ਮਿਲਣ ਦਾ ਦਾਅਵਾ ਕੀਤਾ ਗਿਆ ਸੀ, ਜਿਸ ’ਤੇ ਇਕ ਤ੍ਰਿਸ਼ੂਲ ਵੀ ਉਕਰਿਆ ਹੋਇਆ ਸੀ। ਇਸ ਖੋਜ ਨੇ ਪੂਰੇ ਵਿਵਾਦ ਨੂੰ ਇਕ ਨਵਾਂ ਮੋੜ ਦੇ ਦਿੱਤਾ ਹੈ ਅਤੇ ਹਿੰਦੂ ਪੱਖ ਪੂਰੇ ਗਿਆਨਵਾਪੀ ਗਲਿਆਰੇ ਨੂੰ ਹੀ ਬਾਬਾ ਵਿਸ਼ਵੇਸ਼ਵਰ ਮੰਦਰ ਦਾ ਗਲਿਆਰਾ ਹੋਣ ਦਾ ਦਾਅਵਾ ਕਰਨ ਲੱਗੇ ਅਤੇ ਉਹ ਮੁਸਲਿਮ ਪੱਖ ਨੂੰ ਉਥੋਂ ਪੂਰੀ ਤਰ੍ਹਾਂ ਹਟਾਏ ਜਾਣ ਦੀ ਮੰਗ ਕਰ ਰਹੇ ਹਨ। ਉਹ ਸ਼ਿਵਲਿੰਗ ਹੀ ਹੈ, ਇਹ ਅੰਤਿਮ ਰੂਪ ਨਾਲ ਸਾਬਤ ਨਹੀਂ ਹੋਇਆ ਅਤੇ ਮੁਸਲਿਮ ਪੱਖ ਇਸ ਨੂੰ ਫੁਹਾਰਾ ਦੱਸ ਰਿਹਾ ਹੈ, ਪਰ ਮੁਸਲਿਮ ਪੱਖ ਸ਼ਿਵਲਿੰਗ ਜਾਂ ਫੁਹਾਰੇ ਦੀ ਦਿੱਖ ਵਾਲੇ ਇਸ ਢਾਂਚੇ ਦੀ ਵਿਗਿਆਨਕ ਜਾਂਚ ਕਰਵਾਉਣ ਤੋਂ ਭੱਜ ਰਿਹਾ ਹੈ, ਜਦ ਕਿ ਹਿੰਦੂ ਪੱਖ ਉਸ ਦੀ ਕਾਰਬਨ ਡੇਟਿੰਗ ਅਤੇ ਉਸ ਦੇ ਮਟੀਰੀਅਲ ਦੀ ਜਾਂਚ ਕਰਵਾਉਣ ਦੀ ਮੰਗ ਕਰ ਰਿਹਾ ਹੈ।

ਇਹ ਮਾਮਲਾ ਪੂਜਾ ਦੀ ਮੰਗ ਤੋਂ ਅੱਗੇ ਵਧ ਚੁੱਕਾ ਹੈ, ਇਸ ਦਾ ਅੰਦਾਜ਼ਾ ਇਥੋਂ ਲਗਾਇਆ ਜਾ ਸਕਦਾ ਹੈ ਕਿ ਹੁਣ 1991 ਦੇ ਉਸ ਕਾਨੂੰਨ ਦੀ ਸੰਵਿਧਾਨਿਕਤਾ ਨੂੰ ਵੀ ਚੁਣੌਤੀ ਦੇ ਦਿੱਤੀ ਗਈ ਹੈ, ਜਿਸ ਦੀ ਆੜ ਵਿਚ ਮੁਸਲਿਮ ਪੱਖ ਗਿਆਨਵਾਪੀ ਮਸਜਿਦ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸੁਪਰੀਮ ਕੋਰਟ ਨੇ ਉਸ ਪਟੀਸ਼ਨ ਦੀ ਸੁਣਵਾਈ ਕਰਨਾ ਸਵੀਕਾਰ ਵੀ ਕਰ ਲਿਆ ਹੈ। ਉਸ ਦਾ ਕੀ ਫ਼ੈਸਲਾ ਆਏਗਾ, ਇਸ ਦਾ ਅੰਦਾਜ਼ਾ ਲਗਾਉਣਾ ਅਸੰਭਵ ਹੈ। ਪਰ ਏਨਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜੇਕਰ ਸੁਪਰੀਮ ਕੋਰਟ ਨੇ ਹਿੰਦੂ ਪੱਖ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ, ਤਾਂ ਹਿੰਦੂ ਪੱਖ ਕੇਂਦਰ ਸਰਕਾਰ ਅਤੇ ਸੰਸਦ ’ਤੇ ਦਬਾਅ ਬਣਾ ਕੇ ਉਸ ਕਾਨੂੰਨ ਨੂੰ ਵਾਪਿਸ ਲੈਣ ਲਈ ਦਬਾਅ ਬਣਾ ਸਕਦਾ ਹੈ, ਕਿਉਂਕਿ ਕੇਂਦਰ ਵਿਚ ਭਾਜਪਾ ਦੀ ਸਰਕਾਰ ਹੈ ਅਤੇ ਭਾਜਪਾ ਖੁਦ ਇਸ ਅੰਦੋਲਨ ਨਾਲ ਕਦੇ ਜੁੜੀ ਰਹੀ ਸੀ। ਉਹ ਸਰਕਾਰ ਉਸ ਦਬਾਅ ਵਿਚ ਅਸਾਨੀ ਨਾਲ ਆ ਸਕਦੀ ਹੈ।

ਜ਼ਾਹਿਰ ਹੈ, ਮੁਸਲਿਮ ਪੱਖ ਇਕ ਹਾਰਦੀ ਹੋਈ ਲੜਾਈ ਲੜ ਰਿਹਾ ਹੈ। ਇਤਿਹਾਸ ਵੀ ਉਸ ਦੇ ਨਾਲ ਨਹੀਂ ਹੈ, ਕਿਉਂਕਿ ਉਹ ਅਕਬਰ ਦੇ ਜ਼ਮਾਨੇ ਵਿਚ ਰਾਜਾ ਟੋਡਰਮਲ ਅਤੇ ਰਾਜਾ ਮਾਨ ਸਿੰਘ ਵੱਲੋਂ ਬਾਬਾ ਵਿਸ਼ਵੇਸ਼ਵਰ ਜਿਸ ਨੂੰ ਬਾਬਾ ਵਿਸ਼ਵਨਾਥ ਵੀ ਕਹਿੰਦੇ ਹਨ, ਦੇ ਨਿਰਮਾਣ ਦਾ ਸਬੂਤ ਦੇ ਰਿਹਾ ਹੈ। ਵਰਤਮਾਨ ਵਿਸ਼ਵਨਾਥ ਮੰਦਰ ਇੰਦੌਰ ਦੀ ਮਹਾਰਾਣੀ ਅਹਿੱਲਆਬਾਈ ਵਲੋਂ ਉਸਦੇ ਕੋਲ ਹੀ ਬਣਾਇਆ ਗਿਆ ਸੀ ਅਤੇ ਉਸ ਤੋਂ ਬਾਅਦ ਵਿਸ਼ਵਨਾਥ ਮੰਦਰ ਅਤੇ ਗਿਆਨਵਾਪੀ ਮਸਜਿਦ ਉਥੇ ਨਾਲ-ਨਾਲ ਮੌਜੂਦ ਹਨ। ਮਸਜਿਦ ਦੀ ਇਕ ਬਾਹਰਲੀ ਦੀਵਾਰ ’ਤੇ ਗੌਰੀ ਅਤੇ ਹੋਰ ਹਿੰਦੂ ਪ੍ਰਤੀਕਾਂ ਦਾ ਹੋਣਾ ਵੀ ਇਹ ਸਾਬਿਤ ਕਰਦਾ ਹੈ ਕਿ ਮਸਜਿਦ ਮੰਦਰ ਦੀਆਂ ਕੰਧਾਂ ’ਤੇ ਹੀ ਬਣਾਈ ਗਈ ਸੀ। ਇਹ ਤਾਂ ਪਹਿਲਾਂ ਹੀ ਦਿਸ ਰਿਹਾ ਸੀ ਪਰ ਹੁਣ ਵੁਜ਼ੂਖਾਨੇ ਵਿਚੋਂ ਸ਼ਿਵਲਿੰਗ ਵਰਗਾ ਢਾਂਚਾ ਸਾਹਮਣੇ ਆ ਜਾਣਾ ਮੁਸਲਿਮ ਪੱਖ ਦੇ ਦਾਅਵੇ ਨੂੰ ਕਮਜ਼ੋਰ ਹੀ ਨਹੀਂ, ਬਲਕਿ ਬਹੁਤ ਕਮਜ਼ੋਰ ਕਰ ਦਿੰਦਾ ਹੈ। ਜੇਕਰ ਵਿਗਿਆਨਕ ਨਿਰੀਖਣਾਂ ਤੋਂ ਇਹ ਸਾਬਿਤ ਹੋ ਗਿਆ ਕਿ ਉਹ ਫੁਹਾਰਾ ਹੀ ਹੈ, ਤਾਂ ਮੁਸਲਿਮ ਪੱਖ ਕੁਝ ਸੰਘਰਸ਼ ਕਰਨ ਦੀ ਹਾਲਤ ਵਿਚ ਹੋਵੇਗਾ, ਪਰ ਜੇਕਰ ਇਹ ਸਾਬਿਤ ਹੋ ਗਿਆ ਕਿ ਉਹ ਅਸਲ ਵਿਚ ਸ਼ਿਵਲਿੰਗ ਹੀ ਹੈ, ਤਾਂ ਫਿਰ 1991 ਦਾ ਉਹ ਕਾਨੂੰਨ ਵੀ ਗਿਆਨਵਾਪੀ ਮਸਜਿਦ ਦੀ ਰਾਖੀ ਨਹੀਂ ਕਰ ਸਕੇਗਾ, ਕਿਉਂਕਿ ਤਦ ਉਸ ਕਾਨੂੰਨ ਨੂੰ ਖ਼ਤਮ ਕਰਨ ਦਾ ਦਬਾਅ ਬਹੁਤ ਵੱਧ ਜਾਵੇਗਾ ਅਤੇ ਉਸ ਦਬਾਅ ਦਾ ਸਾਹਮਣਾ ਕੇਂਦਰ ਸਰਕਾਰ ਕਰ ਨਹੀਂ ਸਕੇਗੀ।



“ਇਸ ’ਚ ਕੋਈ ਸ਼ੱਕ ਨਹੀਂ ਕਿ ਇਹ ਫ਼ੈਸਲਾ ਹਿੰਦੂ ਪੱਖ ਦੀ ਜਿੱਤ ਹੈ, ਪਰ ਇਸ ਦੇ ਕਾਰਨ ਔਰਤਾਂ ਨੂੰ ਪੂਜਾ ਦਾ ਅਧਿਕਾਰ ਤੁਰੰਤ ਮਿਲ ਜਾਵੇਗਾ, ਇਹ ਕਹਿਣਾ ਵੀ ਗ਼ਲਤ ਹੋਵੇਗਾ। ਦਰਅਸਲ ਔਰਤਾਂ ਦੀ ਪਟੀਸ਼ਨ ਦੀ ਸੁਣਵਾਈ ਸ਼ੁਰੂ ਵੀ ਨਹੀਂ ਹੋਈ ਹੈ। ਮੁਸਲਿਮ ਪੱਖ ਨੇ 1991 ਦੇ ਵਰਸ਼ਿਪ ਐਕਟ ਦਾ ਹਵਾਲਾ ਦਿੰਦੇ ਹੋਏ ਕਿਹਾ ਸੀ ਕਿ ਅਦਾਲਤ ਇਸ ਪਟੀਸ਼ਨ ਦੀ ਸੁਣਵਾਈ ਕਰ ਹੀ ਨਹੀਂ ਸਕਦੀ, ਕਿਉਂਕਿ 1991 ਦੇ ਉਸ ਐਕਟ ਵਿਚ ਸਾਫ਼ ਤੌਰ ’ਤੇ ਕਿਹਾ ਗਿਆ ਹੈ ਕਿ 15 ਅਗਸਤ, 1947 ਵਿਚ ਕਿਸੇ ਧਾਰਮਿਕ ਸਥਾਨ ਦਾ ਜੋ ਸਟੇਟਸ ਸੀ, ਉਹ ਨਹੀਂ ਬਦਲਿਆ ਜਾਵੇਗਾ।”

1991 ਦਾ ਇਹ ਕਾਨੂੰਨ ਨਰਸਿਮ੍ਹਾ ਰਾਓ ਸਰਕਾਰ ਨੇ ਬਣਾਇਆ ਸੀ। ਬਾਬਰੀ ਮਸਜਿਦ ਸਮੱਸਿਆ ਦੇ ਹੱਲ ਲਈ ਉਸ ਨੂੰ ਬਣਾਇਆ ਗਿਆ ਸੀ, ਜਿਸ ਦੇ ਤਹਿਤ ਮੁਸਲਮਾਨਾਂ ਨੂੰ ਭਰੋਸਾ ਦਿੱਤਾ ਜਾ ਰਿਹਾ ਸੀ ਕਿ ਬਾਬਰੀ ਮਸਜਿਦ ਹਿੰਦੂਆਂ ਲਈ ਛੱਡ ਦਿਓ ਅਤੇ ਕਾਨੂੰਨ ਹੋਰ ਸਾਰੇ ਪੂਜਾ ਸਥਾਨਾਂ ਨੂੰ ਉਸੇ ਤਰ੍ਹਾਂ ਰੱਖਣ ਦੀ ਗਾਰੰਟੀ ਦਿੰਦਾ ਹੈ। ਪਰ ਮੁਸਲਿਮ ਪੱਖ ਉਸ ਲਈ ਤਿਆਰ ਨਹੀਂ ਹੋਇਆ। ਆਖਿਰ ਵਿਚ ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਹੀ ਅਯੁੱਧਿਆ ਵਿਵਾਦ ਦਾ ਹੱਲ ਹੋਇਆ ਸੀ।

### ਮੁਸਲਮਾਨਾਂ ਦੇ ਧਾਰਮਿਕ ਸਥਾਨ ਉਪਰ ਕਬਜੇ ਕਰ ਰਹੇ ਨੇ ਭਗਵੇਂਵਾਦੀ

ਧਰਮ ਹਰ ਸਮਾਜ ਦੇ ਧਾਰਮਿਕ, ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਮਾਮਲਿਆਂ ਵਿਚ ਅਹਿਮ ਭੂਮਿਕਾ ਨਿਭਾਉਂਦਾ ਰਿਹਾ ਹੈ। 1980ਵਿਆਂ ਵਿਚ ਰਾਮ ਮੰਦਰ ਬਣਾਏ ਜਾਣ ਅਤੇ 1992 ਵਿਚ ਬਾਬਰੀ ਮਸਜਿਦ ਢਾਹੇ ਜਾਣ ਨਾਲ ਪੈਦਾ ਹੋਈ ਫਿਰਕੂ ਸਿਆਸਤ ਨੇ ਦੇਸ਼ ਵਿਚ ਹਿੰਦੂਤਵੀ ਸਿਆਸਤ ਦੀ ਨਵੀਂ ਨੁਹਾਰ ਘੜੀ; ਭਾਰਤੀ ਜਨਤਾ ਪਾਰਟੀ ਕਈ ਸੂਬਿਆਂ ਵਿਚ ਸੱਤਾ ਵਿਚ ਆਉਣ ਤੋਂ ਬਾਅਦ 1998 ਵਿਚ ਕੇਂਦਰ ਵਿਚ ਵੀ ਸੱਤਾ ਵਿਚ ਆਈ। 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ ਇਕੱਲਿਆਂ ਬਹੁਮਤ ਪ੍ਰਾਪਤ ਕੀਤਾ ਅਤੇ 2019 ਦੀਆਂ ਚੋਣਾਂ ਵਿਚ ਉਸ ਦੀ ਤਾਕਤ ਹੋਰ ਵਧੀ। 5 ਅਗਸਤ 2020 ਨੂੰ ਰਾਮ ਮੰਦਰ ਦੀ ਉਸਾਰੀ ਸ਼ੁਰੂ ਹੋ ਜਾਣ ਨਾਲ ਅਜਿਹੀ ਸਿਆਸਤ ਨੂੰ ਹੋਰ ਬਲ ਮਿਲਿਆ। 1991 ਵਿਚ ਪੂਜਾ ਅਸਥਾਨ (ਵਿਸ਼ੇਸ਼ ਪ੍ਰਾਵਧਾਨ) ਕਾਨੂੰਨ ਬਣਾਇਆ ਗਿਆ ਸੀ ਕਿ ਦੇਸ਼ ਦੇ ਹਰ ਧਾਰਮਿਕ ਸਥਾਨ ਦਾ ਕਿਰਦਾਰ ਉਹੀ ਰੱਖਿਆ ਜਾਵੇਗਾ ਜੋ 15 ਅਗਸਤ 1947 ਸਮੇਂ ਸੀ। ਇਹ ਕਾਨੂੰਨ ਰਾਮ ਜਨਮ ਭੂਮੀ-ਬਾਬਰੀ ਮਸਜਿਦ ’ਤੇ ਲਾਗੂ ਨਹੀਂ ਹੁੰਦਾ। ਇਸ ਲਈ ਇਹ ਮੰਨਿਆ ਜਾਂਦਾ ਰਿਹਾ ਹੈ ਕਿ ਅਦਾਲਤਾਂ ਅਜਿਹੇ ਹੋਰ ਮਾਮਲੇ ਜਿਨ੍ਹਾਂ ਵਿਚ ਕਿਸੇ ਦੂਸਰੇ ਧਾਰਮਿਕ ਫ਼ਿਰਕੇ ਵੱਲੋਂ ਕਿਸੇ ਅਸਥਾਨ ’ਤੇ ਅਧਿਕਾਰ ਹੋਣ ਦਾ ਦਾਅਵੇ ਕੀਤੇ ਜਾਂਦੇ ਰਹੇ ਹਨ, ਦੀ ਸੁਣਵਾਈ ਨਹੀਂ ਕਰਨਗੀਆਂ। ਕਈ ਵਰ੍ਹਿਆਂ ਤੋਂ ਮਥੁਰਾ, ਵਾਰਾਨਸੀ ਅਤੇ ਕਈ ਹੋਰ ਧਾਰਮਿਕ ਸਥਾਨ ਜੋ ਇਸ ਸਮੇਂ ਦੇਸ਼ ਦੀ ਸਭ ਤੋਂ ਵੱਡੀ ਘੱਟਗਿਣਤੀ ਦੇ ਪੂਜਾ-ਕੇਂਦਰ ਹਨ, ’ਤੇ ਦੇਸ਼ ਦੇ ਬਹੁਗਿਣਤੀ ਫ਼ਿਰਕੇ ਦੇ ਲੋਕਾਂ ਵੱਲੋਂ ਅਧਿਕਾਰ ਜਤਾਇਆ ਜਾ ਰਿਹਾ ਹੈ। ਇਸ ਸਮੇਂ ਵਾਰਾਨਸੀ ਦੀ ਗਿਆਨਵਾਪੀ ਮਸਜਿਦ ਦਾ ਮਾਮਲਾ ਚਰਚਾ ਵਿਚ ਹੈ। ਮਈ 2022 ਵਿਚ ਸੁਪਰੀਮ ਕੋਰਟ ਵਿਚ ਇਸ ਮਾਮਲੇ ਦੀ ਸੁਣਵਾਈ ਵਿਚ ਉਦੋਂ ਨਿਰਣਾਇਕ ਮੋੜ ਆਇਆ ਜਦੋਂ ਸੁਪਰੀਮ ਕੋਰਟ ਦੇ ਜੱਜ ਡੀਵਾਈ ਚੰਦਰਚੂੜ ਨੇ ਇਹ ਕਿਹਾ ਕਿ ਪੂਜਾ ਅਸਥਾਨ (ਵਿਸ਼ੇਸ਼ ਪ੍ਰਾਵਧਾਨ) ਕਾਨੂੰਨ ਤਹਿਤ ਕਿਸੇ ਧਾਰਮਿਕ ਅਸਥਾਨ ਦੇ ਕਿਰਦਾਰ ਦੇ ਬਦਲਣ ’ਤੇ ਤਾਂ ਪਾਬੰਦੀ ਹੈ ਪਰ ਉਸ ਦੇ ਧਾਰਮਿਕ ਕਿਰਦਾਰ ਬਾਰੇ ਪਤਾ ਲਗਾਉਣ ’ਤੇ ਪਾਬੰਦੀ ਨਹੀਂ ਹੈ। ਬੀਤੇ ਦਿਨੀਂ ਵਾਰਾਨਸੀ ਜ਼ਿਲ੍ਹਾ ਅਦਾਲਤ ਦੁਆਰਾ ਗਿਆਨਵਾਪੀ ਮਸਜਿਦ ਕੇਸ ਵਿਚ ਦਿੱਤਾ ਗਿਆ ਫ਼ੈਸਲਾ ਸੁਪਰੀਮ ਕੋਰਟ ਦੇ ਮਈ 2022 ਵਿਚ ਪ੍ਰਗਟਾਏ ਹੋਏ ਵਿਚਾਰਾਂ ਨੂੰ ਹੀ ਅਗਾਂਹ ਵਧਾਉਂਦਾ ਹੈ।

# ਪੰਜਾਬ ਵਿੱਚ ਨਵੇਂ ਚਰਚ ਸਥਾਪਤ ਕਰਨ ਵਾਲੇ ਡੇਰੇਦਾਰ ਤਾਂਤਰਿਕਨੁਮਾ ਪਾਦਰੀਆਂ ਦਾ ਕਥਿਤ ਠੱਗੀ ਮਾਇਆ ਜਾਲ

## ਜ਼ਿਆਦਾਤਰ ਡੇਰਾਨੁਮਾ ਚਰਚ ਤੇ ਪਾਦਰੀ ਦੁਆਬਾ ਖੇਤਰ ਵਿੱਚ

ਵਿਸ਼ੇਸ਼ ਰਿਪੋਟ

ਪ੍ਰਗਟ ਸਿੰਘ
ਜੰਡਿਆਲਾ ਗੁਰੂ





ਪੰਜਾਬ ਵਿਚ ਡੇਰਾਨੁਮਾ ਪਾਦਰੀਆਂ ਨੇ ਅੰਧ ਵਿਸ਼ਵਾਸ ਤੇ ਅਖੌਤੀ ਚਮਤਕਾਰਾਂ ਰਾਹੀਂ ਪੰਜਾਬ ਵਿਚ ਠੱਗੀ ਜਾਲ ਫੈਲਾਇਆ ਹੋਇਆ ਹੈ।ਪੰਜਾਬ ਵਿੱਚ ਇਸ ਸਮੇਂ ਜੇ ਸਥਾਪਤ ਪਾਸਟਰਾਂ ਦੀ ਗੱਲ ਕਰੀਏ ਤਾਂ ਇਹ ਜ਼ਿਆਦਾਤਰ ਦੁਆਬਾ ਖੇਤਰ ਵਿੱਚ ਹੀ ਹਨ ਅਤੇ ਬਕਾਇਦਾ ਵੱਡੇ-ਵੱਡੇ ਚਰਚ ਸਥਾਪਤ ਕੀਤੇ ਗਏ ਹਨ। ਇਨ੍ਹਾਂ ਵਿੱਚ ਪਾਸਟਰ ਅੰਕੁਰ ਯੂਸਫ਼ ਨਰੂਲਾ, ਪਾਸਟਰ ਹਰਪ੍ਰੀਤ ਦਿਓਲ ਖੋਜੇਵਾਲ, ਪਾਸਟਰ ਬਜਿੰਦਰ ਸਿੰਘ ਅਤੇ ਪਾਸਟਰ ਅੰਮ੍ਰਿਤ ਸੰਧੂ ਪ੍ਰਮੁੱਖ ਹਨ। ਇਹ ਸਾਰੇ ਪਾਸਟਰ ਬਿਮਾਰ ਵਿਅਕਤੀਆਂ ਨੂੰ ਠੀਕ ਕਰਨ, ਨਸ਼ੇ ਛੁਡਵਾਉਣ ਦਾ ਪ੍ਰਚਾਰ ਜ਼ੋਰ ਸ਼ੋਰ ਨਾਲ ਕਰਦੇ ਹਨ ਜਿਸ ਦੀ ਗਵਾਹੀ ਭਰਦੀਆਂ ਹਨ ਇਨ੍ਹਾਂ ਵੱਲੋਂ ਆਪੋ-ਆਪਣੇ ਸੋਸ਼ਲ ਮੀਡੀਆ ਅਕਾਊਂਟ ਉੱਤੇ ਅਪਲੋਡ ਕੀਤੀਆਂ ਵੀਡੀਓਜ਼।

ਮੁਹਾਲੀ ਜ਼ਿਲ੍ਹੇ ਦੇ ਨਿਊ ਚੰਡੀਗੜ੍ਹ ਇਲਾਕੇ ਵਿੱਚ ਸੜਕ ਉੱਤੇ ਲੱਗੇ ਵੱਡੇ-ਵੱਡੇ ਹੋਰਡਿੰਗਜ਼ ਉੱਤੇ ਸ਼ਰਾਬ ਛੁਡਾਉਣ, ਲੋਕਾਂ ਦੀਆਂ ਗੰਭੀਰ ਬਿਮਾਰੀਆਂ ਠੀਕ ਕਰਨ ਤੋਂ ਇਲਾਵਾ ਪਾਸਟਰ ਬਜਿੰਦਰ ਸਿੰਘ ਦੀਆਂ ਵੱਡੀਆਂ-ਵੱਡੀਆਂ ਤਸਵੀਰਾਂ ਦੇਖਣ ਨੂੰ ਮਿਲਦੀਆਂ ਹਨ। ਅੱਜ ਕਲ੍ਹ ਉਹ ਵਡੇ ਵਿਵਾਦਾਂ ਵਿਚ ਘਿਰ ਚੁਕਾ ਹੈ।ਜਿਸ ਥਾਂ ਉੱਤੇ ਇਹ ਤਸਵੀਰਾਂ ਲੱਗੀਆਂ ਹੋਈਆਂ ਹਨ ਇਸ ਨੂੰ ਨਾਮ ਦਿੱਤਾ ਗਿਆ ਹੈ 'ਚਰਚ ਆਫ਼ ਗਲੋਰੀ ਅਤੇ ਵਿਜ਼ਡਮ' ਜਿਸ ਦੇ ਕਰਤਾ ਧਰਤਾ ਪਾਸਟਰ ਬਜਿੰਦਰ ਸਿੰਘ ਹਨ।



ਕੁਰਾਲੀ ਤੋਂ ਚੰਡੀਗੜ੍ਹ ਨੂੰ ਆਉਂਦੇ ਹੋਏ ਬੜੌਦੀ ਟੋਲ ਪਲਾਜ਼ਾ ਦੇ ਬਿਲਕੁਲ ਨਾਲ ਲੱਗਦੀ ਕਈ ਏਕੜ ਜ਼ਮੀਨ ਦੀ ਬਕਾਇਦਾ ਚਾਰਦੀਵਾਰੀ ਕਰ ਕੇ ਉੱਥੇ ਉਸਾਰੀ ਦਾ ਕੰਮ ਚੱਲ ਰਿਹਾ ਹੈ। ਇਹ ਜ਼ਮੀਨ ਬਿਲਕੁਲ ਸੜਕ ਦੇ ਨਾਲ ਲੱਗਦੀ ਹੈ ਅਤੇ ਇਸੇ ਥਾਂ ਉੱਤੇ ਹੀ ਪਾਸਟਰ ਬਜਿੰਦਰ ਸਿੰਘ ਨੇ ਆਪਣੇ ਵੱਡੇ-ਵੱਡੇ ਬੋਰਡ ਲਗਾਏ ਹੋਏ ਹਨ। ਚਰਚ ਨਾਲ ਜੁੜੇ ਲੋਕਾਂ ਦਾ ਦਾਅਵਾ ਹੈ ਕਿ ਉਨ੍ਹਾਂ ਦੀਆਂ ਪੰਜਾਬ ਵਿੱਚ ਕਈ ਹੋਰ ਵੀ ਬਰਾਂਚਾਂ ਹਨ। ਸਥਾਨਕ ਲੋਕਾਂ ਮੁਤਾਬਕ ਪੰਜ ਕੁ ਸਾਲ ਪਹਿਲਾਂ ਪਾਸਟਰ ਬਜਿੰਦਰ ਨੇ ਠੇਕੇ ਉੱਤੇ ਜ਼ਮੀਨ ਲੈ ਕੇ ਐਤਵਾਰ ਵਾਲੇ ਦਿਨ ਪ੍ਰਾਥਨਾ ਸ਼ੁਰੂ ਕੀਤੀ ਸੀ ਅਤੇ ਦੇਖਦਿਆਂ ਹੀ ਦੇਖਦਿਆਂ ਇੱਥੇ ਹੁਣ ਵੱਡਾ ਇਕੱਠ ਹੋਣ ਲੱਗਾ ਹੈ। ਐਤਵਾਰ ਨੂੰ ਤਾਂ ਇਥੇ ਲੋਕਾਂ ਦੀ ਭੀੜ ਬਹੁਤ ਜ਼ਿਆਦਾ ਹੁੰਦੀ ਹੈ। ਸੋਸ਼ਲ ਮੀਡੀਆ ਰਾਹੀਂ ਬਕਾਇਦਾ ਇਹ ਆਪਣਾ ਪ੍ਰਚਾਰ ਕਰਦੇ ਹਨ। ਹਾਲਾਂਕਿ ਇਸ ਘਟਨਾ ਸਬੰਧੀ ਪਾਦਰੀ ਬਜਿੰਦਰ ਸਿੰਘ ਦਾ ਕਹਿਣਾ ਹੈ ਕਿ ਕੁੜੀ ਕੈਂਸਰ ਤੋਂ ਪੀੜਤ ਸੀ ਅਤੇ ਹੋਰਨਾਂ ਲੋਕਾਂ ਵਾਂਗ ਉਹ ਵੀ ਪਰਾਥਨਾ ਲਈ ਚਰਚ ਵਿੱਚ ਆਈ ਸੀ ਪਰ ਉਨ੍ਹਾਂ ਦੀ ਇਸ ਕੁੜੀ ਨਾਲ ਮੁਲਾਕਾਤ ਨਹੀਂ ਹੋ ਸਕੀ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਤੋਂ ਵੀ ਪਰਾਥਨਾ ਲਈ ਪੈਸੇ ਨਹੀਂ ਲਈ ਗਏ।

ਚਰਚ ਦੇ ਮੈਨੇਜਰ ਅਵਤਾਰ ਸਿੰਘ ਮੁਤਾਬਕ ਇਹ ਚਰਚ ਬਿਸ਼ਪ ਬਜਿੰਦਰ ਸਿੰਘ ਵੱਲੋਂ ਚਲਾਇਆ ਜਾਂਦਾ ਹੈ ਅਤੇ ਇਸ ਚਰਚ ਦਾ ਖਰਚਾ ਇੱਥੇ ਪਰਾਥਨਾ ਲਈ ਆਉਣ ਵਾਲੇ ਲੋਕਾਂ ਦੇ ਦਾਨ ਨਾਲ ਚਲਦਾ ਹੈ। ਅਵਤਾਰ ਸਿੰਘ ਦਸਤਾਰ ਸਜਾਉਂਦੇ ਹਨ ਅਤੇ ਉਨ੍ਹਾਂ ਦਾ ਸਬੰਧ ਅੰਮ੍ਰਿਤਸਰ ਜ਼ਿਲ੍ਹੇ ਨਾਲ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਵਿਆਹ ਇੱਕ ਇਸਾਈ ਕੁੜੀ ਨਾਲ ਹੋਇਆ ਸੀ, ਜਿਸ ਤੋਂ ਬਾਅਦ ਉਹ ਵੀ ਇਸਾਈ ਧਰਮ ਨਾਲ ਜੁੜ ਗਏ। ਉਨ੍ਹਾਂ ਦੱਸਿਆ ਕਿ ਜੇ ਕੋਈ ਮਰੀਜ਼ ਪ੍ਰਾਥਨਾ ਲਈ ਆਉਂਦਾ ਹੈ ਤਾਂ ਉਸ ਲਈ ਦੁਆ ਕੀਤੀ ਜਾਂਦੀ ਹੈ ਅਤੇ ਨਾਲ ਹੀ ਉਸ ਨੂੰ ਡਾਕਟਰੀ ਇਲਾਜ ਕਰਵਾਉਣ ਲਈ ਵੀ ਆਖਿਆ ਜਾਂਦਾ ਹੈ। ਅਵਤਾਰ ਸਿੰਘ ਨੇ ਦਾਅਵਾ ਕੀਤਾ ਕਿ ਉਹ ਬਿਮਾਰ ਹੋਣ ਉੱਤੇ ਖ਼ੁਦ ਵੀ ਦਵਾਈਆਂ ਲੈਂਦੇ ਹਨ।

ਪੰਜਾਬ ਵਿੱਚ ਕੁਝ ਸਮੇਂ ਤੋਂ ਧਰਮ ਪਰਿਵਰਤਨ ਦਾ ਮੁੱਦਾ ਭੱਖਿਆ ਹੋਇਆ ਹੈ। ਸਿੱਖ ਆਗੂਆਂ ਦਾ ਦਾਅਵਾ ਹੈ ਕਿ ਇਹ ਧਰਮ ਪਰਿਵਤਨ ਲਾਲਚ ਅਤੇ ਗੁੰਮਰਾਹ ਕਰਕੇ ਕਰਵਾਇਆ ਜਾ ਰਿਹਾ ਹੈ। ਮਸੀਹੀ ਭਾਈਚਾਰੇ ਨਾਲ ਸਬੰਧਤ ਆਗੂ ਜਬਰੀ ਧਰਮ ਪਰਿਵਰਤਨ ਕੀਤੇ ਜਾਣ ਦੀਆਂ ਖ਼ਬਰਾਂ ਨੂੰ ਰੱਦ ਕਰਦੇ ਹਨ। ਮੁੱਖ ਧਾਰਾ ਦੇ ਗਿਰਜਾਘਰਾਂ ਨਾਲ ਜੁੜੇ ਆਗੂ ਕਹਿੰਦੇ ਹਨ ਅੰਧ-ਵਿਸ਼ਵਾਸ਼ ਰਾਹੀਂ ਪ੍ਰਚਾਰ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ। ਦੂਜੇ ਪਾਸੇ ਚਮਤਕਾਰ ਦਿਖਾਉਣ ਦਾ ਦਾਅਵਾ ਕਰਨ ਵਾਲੇ ਪਾਦਰੀ ਡੇਰਾਨੁਮਾ ਚਰਚ ਪੰਜਾਬ ਵਿਚ ਉਸਾਰ ਚੁੱਕੇ ਹਨ। ਜਲੰਧਰ ਨੇੜਲੇ ਪਿੰਡ ਤਾਜਪੁਰ ਵਿਚ ਚਰਚ ਸਥਾਪਤ ਕਰਨ ਵਾਲੇ ਬਜਿੰਦਰ ਸਿੰਘ ਵੱਲੋਂ ਚਰਚ ਨੂੰ 'ਚਰਚ ਆਫ਼ ਗਲੋਰੀ ਅਤੇ ਵਿਜ਼ਡਮ' ਨਾਮ ਦਿੱਤਾ ਗਿਆ ਹੈ। ਬਜਿੰਦਰ ਸਿੰਘ ਦਾ ਸਬੰਧ ਹਰਿਆਣੇ ਦੇ ਜਾਟ ਪਰਿਵਾਰ ਨਾਲ ਹੈ ਅਤੇ ਬਿਸ਼ਪ ਬਣਨ ਤੋਂ ਪਹਿਲਾਂ ਉਹ ਇੰਜੀਨੀਅਰ ਸੀ। ਜਲੰਧਰ ਨੇੜਲੇ ਪਿੰਡ ਤਾਜਪੁਰ ਦੇ ਜਿਸ ਚਰਚ ਵਿੱਚ ਕੈਂਸਰ ਪੀੜਤ ਕੁੜੀ ਦੀ ਮੌਤ ਹੋਈ ਸੀ ਉਹ ਵੀ ਬਜਿੰਦਰ ਸਿੰਘ ਦਾ ਹੀ ਸੀ।

ਕਪੂਰਥਲਾ ਜ਼ਿਲ੍ਹੇ ਦੇ ਪਿੰਡ ਖੋਜੇਵਾਲਾ ਵਿੱਚ ਬਣੇ 'ਦਿ ਓਪਨ ਡੋਰ ਚਰਚ' ਨੂੰ ਸਥਾਪਤ ਕਰਨ ਵਾਲੇ ਹਰਪ੍ਰੀਤ ਦਿਓਲ ਦਾ ਸਬੰਧ ਜੱਟ ਸਿੱਖ ਪਰਿਵਾਰ ਨਾਲ ਹੈ। ਕਪੂਰਥਲਾ ਜ਼ਿਲ੍ਹੇ ਦੇ ਪਿੰਡ ਖੋਜੇਵਾਲਾ ਵਿੱਚ ਬਣੇ 'ਦਿ ਓਪਨ ਡੋਰ ਚਰਚ' ਪਿੰਡ ਦੇ ਵਿਚਕਾਰ ਬਣਿਆ ਹੈ ਜਿਸ ਦੀ ਵਿਸ਼ਾਲ ਉਸਾਰੀ ਅਧੀਨ ਇਮਾਰਤ ਦੂਰ ਤੋਂ ਹੀ ਨਜ਼ਰ ਆਉਂਦੀ ਹੈ। ਪਿੰਡ ਦੀ ਜ਼ਿਆਦਾਤਰ ਅਬਾਦੀ ਐਨ ਆਰ ਆਈ ਹੈ। ਪਿੰਡ ਦੇ ਵਿਚਕਾਰ ਪਾਸਟਰ ਹਰਪ੍ਰੀਤ ਦਿਓਲ ਨੇ ਆਪਣਾ ਦਫ਼ਤਰ ਬਣਾਇਆ ਹੋਇਆ ਹੈ, ਜਿੱਥੇ ਸੁਰੱਖਿਆ ਲਈ ਬਾਊਂਸਰ ਵੀ ਮੌਜੂਦ ਰਹਿੰਦੇ ਹਨ। ਪਿੰਡ ਦੇ ਬਜ਼ੁਰਗ ਫ਼ਕੀਰ ਸਿੰਘ ਨੇ ਦੱਸਿਆ ਕਿ ਐਤਵਾਰ ਨੂੰ ਇੱਥੇ ਬਹੁਤ ਜ਼ਿਆਦਾ ਲੋਕ ਆਉਂਦੇ ਹਨ। ਇਸ ਕਰ ਕੇ ਪਿੰਡ ਦੇ ਬਾਹਰ ਖੇਤਾਂ ਵਿੱਚ ਲੋਕਾਂ ਦੇ ਲਈ ਪ੍ਰਾਥਨਾ ਘਰ ਬਣਾਇਆ ਗਿਆ ਹੈ।

ਪਾਸਟਰ ਦਿਓਲ ਦੇ ਬਾਰੇ ਉਨ੍ਹਾਂ ਦੱਸਿਆ ਕਿ ਇਨ੍ਹਾਂ ਦਾ ਸਬੰਧ ਜੱਟ ਸਿੱਖ ਪਰਿਵਾਰ ਨਾਲ ਹੈ ਅਤੇ ਕਾਫ਼ੀ ਸਮਾਂ ਪਹਿਲਾਂ ਇਨ੍ਹਾਂ ਦੇ ਪਿਤਾ ਵਿਦੇਸ਼ ਗਏ ਸਨ ਅਤੇ ਉੱਥੇ ਉਨ੍ਹਾਂ ਨੇ ਇਸਾਈ ਧਰਮ ਅਪਣਾ ਲਿਆ। ਉਨ੍ਹਾਂ ਦੱਸਿਆ ਕਿ ਵਾਪਸ ਆ ਕੇ ਉਨ੍ਹਾਂ ਪਿੰਡ ਵਿੱਚ ਛੋਟਾ ਚਰਚ ਸਥਾਪਤ ਕੀਤਾ ਪਰ ਜਦੋਂ ਦਾ ਹਰਪ੍ਰੀਤ ਦਿਓਲ ਨੇ ਚਰਚ ਸੰਭਾਲਿਆ ਹੈ ਤਾਂ ਇਸਾਈ ਸੰਗਤ ਵਿੱਚ ਇਜ਼ਾਫਾ ਹੁੰਦਾ ਜਾ ਰਿਹਾ ਹੈ। ਪਾਸਟਰ ਹਰਪ੍ਰੀਤ ਦਿਓਲ ਨੇ ਨਾਲ ਉਨ੍ਹਾਂ ਦੀ ਪਤਨੀ ਗੁਰਸ਼ਰਨ ਕੌਰ ਵੀ ਚਰਚ ਦਾ ਕੰਮ ਕਾਜ ਦੇਖਦੇ ਹਨ। ਪਾਸਟਰ ਦਿਓਲ ਪੱਤਰਕਾਰਾਂ ਨਾਲ ਗੱਲ ਕਰਨ ਤੋਂ ਝਿਜਕਦੇ ਹਨ। ਉਨ੍ਹਾਂ ਨਾਲ ਮੁਲਾਕਾਤ ਵੀ ਕੀਤੀ ਪਰ ਉਨ੍ਹਾਂ ਕਿਸੇ ਵੀ ਮੁੱਦੇ ਉੱਤੇ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ।



ਜਲੰਧਰ ਜ਼ਿਲ੍ਹੇ ਦੇ ਖਾਂਬਰਾ ਪਿੰਡ ਵਿੱਚ 'ਦਾ ਚਰਚ ਆਫ਼ ਸਾਈਨਜ਼ ਐਂਡ ਵੰਡਰਜ਼' ਦੇ ਕਰਤਾ ਧਰਤਾ ਪਾਸਟਰ ਅੰਕੁਰ ਯੂਸਫ਼ ਨਰੂਲਾ ਹਨ। ਚਰਚ ਦੀ ਵੈੱਬਸਾਈਟ ਵਿੱਚ ਇਸ ਗੱਲ ਦਾ ਦਾਅਵਾ ਕੀਤਾ ਗਿਆ ਹੈ ਕਿ ਉਨ੍ਹਾਂ ਦਾ ਚਰਚ ਪੰਜਾਬ ਵਿੱਚ ਸਭ ਤੋਂ ਵੱਡਾ ਅਤੇ ਤੇਜ਼ੀ ਨਾਲ ਵੱਧ ਰਿਹਾ ਚਰਚ ਹੈ। ਵੈੱਬਸਾਈਟ ਵਿੱਚ ਦਾਅਵਾ ਕੀਤਾ ਗਿਆ ਹੈ ਇਸਾਈ ਧਰਮ ਵਿੱਚ ਆਉਣ ਤੋਂ ਪਹਿਲਾਂ ਅੰਕੁਰ ਨਰੂਲਾ ਨਸ਼ੇ ਕਰਦੇ ਸੀ ਅਤੇ ਖ਼ੁਦਕੁਸ਼ੀ ਕਰਨ ਤੱਕ ਪਹੁੰਚ ਗਏ ਸੀ ਪਰ ਇਸਾਈ ਧਰਮ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦੀ ਜ਼ਿੰਦਗੀ ਪੂਰੀ ਤਰ੍ਹਾਂ ਬਦਲ ਗਈ। ਅੰਕੁਰ ਨਰੂਲਾ ਦਾ ਸਬੰਧ ਹਿੰਦੂ ਖੱਤਰੀ ਪਰਿਵਾਰ ਨਾਲ ਹੈ।

ਖਾਂਬਰਾ ਪਿੰਡ ਦੇ ਖੇਤਾਂ ਵਿੱਚ ਵਿਸ਼ਾਲ ਇਮਾਰਤ ਉਸਾਰੀ ਅਧੀਨ ਹੈ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਇਸ ਚਰਚ ਦਾ ਘੇਰਾ ਕਿੰਨਾ ਜ਼ਿਆਦਾ ਹੈ। ਚਰਚ ਦੇ ਬਾਹਰ ਟੀਨ ਦੀ ਛੱਤ ਹੇਠ ਬਹੁਤ ਸਾਰੇ ਮਰੀਜ਼ ਬੈਠੇ ਹੋਏ ਸਨ। ਇਨ੍ਹਾਂ ਵਿੱਚ ਇੱਕ ਬਿਹਾਰ ਸੂਬੇ ਦੇ ਸੁਰਜੀਤ ਕੁਮਾਰ ਨਾਲ ਗੱਲਬਾਤ ਹੋਈ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਲੱਤ ਵਿੱਚ ਤਕਲੀਫ਼ ਹੈ ਅਤੇ ਇਸ ਦੇ ਇਲਾਜ ਲਈ ਉਹ ਇੱਥੇ ਆਏ ਹਨ। ਉਨ੍ਹਾਂ ਦੱਸਿਆ ਕਿ ਯੂ ਟਿਊਬ ਉੱਤੇ ਵੀਡੀਓ ਦੇਖ ਕੇ ਉਨ੍ਹਾਂ ਨੂੰ ਚਰਚ ਬਾਰੇ ਪਤਾ ਲੱਗਾ ਸੀ। ਵਕੀਲ ਕੁਮਾਰ ਨੇ ਦੱਸਿਆ ਕਿ ਇੱਥੇ ਪਰਾਥਨਾ ਅਤੇ ਲੱਤ ਉੱਤੇ ਲਾਉਣ ਲਈ ਤੇਲ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਅਜਿਹਾ ਹੋਣ ਨਾਲ ਤਕਲੀਫ ਖਤਮ ਹੋ ਜਾਵੇਗੀ। ਵਕੀਲ ਕੁਮਾਰ ਵਰਗੇ ਹੋਰ ਵੀ ਬਹੁਤ ਸਾਰੇ ਮਰੀਜ਼ ਇਸ ਚਰਚ ਦੇ ਬਾਹਰ ਬੈਠੇ ਦਿਖਾਈ ਦਿੱਤੇ।

ਖਾਂਬਰਾ ਪਿੰਡ ਦੇ ਨੌਜਵਾਨ ਜਸਬੀਰ ਸਿੰਘ ਨੇ ਦੱਸਿਆ ਕਿ ਪੰਜ-ਛੇ ਸਾਲਾਂ ਦੇ ਵਿੱਚ ਇਸ ਚਰਚ ਨੇ ਤਰੱਕੀ ਕੀਤੀ ਹੈ। ਪਹਿਲਾਂ 2008 ਵਿੱਚ ਤਿੰਨ ਲੋਕਾਂ ਦੇ ਨਾਲ ਪਾਸਟਰ ਅੰਕੁਰ ਨੇ ਚਰਚ ਸ਼ੁਰੂ ਕੀਤੀ ਸੀ। ਇਹ ਛੋਟੀ ਥਾਂ ਉੱਤੇ ਸੀ ਪਰ ਜਿਵੇਂ ਲੋਕਾਂ ਦੀ ਗਿਣਤੀ ਵਧਦੀ ਗਈ ਇਹ ਜ਼ਮੀਨ ਖਰੀਦ ਕੇ ਹੁਣ ਇਨ੍ਹਾਂ ਨੇ ਪੱਕਾ ਚਰਚ ਸਥਾਪਤ ਕਰ ਲਿਆ ਹੈ ਜੋ ਹੁਣ ਉਸਾਰੀ ਅਧੀਨ ਹੈ।

ਹਰਪ੍ਰੀਤ ਸਿੰਘ ਮੁਤਾਬਕ ਪੰਜਾਬੀ ਲੋਕਾਂ ਤੋਂ ਇਲਾਵਾ ਬਿਹਾਰ, ਯੂ.ਪੀ. ਦੇ ਪ੍ਰਵਾਸੀ ਮਜ਼ਦੂਰ ਇੱਥੇ ਬਹੁਤ ਵੱਡੀ ਗਿਣਤੀ ਵਿੱਚ ਐਤਵਾਰ ਨੂੰ ਆਉਂਦੇ ਹਨ।

ਅੰਕੁਰ ਨਰੂਲਾ ਚਰਚ ਦੀ ਵੈੱਬਸਾਈਟ ਵਿੱਚ ਇਸ ਗੱਲ ਦਾ ਦਾਅਵਾ ਕੀਤਾ ਗਿਆ ਹੈ ਕਿ ਉਨ੍ਹਾਂ ਦਾ ਚਰਚ 'ਪੰਜਾਬ ਵਿੱਚ ਸਭ ਤੋਂ ਵੱਡਾ ਅਤੇ ਤੇਜ਼ੀ ਨਾਲ ਵੱਧ ਰਿਹਾ ਚਰਚ ਹੈ।' 'ਦਿ ਚਰਚ ਆਫ਼ ਸਾਈਨਜ਼ ਐਂਡ ਵੰਡਰਜ਼' ਨੇ ਆਪਣੇ ਤਿੰਨ ਲੱਖ ਸ਼ਰਧਾਲੂ ਹੋਣ ਦਾ ਦਾਅਵਾ ਕੀਤਾ ਹੈ। ਚਰਚ ਦਾ ਦਾਅਵਾ ਹੈ ਕਿ ਉਹ ਹਰ ਹਫ਼ਤੇ ਇੱਕ ਲੱਖ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਂਦੇ ਹਨ। ਪਾਸਟਰ ਅੰਕੁਰ ਨਰੂਲਾ ਦੇ ਦੋ ਚਰਚ ਹਨ, ਇਨ੍ਹਾਂ ਵਿਚੋਂ ਇੱਕ ਜਲੰਧਰ ਨੇੜਲੇ ਖਾਂਬਰਾ ਪਿੰਡ ਵਿੱਚ ਅਤੇ ਦੂਜਾ ਗੁਰਦਾਸਪੁਰ ਵਿੱਚ। ਚਰਚ ਵੱਲੋਂ ਆਪਣੀ ਵੈੱਬਸਾਈਟ ਉੱਤੇ ਕਈ ਵੀਡੀਓਜ਼ ਅਪਲੋਡ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਮਰੀਜ਼ਾਂ ਦੀ ਬਿਮਾਰੀ ਇਸ ਚਰਚ ਵਿੱਚ ਆ ਕੇ ਕਿਵੇਂ ਠੀਕ ਹੋਈ ਉਸ ਦਾ ਜ਼ਿਕਰ ਕੀਤਾ ਗਿਆ ਹੈ।

ਵਾਰ-ਵਾਰ ਇਸ ਚਰਚ ਨਾਲ ਸਬੰਧਿਤ ਲੋਕਾਂ ਨਾਲ ਫੋਨ ਰਾਹੀਂ ਰਾਬਤਾ ਕਾਇਮ ਕਰਨ ਦੀ ਕੋਸ਼ਿਸ ਕੀਤੀ ਪਰ ਕਿਸੇ ਨੇ ਵੀ ਫ਼ੋਨ ਕਾਲ ਦਾ ਜਵਾਬ ਨਹੀਂ ਦਿੱਤਾ।

ਪੰਜਾਬ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਪ੍ਰੋ. ਇਮੈਨੁਅਲ ਨਾਹਰ ਨੇ ਆਖਿਆ ਕਿ ਇਸਾਈ ਧਰਮ ਦੇ ਅੰਦਰ ਕੁਝ ਅਖੌਤੀ ਪਾਸਟਰ ਆ ਗਏ, ਜਿਨ੍ਹਾਂ ਨੇ ਧਰਮ ਨੂੰ ਕਾਰੋਬਾਰ ਦਾ ਰੂਪ ਦੇ ਦਿੱਤਾ ਹੈ।ਉਨ੍ਹਾਂ ਮੁਤਾਬਕ ਅਜਿਹੇ ਅਖੌਤੀ ਪਾਸਟਰਾਂ ਦੀ ਬਕਾਇਦਾ ਜਾਂਚ ਹੋਣੀ ਚਾਹੀਦੀ ਹੈ ਅਤੇ ਇਸ ਗੱਲ ਦਾ ਪਤਾ ਲਗਾਉਣਾ ਚਾਹੀਦਾ ਹੈ ਕਿ ਉਨ੍ਹਾਂ ਕੋਲੋਂ ਵਿੱਤੀ ਸਾਧਨ ਕਿੱਥੋਂ ਆ ਰਹੇ ਹਨ। ਪ੍ਰੋਫ਼ੈਸਰ ਨਾਹਰ ਮੁਤਾਬਕ ਇਸਾਈ ਧਰਮ ਪੰਜਾਬ ਵਿੱਚ ਬਹੁਤ ਪੁਰਾਣਾ ਹੈ ਅਤੇ ਕਦੇ ਵੀ ਤਰਨਤਾਰਨ ਦੇ ਚਰਚ ਵਿੱਚ ਹੋਏ ਹਮਲੇ ਵਰਗੀ ਘਟਨਾ ਨਹੀਂ ਵਾਪਰੀ। ਉਹ ਕਹਿੰਦੇ ਹਨ, 'ਚਰਚਾਂ ਦੇ ਨਾਂ ਉੱਤੇ ਚੱਲਣ ਵਾਲੇ ਨਿੱਜੀ ਕਾਰੋਬਾਰ ਬੰਦ ਹੋਣੇ ਚਾਹੀਦੇ ਹਨ, ਭਾਵੇਂ ਕੋਈ ਤੇਲ ਵੇਚਦਾ ਹੈ ਜਾਂ ਪਾਣੀ, ਅਸੀਂ ਅਜਿਹੇ ਲੋਕਾਂ ਦੇ ਹੱਕ ਵਿਚ ਨਹੀਂ ਹਾਂ।'

# ਭਾਰਤ ਆਰਥਿਕ ਵਿਕਾਸ ਪ੍ਰਤੀ ਆਪਣੇ ਨੀਤੀ 'ਤੇ ਨਜ਼ਰਸਾਨੀ ਕਰੇ



ਵਿਸ਼ੇਸ਼ ਮੁੱਦਾ

ਪ੍ਰੋ. ਪ੍ਰੀਤਮ ਸਿੰਘ
+44-7922-65795

ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦੀ ਹਾਲ ਹੀ ਵਿਚ ਜਾਰੀ ਕੀਤੀ '100 ਸਾਲ ਮੌਕੇ ਭਾਰਤ ਲਈ ਮੁਕਾਬਲੇਬਾਜ਼ੀ ਵਾਲੀ ਰੂਪ-ਰੇਖਾ' (ਵਿਚ ਭਾਰਤ ਦੇ 2047 ਤੱਕ ਉੱਚ-ਮੱਧ ਵਰਗੀ ਆਮਦਨ ਵਾਲਾ ਮੁਲਕ ਬਣ ਜਾਣ ਦੀ ਯੋਜਨਾ ਦਾ ਖ਼ਾਕਾ ਉਲੀਕਿਆ ਗਿਆ ਹੈ। ਪਹਿਲੀ ਨਜ਼ਰੇ ਇਹ ਬਹੁਤ ਪ੍ਰਭਾਵਸ਼ਾਲੀ ਜਾਪਦਾ ਹੈ। ਉਂਞ, ਇਸ ਦੇ ਟੀਚੇ ਨੂੰ ਦਰਸਾਉਣ ਵਾਲੇ ਸਿਧਾਂਤ ਦੀ ਬਾਰੀਕੀ ਨਾਲ ਕੀਤੀ ਘੋਖ ਤੋਂ ਪਤਾ ਲੱਗਦਾ ਹੈ ਕਿ ਇਸ ਵਿਚ ਗੰਭੀਰ ਖ਼ਾਮੀਆਂ ਹਨ।

ਜਦੋਂ ਜੀਡੀਪੀ (ਕੁੱਲ ਘਰੇਲੂ ਪੈਦਾਵਾਰ) ਨੂੰ ਆਰਥਿਕ ਸਿਧਾਂਤ ਵਜੋਂ ਪੇਸ਼ ਕੀਤਾ ਗਿਆ ਸੀ ਤਾਂ ਸਹੀ ਢੰਗ ਨਾਲ ਇਹ ਤਸੱਵੁਰ ਕੀਤਾ ਗਿਆ ਸੀ ਕਿ ਇਹ ਕਿਸੇ ਮੁਲਕ ਵਿਚ ਵਟਾਂਦਰਾਯੋਗ ਵਸਤਾਂ ਅਤੇ ਸੇਵਾਵਾਂ ਦਾ ਸਾਲਾਨਾ ਪੈਮਾਨਾ ਹੋਵੇਗਾ, ਨਾ ਕਿ ਇਸ ਨੂੰ ਸਿੱਧੇ ਤੌਰ 'ਤੇ ਕਿਸੇ ਮੁਲਕ ਵਿਚ ਉਥੋਂ ਦੇ ਲੋਕਾਂ ਦੀ ਭਲਾਈ ਦੇ ਪੈਮਾਨੇ ਵਜੋਂ ਲਿਆ ਜਾਵੇਗਾ। ਇਥੋਂ ਤੱਕ ਕਿ ਪ੍ਰਤੀ ਵਿਅਕਤੀ ਜੀਡੀਪੀ ਜਿਹੜਾ ਕੁੱਲ ਜੀਡੀਪੀ ਦੇ ਮੁਕਾਬਲੇ ਬਿਹਤਰ ਪੈਮਾਨਾ ਹੈ (ਕਿਉਂਕਿ ਇਹ ਆਪਣੀ ਗਣਨਾ ਵਿਚ ਮੁਲਕ ਦੀ ਆਬਾਦੀ ਨੂੰ ਸ਼ਾਮਲ ਕਰਦਾ ਹੈ), ਵੀ ਅਸਲ ਵਿਚ ਭਲਾਈ ਦਾ ਨੁਕਸਦਾਰ ਪੈਮਾਨਾ ਹੈ। ਪ੍ਰਤੀ ਵਿਅਕਤੀ ਜੀਡੀਪੀ ਦੀ ਵੱਡੀ ਕਮਜ਼ੋਰੀ ਇਹ ਹੈ ਕਿ ਇਹ ਜੀਡੀਪੀ ਦੀ ਵੰਡ ਬਾਰੇ ਪਾਸਾਰਾਂ ਨੂੰ ਅਣਡਿੱਠ ਕਰਦਾ ਹੈ।

ਦੋ ਕਾਲਪਨਿਕ ਮੁਲਕਾਂ 'ੳ' ਅਤੇ 'ਅ' ਦੀ ਕੀਤੀ ਜਾਣ ਵਾਲੀ ਆਮ ਜਿਹੀ ਤੁਲਨਾ ਨਾਲ ਇਸ ਨੂੰ ਸਮਝਿਆ ਜਾ ਸਕਦਾ ਹੈ। ਮੰਨ ਲਓ ਦੋਵਾਂ ਮੁਲਕਾਂ ਦੀ ਕੁੱਲ ਜੀਡੀਪੀ ਇਕਸਾਰ ਹੈ, ਜਿਵੇਂ 100; ਅਬਾਦੀ ਵੀ ਇਕੋ ਜਿੰਨੀ ਹੈ ਜਿਵੇਂ 5 ਪਰ ਉਨ੍ਹਾਂ ਦੀ ਜੀਡੀਪੀ ਦੀ ਵੰਡ ਦੇ ਪਸਾਰਾ ਵੱਖੋ-ਵੱਖ ਹੋ ਸਕਦੇ ਹਨ ਜੋ ਜੀਡੀਪੀ ਅਤੇ ਪ੍ਰਤੀ ਵਿਅਕਤੀ ਜੀਡੀਪੀ ਪੈਮਾਨਿਆਂ ਦੀ ਮੂਲ ਕਮਜ਼ੋਰੀ ਨੂੰ ਜ਼ਾਹਿਰ ਕਰਨ ਲਈ ਕਾਫ਼ੀ ਹੈ। ਇਨ੍ਹਾਂ ਵਿਚੋਂ ਮੁਲਕ 'ੳ' ਵਿਚ ਇਕ ਵਿਅਕਤੀ ਦੀ ਆਮਦਨ 92 ਰੁਪਏ ਹੈ ਅਤੇ ਬਾਕੀ ਚਾਰ ਬੰਦਿਆਂ ਦੀ ਆਮਦਨ ਦੋ-ਦੋ ਰੁਪਏ ਹੈ। ਤੁਲਨਾ ਵਾਲੇ ਮੁਲਕ 'ਅ' ਵਿਚ ਸਾਰੇ ਪੰਜੇ ਵਿਅਕਤੀਆਂ ਦੀ ਆਮਦਨ 20-20 ਰੁਪਏ ਹੈ। ਇਥੇ ਦੋਵੇਂ ਮੁਲਕਾਂ ਦੀ ਜੀਡੀਪੀ ਤੇ ਪ੍ਰਤੀ ਵਿਅਕਤੀ ਜੀਡੀਪੀ ਅਤੇ ਆਬਾਦੀ ਭਾਵੇਂ ਇਕਸਾਰ ਹੈ ਪਰ ਤਾਂ ਵੀ ਭਲਾਈ ਅਤੇ ਇਸ ਉਤੇ ਆਧਾਰਿਤ ਸਾਰੇ ਸਿੱਟਿਆਂ ਦੇ ਮਾਮਲੇ ਵਿਚ ਬਿਨਾ ਸ਼ੱਕ ਮੁਲਕ 'ਅ' ਨੂੰ ਮੁਲਕ 'ੳ' ਨਾਲੋਂ ਬਿਹਤਰ ਮੰਨਿਆ ਜਾਵੇਗਾ। ਇਸ ਵਿਚ ਭਲਾਈ 'ਤੇ ਆਧਾਰਿਤ ਸਿੱਟੇ ਆਮ ਸਮਾਜਿਕ ਸਥਿਰਤਾ, ਸਮਾਜਿਕ ਟਕਰਾਵਾਂ ਦੀ ਅਣਹੋਂਦ, ਸਮਾਜਿਕ ਅਮਨ ਤੇ ਸਦਭਾਵਨਾ ਦਾ ਹੋਣਾ ਆਦਿ ਸ਼ਾਮਿਲ ਹਨ। ਅਰਥ ਸ਼ਾਸਤਰੀ ਖੋਜਾਂ ਨੇ ਦਸਤਾਵੇਜ਼ੀ ਆਧਾਰ ਉਤੇ ਲਗਾਤਾਰ ਦਿਖਾਇਆ ਹੈ ਕਿ ਬਰਾਬਰੀ ਵਾਲੇ ਸਮਾਜ ਹਮੇਸ਼ਾ ਹੀ ਨਾ-ਬਰਾਬਰੀ ਵਾਲੇ ਸਮਾਜਾਂ ਨਾਲੋਂ ਬਿਹਤਰ ਹੁੰਦੇ ਹਨ।

ਭਲਾਈ ਦੇ ਔਸਤ ਪੈਮਾਨੇ ਵਜੋਂ ਪ੍ਰਤੀ ਵਿਅਕਤੀ ਜੀਡੀਪੀ ਦੀ ਕਮੀ ਦੇ ਕੁਝ ਪੱਖ, ਮਹਿਬੂਬ-ਉਲ-ਹੱਕ ਅਤੇ ਅਮਰਤਿਆ ਸੇਨ ਦੇ ਵਿਕਸਤ ਮਨੁੱਖੀ ਵਿਕਾਸ ਦੇ ਸਿਧਾਂਤ ਦਾ ਅਹਿਮ ਹਿੱਸਾ ਸਨ। ਹੱਕ ਨੇ ਇਸੇ ਸਿਧਾਂਤ ਦੇ ਆਧਾਰ 'ਤੇ ਬਾਅਦ ਵਿਚ 1990 ਵਿਚ ਐੱਚਡੀਆਈ (ਮਨੁੱਖੀ ਵਿਕਾਸ ਸੂਚਕ ਅੰਕ) ਵਿਕਸਤ ਕੀਤਾ। ਇਸ ਨੂੰ ਯੂਐੱਨਡੀਪੀ (ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ) ਨੇ ਵੱਖੋ-ਵੱਖ ਮੁਲਕਾਂ ਵਿਚ ਤੁਲਨਾਯੋਗ ਤਰੱਕੀ ਅਤੇ ਨਾਲ ਹੀ ਉਸ ਮੁਲਕ ਵਿਚ ਸਮੇਂ ਦੇ ਨਾਲ ਹੋਈ ਤਰੱਕੀ ਉਤੇ ਨਜ਼ਰ ਰੱਖਣ ਲਈ ਅਪਣਾ ਲਿਆ। ਐੱਚਡੀਆਈ ਨੇ ਪ੍ਰਤੀ ਵਿਅਕਤੀ ਜੀਡੀਪੀ ਵਿਚ ਸਾਖਰਤਾ ਅਤੇ ਜੀਵਨ ਸੰਭਾਵਨਾ ਨੂੰ ਸ਼ਾਮਲ ਕਰ ਕੇ ਪ੍ਰਤੀ ਵਿਅਕਤੀ ਜੀਡੀਪੀ ਵਿਚ ਵੀ ਸੁਧਾਰ ਕੀਤਾ। ਇਹ ਭਾਵੇਂ ਵਿਕਾਸ ਅਰਥਚਾਰੇ ਵਿਚ ਸਮਝਦਾਰੀ ਵਾਲਾ ਸਿਧਾਂਤਕ ਤੇ ਨੀਤੀ ਸੁਧਾਰ ਸੀ ਪਰ ਇਸ ਨੇ ਜੀਡੀਪੀ ਦੀ ਨੁਕਸਦਾਰ ਬਣਤਰ ਅਤੇ ਨਾਲ ਹੀ ਆਰਥਿਕ ਵਿਕਾਸ ਦਾ ਵਿਚਾਰ ਪੂਰੀ ਤਰ੍ਹਾਂ ਇਸ ਬਣਤਰ ਉਤੇ ਆਧਾਰਿਤ ਹੋਣ ਦੀ ਸੰਜੀਦਗੀ ਨੂੰ ਮੁਕੰਮਲ ਤੌਰ 'ਤੇ ਨਹੀਂ ਭਾਂਪਿਆ।

ਜੀਡੀਪੀ ਦਾ ਇਸਤੇਮਾਲ ਵਟਾਂਦਰਾਯੋਗ ਉਤਪਾਦਾਂ ਤੇ ਸੇਵਾਵਾਂ ਦੇ ਪੈਮਾਨੇ ਵਜੋਂ ਬਹੁਤ ਸੀਮਤ ਤੇ ਯੋਗ ਢੰਗ ਨਾਲ ਹੋਣਾ ਚਾਹੀਦਾ ਹੈ। ਇਸ ਵਿਚ ਉਹ ਚੰਗੇ ਉਤਪਾਦ ਤੇ ਸੇਵਾਵਾਂ ਸ਼ਾਮਲ ਨਹੀਂ ਹੁੰਦੀਆਂ ਜਿਹੜੀਆਂ ਬਾਜ਼ਾਰ ਵਟਾਂਦਰਾ ਅਮਲ ਵਿਚ ਦਾਖ਼ਲ ਨਹੀਂ ਹੁੰਦੀਆਂ : ਮਸਲਨ, ਉਤਪਾਦਾਂ ਵਜੋਂ ਘਰੇਲੂ ਬਗੀਚੀ ਵਿਚ ਉਗਾਈਆਂ ਸਬਜ਼ੀਆਂ ਤੇ ਫਲ ਅਤੇ ਸੇਵਾਵਾਂ ਵਜੋਂ ਘਰੇਲੂ ਕੰਮ ਜੋ ਮੁੱਖ ਤੌਰ 'ਤੇ ਔਰਤਾਂ ਵੱਲੋਂ ਕੀਤੇ ਜਾਂਦੇ ਹਨ। ਨਾਰੀਵਾਦੀ ਅਰਥਸ਼ਾਸਤਰੀਆਂ ਨੇ ਇਹ ਗੱਲ ਬੜੀ ਸ਼ਿੱਦਤ ਨਾਲ ਜ਼ਾਹਿਰ ਕੀਤੀ ਹੈ ਕਿ ਔਰਤਾਂ ਦੇ ਘਰੇਲੂ ਕੰਮਾਂ ਨੂੰ ਲਾਂਭੇ ਰੱਖਣ ਕਰ ਕੇ ਜੀਡੀਪੀ ਮਰਦ-ਪੱਖੀ ਪੈਮਾਨਾ ਹੈ।

ਜੀਡੀਪੀ ਦੀ ਨੁਕਸਦਾਰ ਬਣਤਰ ਮਹਿਜ਼ ਚੰਗੇ ਉਤਪਾਦਾਂ ਤੇ ਸੇਵਾਵਾਂ ਨੂੰ ਸ਼ਾਮਲ ਨਾ ਕਰਨ ਤੱਕ ਹੀ ਸੀਮਤ ਨਹੀਂ ਹੈ ਸਗੋਂ ਇਸ ਦਾ ਇਹ ਨੁਕਸ ਅਗਾਂਹ ਉਨ੍ਹਾਂ ਚੀਜ਼ਾਂ ਨੂੰ ਸ਼ਾਮਲ ਕਰਨ ਤੱਕ ਵੀ ਫੈਲਿਆ ਹੋਇਆ ਹੈ ਜਿਨ੍ਹਾਂ ਨੂੰ ਅਰਥ ਸ਼ਾਸਤਰੀ 'ਬੁਰੀਆਂ' ਆਖਦੇ ਹਨ : ਜਿਵੇਂ ਤਬਾਹਕੁਨ ਫ਼ੌਜੀ ਖ਼ਰਚੇ ਜਿਹੜੇ ਮੁੱਖ ਤੌਰ 'ਤੇ ਮਰਦ ਹੀ ਕਰਦੇ ਹਨ। ਵਧੇਰੇ ਟਕਰਾਅ ਅਤੇ ਜੰਗਾਂ 'ਤੇ ਵਧੇ ਹੋਏ ਫ਼ੌਜੀ ਖ਼ਰਚੇ ਉੱਚ ਜੀਡੀਪੀ ਵਿਚ ਦਿਖਾਈ ਦਿੰਦੇ ਹਨ ਭਾਵੇਂ ਇਨ੍ਹਾਂ ਟਕਰਾਵਾਂ ਤੇ ਜੰਗਾਂ ਕਾਰਨ ਵਿਆਪਕ ਪੱਧਰ 'ਤੇ ਇਨਸਾਨੀ ਤਬਾਹੀ ਪੈਦਾ ਹੁੰਦੀ ਹੈ ਤੇ ਕੁਦਰਤ ਨੂੰ ਵੀ ਨੁਕਸਾਨ ਪੁੱਜਦਾ ਹੈ।

ਜੀਡੀਪੀ ਦੇ ਵਾਧੇ ਕਾਰਨ ਵਾਤਾਵਰਨ ਦੀ ਹੋਣ ਵਾਲੀ ਤਬਾਹੀ ਨਾਲ ਜੀਡੀਪੀ ਵਿਚ ਕਟੌਤੀ ਨਹੀਂ ਹੁੰਦੀ ਸਗੋਂ ਇਹ ਤਾਂ ਅਸਲ ਵਿਚ ਵਾਤਾਵਰਨ ਦੀ ਵਧਦੀ ਹੋਈ ਤਬਾਹੀ ਨਾਲ ਹੋਰ ਬੁਲੰਦੀਆਂ ਵੱਲ ਜਾਂਦੀ ਹੈ। ਮਿਸਾਲ ਵਜੋਂ, ਜੇ ਕਿਸੇ ਮੁਲਕ ਵਿਚ ਫਰਨੀਚਰ ਵਰਗਾ ਸਾਮਾਨ ਬਣਾਉਣ ਲਈ ਵੱਡੇ ਪੱਧਰ 'ਤੇ ਰੁੱਖਾਂ ਦੀ ਕਟਾਈ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਦੀ ਵਿਕਰੀ ਨਾਲ ਜੀਡੀਪੀ ਵਿਚ ਇਜ਼ਾਫ਼ਾ ਹੋਵੇਗਾ, ਹਾਲਾਂਕਿ ਇਸ ਅਮਲ ਵਿਚ ਜੰਗਲਾਂ ਦੀ ਕਟਾਈ ਕਾਰਨ ਸਬੰਧਿਤ ਮੁਲਕ ਦੀ ਉਥੇ ਪੈਦਾ ਹੋਣ ਵਾਲੀਆਂ ਖ਼ਤਰਨਾਕ ਗੈਸਾਂ ਆਦਿ ਦੀ ਨਿਕਾਸੀ ਨੂੰ ਸੋਖ ਲੈਣ ਦੀ ਸਮਰੱਥਾ ਨੂੰ ਭਾਰੀ ਸੱਟ ਵੱਜੇਗੀ। ਇਸ ਤਰ੍ਹਾਂ ਇਸ ਨਾਲ ਆਲਮੀ ਤਪਸ਼ ਵਿਚ ਵੀ ਵਾਧਾ ਹੋਵੇਗਾ ਤੇ ਮਨੁੱਖੀ ਭਲਾਈ ਵਿਚ ਕਮੀ ਆਵੇਗੀ। ਇਹੀ ਨਹੀਂ, ਜੰਗਲਾਂ ਦੀ ਕਟਾਈ ਨਾਲ ਬਹੁਤ ਸਾਰੇ ਜੀਵ-ਜੰਤੂਆਂ ਦੀ ਕੁਦਰਤੀ ਠਾਹਰ ਵੀ ਖੁੱਸ ਜਾਵੇਗੀ, ਇੰਞ ਵਾਤਾਵਰਨ ਤੇ ਜੈਵਿਕ ਸੰਤੁਲਨ ਕਮਜ਼ੋਰ ਪਵੇਗਾ।

ਵਾਤਾਵਰਨ ਪੱਖੀ ਅਰਥਸ਼ਾਸਤਰ ਦੇ ਉਭਾਰ ਅਤੇ ਵਾਤਾਵਰਨ ਸਬੰਧੀ ਚੇਤਨਾ ਵਿਚ ਇਜ਼ਾਫ਼ੇ ਦੇ ਸਿੱਟੇ ਵਜੋਂ ਨਾ ਸਿਰਫ਼ ਲੋੜੀਂਦੇ ਰਸਤੇ ਵਜੋਂ ਜੀਡੀਪੀ ਵਿਕਾਸ ਨੂੰ ਰੱਦ ਕਰ ਦੇਣ ਸਗੋਂ ਸਿਫ਼ਰ ਵਿਕਾਸ ਭਾਵ ਕੋਈ ਵਿਕਾਸ ਨਾ ਹੋਣ ਜਾਂ ਫਿਰ ਗਿਰਾਵਟਵੱਲ ਸੋਚ ਦੀ ਬੜੀ ਗੰਭੀਰ ਤਬਦੀਲੀ ਹੋਈ ਹੈ। ਇਸ ਦਾ ਕਾਰਨ ਇਹ ਹੈ ਕਿ ਸਿਰਫ਼ ਇੰਞ ਕਰ ਕੇ ਹੀ ਵਾਤਾਵਰਨ ਦੀ ਤਬਾਹੀ ਅਤੇ ਇਸ ਕਾਰਨ ਪੈਦਾ ਹੋਣ ਵਾਲੀਆਂ ਆਫ਼ਤਾਂ ਰੋਕੀਆਂ ਜਾ ਸਕਦੀਆਂ ਹਨ। ਇਸ ਤਬਾਹੀ ਦੇ ਇਸ਼ਾਰੇ ਪਹਿਲਾਂ ਹੀ ਇਕ ਪਾਸੇ ਬੇਕਾਬੂ ਹੜ੍ਹਾਂ, ਦੂਜੇ ਪਾਸੇ ਸੋਕਿਆਂ ਤੇ ਨਾਲ ਹੀ ਅੰਨ ਅਸੁਰੱਖਿਆ ਆਦਿ ਦੇ ਰੂਪ ਵਿਚ ਸਾਡੇ ਸਾਹਮਣੇ ਆ ਰਹੇ ਹਨ।



> ਸਿਫ਼ਰ ਵਿਕਾਸ ਜਾਂ ਗਿਰਾਵਟ ਯਕੀਨਨ ਬਹੁਤ ਜ਼ਿਆਦਾ ਸਨਅਤੀਕਰਨ ਵਾਲੇ ਮੁਲਕਾਂ ਲਈ ਵਾਜਿਬ ਰਾਹ ਹੈ ਜਿਹੜੇ ਪਹਿਲਾਂ ਹੀ ਹੱਦੋਂ ਵੱਧ ਵਿਕਾਸ ਕਰ ਚੁੱਕੇ ਹਨ ਅਤੇ ਇਸ ਕਾਰਨ ਵਾਤਾਵਰਨ ਦੀ ਤਬਾਹੀ ਹੋ ਰਹੀ ਹੈ। ਦੂਜੇ ਪਾਸੇ ਵਿਕਾਸਸ਼ੀਲ ਮੁਲਕਾਂ ਨੂੰ ਅਜੇ ਵੀ ਕੁਝ ਵਿਕਾਸ ਦੀ ਲੋੜ ਹੈ ਤਾਂ ਕਿ ਉਨ੍ਹਾਂ ਦੇ ਲੱਖਾਂ ਗ਼ਰੀਬ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਹੋ ਸਕਣ ਪਰ ਉਨ੍ਹਾਂ ਦਾ ਇਹ ਵਿਕਾਸ ਵੀ ਲਾਜ਼ਮੀ ਤੌਰ 'ਤੇ ਵਾਤਾਵਰਨ ਪੱਖੋਂ ਸਮਝਦਾਰੀ ਵਾਲਾ ਅਤੇ ਕੁਦਰਤ ਦੇ ਮੁਆਫ਼ਕ ਹੋਣਾ ਚਾਹੀਦਾ ਹੈ।

ਸਾਨੂੰ ਲਾਜ਼ਮੀ ਤੌਰ 'ਤੇ ਮੰਨ ਲੈਣਾ ਚਾਹੀਦਾ ਹੈ ਕਿ ਜੀਡੀਪੀ ਦਾ ਵਾਧਾ ਵਸੀਲਿਆਂ ਦੀ ਵਰਤੋਂ ਨਾਲ ਜੁੜਿਆ ਹੋਇਆ ਹੈ ਅਤੇ ਜਦੋਂ ਵਸਤਾਂ/ਮਾਲ ਦੀ ਪੈਦਾਵਾਰ ਕਰਨ ਲਈ ਕਿਸੇ ਵੀ ਰੂਪ ਵਿਚ ਵਸੀਲੇ ਵਰਤੇ ਜਾਂਦੇ ਹਨ, ਭਾਵੇਂ ਇਹ ਨਵਿਆਉਣਯੋਗ ਵਸੀਲੇ ਹੀ ਹੋਣ ਤਾਂ ਅਸਲ ਵਿਚ ਅਖ਼ੀਰ ਵਿਚ ਅਸੀਂ ਰਹਿੰਦ-ਖੂੰਹਦ ਵੀ ਵਧਾ ਰਹੇ ਹੁੰਦੇ ਹਾਂ। ਰਹਿੰਦ-ਖੂੰਹਦ ਵਿਚ ਹੋਣ ਵਾਲਾ ਹਰ ਵਾਧਾ ਉਸ ਕੂੜੇ-ਕਰਕਟ ਨੂੰ ਜਜ਼ਬ ਕਰਨ ਲਈ ਜ਼ਮੀਨ, ਪਾਣੀ ਤੇ ਹਵਾ ਉਤੇ ਦਬਾਅ ਪਾਉਂਦਾ ਹੈ। ਜਦੋਂ ਇਸ ਕੂੜੇ ਨੂੰ ਪੈਦਾ ਕਰਨ ਦੀ ਦਰ ਇਸ ਨੂੰ ਸੋਖਣ ਦੀ ਦਰ ਤੋਂ ਵਧ ਜਾਂਦੀ ਹੈ ਤਾਂ ਇਸ ਦਾ ਸਿੱਟਾ ਜ਼ਮੀਨ, ਪਾਣੀ ਤੇ ਹਵਾ ਦੇ ਪ੍ਰਦੂਸ਼ਣ, ਇਨ੍ਹਾਂ ਦੀ ਪਲੀਤੀ ਦੇ ਰੂਪ ਵਿਚ ਨਿਕਲਦਾ ਹੈ। ਫਿਰ ਇਹ ਪ੍ਰਦੂਸ਼ਣ ਵਸੀਲਿਆਂ ਉਤੇ ਉਲਟ ਕਾਰਵਾਈ ਕਰਦਾ ਹੋਇਆ ਉਨ੍ਹਾਂ ਨੂੰ ਖ਼ਰਾਬ ਕਰਦਾ ਹੈ, ਨੁਕਸਾਨ ਪਹੁੰਚਾਉਂਦਾ ਹੈ।

ਸਿਫ਼ਰ ਵਿਕਾਸ ਜਾਂ ਗਿਰਾਵਟ ਯਕੀਨਨ ਬਹੁਤ ਜਿਆਦਾ ਸਨਅਤੀਕਰਨ ਵਾਲੇ ਮੁਲਕਾਂ ਲਈ ਵਾਜਿਬ ਰਾਹ ਹੈ ਜਿਹੜੇ ਪਹਿਲਾਂ ਹੀ ਹੱਦੋਂ ਵੱਧ ਵਿਕਾਸ ਕਰ ਚੁੱਕੇ ਹਨ ਅਤੇ ਇਸ ਕਾਰਨ ਵਾਤਾਵਰਨ ਦੀ ਤਬਾਹੀ ਹੋ ਰਹੀ ਹੈ। ਦੂਜੇ ਪਾਸੇ ਵਿਕਾਸਸ਼ੀਲ ਮੁਲਕਾਂ ਨੂੰ ਅਜੇ ਵੀ ਕੁਝ ਵਿਕਾਸ ਦੀ ਲੋੜ ਹੈ ਤਾਂ ਕਿ ਉਨ੍ਹਾਂ ਦੇ ਲੱਖਾਂ ਗ਼ਰੀਬ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਹੋ ਸਕਣ ਪਰ ਉਨ੍ਹਾਂ ਦਾ ਇਹ ਵਿਕਾਸ ਵੀ ਲਾਜ਼ਮੀ ਤੌਰ 'ਤੇ ਵਾਤਾਵਰਨ ਪੱਖੋਂ ਸਮਝਦਾਰੀ ਵਾਲਾ ਅਤੇ ਕੁਦਰਤ ਦੇ ਮੁਆਫ਼ਕ ਹੋਣਾ ਚਾਹੀਦਾ ਹੈ। ਇਥੋਂ ਤੱਕ ਕਿ ਜਿਹੜੇ ਵਿਕਾਸਸ਼ੀਲ ਮੁਲਕਾਂ ਦਾ ਮਕਸਦ ਵਾਤਾਵਰਨ ਦੀ ਰਾਖੀ ਅਤੇ ਵਿਕਾਸ ਰਾਹੀਂ ਪੈਦਾ ਹੋਣ ਵਾਲੀ ਆਮਦਨ ਦੀ ਬਰਾਬਰ ਵੰਡ ਦੀ ਫਿਕਰ ਕੀਤੇ ਬਿਨਾ ਵੱਧ ਤੋਂ ਵੱਧ ਵਿਕਾਸ ਦਰਜ ਕਰਨਾ ਹੀ ਹੈ, ਉਨ੍ਹਾਂ ਦਾ ਵੀ ਵਿਕਾਸ ਦੇ ਤਬਾਹਕੁਨ ਪੰਧ 'ਤੇ ਪੈਣਾ ਲਾਜ਼ਮੀ ਹੈ। ਅੱਜ ਜ਼ਰੂਰਤ ਹੈ ਕਿ ਵਿਆਪਕ ਤੌਰ 'ਤੇ ਪਾਏ ਜਾਂਦੇ ਵੱਧ ਤੋਂ ਵੱਧ ਆਰਥਿਕ ਵਿਕਾਸ ਦੇ ਜਨੂੰਨ ਦੀ ਥਾਂ ਟਿਕਾਊ ਅਤੇ ਬਰਾਬਰੀ ਵਾਲੇ ਵਿਕਾਸ ਦੀ ਧਾਰਨਾ ਤੇ ਨਜ਼ਰੀਏ ਨੂੰ ਅਪਣਾਇਆ ਜਾਵੇ।

ਇਥੋਂ ਤੱਕ ਕਿ ਇਸ ਤੋਂ ਪਹਿਲਾਂ ਇਨਸਾਨੀ ਇਤਿਹਾਸ ਵਿਚ ਕਦੇ ਨਾ ਦੇਖੀਆਂ ਗਈਆਂ ਜੀਡੀਪੀ ਤਰੱਕੀ ਦੀਆਂ ਬੁਲੰਦੀਆਂ ਨੂੰ ਬੀਤੇ ਕੁਝ ਦਹਾਕਿਆਂ ਦੌਰਾਨ ਛੂਹ ਚੁੱਕੇ ਮੁਲਕ ਚੀਨ ਨੇ ਵੀ ਹੁਣ ਇਸ ਰਸਤੇ ਦੇ ਭਾਰੀ ਨੁਕਸਦਾਰ ਹੋਣ ਦਾ ਅਹਿਸਾਸ ਕਰ ਲਿਆ ਹੈ। ਇਸ ਕਾਰਨ ਹੁਣ ਇਹ ਵੀ ਜੀਡੀਪੀ ਵਿਚ ਮਹਿਜ਼ ਗਿਣਾਤਮਕ ਵਾਧੇ ਦੀ ਥਾਂ ਗੁਣਾਤਮਕ ਵਿਕਾਸ ਨੂੰ ਤਵੱਜੋ ਦੇ ਰਿਹਾ ਹੈ।

ਇਸੇ ਤਰ੍ਹਾਂ ਆਪਣੀ ਵੱਡੀ ਅਬਾਦੀ ਕਾਰਨ ਭਾਰਤ ਲਈ ਬਹੁਤ ਜ਼ਰੂਰੀ ਹੈ ਕਿ ਉਹ ਫ਼ੌਰੀ ਤੌਰ 'ਤੇ ਆਮ ਆਰਥਿਕ ਵਿਕਾਸ ਪ੍ਰਤੀ ਆਪਣੇ ਨੀਤੀ ਜਨੂੰਨ ਉਤੇ ਨਜ਼ਰਸਾਨੀ ਕਰੇ ਕਿਉਂਕਿ ਅਜਿਹਾ ਨਾ ਸਿਰਫ਼ ਆਲਮੀ ਵਾਤਾਵਰਨ ਸੰਕਟ ਨੂੰ ਰੋਕਣ ਵਿਚ ਆਪਣਾ ਯੋਗਦਾਨ ਪਾਉਣ ਦੀ ਖ਼ਾਤਰ ਜ਼ਰੂਰੀ ਹੈ ਸਗੋਂ ਮੁਲਕ ਵਿਚ ਅੰਦਰੂਨੀ ਤੌਰ 'ਤੇ ਸੁਰੱਖਿਅਤ ਸਮਾਜ ਦੀ ਸਿਰਜਣਾ ਲਈ ਵੀ ਇਸ ਦੀ ਲੋੜ ਹੈ। ਅਜਿਹੇ ਸੁਰੱਖਿਅਤ ਸਮਾਜ ਦੀ ਸਿਰਜਣਾ ਸਿਰਫ਼ ਉਸ ਵਿਕਾਸ ਦਾ ਰਾਹ ਫੜ ਕੇ ਹੀ ਕੀਤੀ ਜਾ ਸਕਦੀ ਹੈ ਜਿਹੜਾ ਵਾਤਾਵਰਨ ਦੇ ਮੁਆਫ਼ਕ ਹੋਵੇ ਅਤੇ ਨਾਲ ਹੀ ਸੁਭਾਅ ਪੱਖੋਂ ਬਰਾਬਰੀ ਵਾਲਾ ਤੇ ਨਿਆਂਸੰਗਤ ਵੀ ਹੋਵੇ।




# ਸੂਰਜ ਨੂੰ ਛੂਹਣ ਵਾਲੀ ਪਹਿਲੀ ਇਨਸਾਨੀ ਵਸਤੂ

# ਪਾਰਕਰ ਸੌਰ ਪ੍ਰੋਬ



ਹਰਜੀਤ ਸਿੰਘ
+91 9995765095



14 ਦਸੰਬਰ 2021 ਨੂੰ ਨਾਸਾ ਨੇ ਐਲਾਨ ਕੀਤਾ ਕਿ ਸੌਰ ਉਪਗ੍ਰਹਿ 'ਪਾਰਕਰ ਸੌਰ ਪ੍ਰੋਬ' ਨੇ 28 ਅਪ੍ਰੈਲ 2021 ਨੂੰ ਸੂਰਜ ਨੂੰ ਪਹਿਲੀ ਵਾਰ ਛੂਹਿਆ। ਸੂਰਜ ਨੂੰ ਛੂਹਣ ਦਾ ਕੀ ਮਤਲਬ ਹੈ, ਇਹ ਜਾਣਨ ਲਈ ਪਹਿਲਾਂ ਸਾਨੂੰ ਸੂਰਜ ਬਾਰੇ ਥੋੜ੍ਹੀ ਜਾਣਕਾਰੀ ਹੋਣੀ ਜ਼ਰੂਰੀ ਹੈ।

ਸਾਡਾ ਸੂਰਜ ਇੱਕ ਦਰਮਿਆਨੇ ਆਕਾਰ ਦਾ ਤਾਰਾ ਹੈ ਜੋ ਕਿ ਧਰਤੀ ਤੋਂ ਲਗਭਗ 110 ਗੁਣਾਂ ਵੱਡਾ ਹੈ। ਇਹ ਬਹੁਤ ਗਰਮ ਗੈਸਾਂ ਦਾ ਬਣਿਆ ਹੋਇਆ ਹੈ ਅਤੇ ਧਰਤੀ ਵਾਂਗ ਇਸਦੀ ਕੋਈ ਠੋਸ ਸਤ੍ਹਾ ਨਹੀਂ ਹੈ। ਇਸਦੇ ਕੇਂਦਰੀ ਭਾਗ ਨੂੰ ਕੋਰ ਕਹਿੰਦੇ ਹਨ। ਇੱਥੇ ਪਰਮਾਣੂ ਕਿਰਿਆਵਾਂ ਦੁਆਰਾ ਹਾਇਡ੍ਰੋਜਨਹੀਲੀਅਮ ਵਿੱਚ ਬਦਲਦੀ ਹੈ ਅਤੇ ਭਾਰੀ ਮਾਤਰਾ ਵਿੱਚ ਊਰਜਾ ਤਾਪ ਦੇ ਰੂਪ ਵਿੱਚ ਪੈਦਾ ਹੁੰਦੀ ਹੈ। ਸੂਰਜ ਦੀ ਸਾਰੀ ਊਰਜਾ ਦਾ ਸਰੋਤ ਇਹੀ ਕਿਰਿਆਵਾਂ ਹਨ। ਇਹ ਸੂਰਜ ਦਾ ਸਭ ਤੋਂ ਸੰਘਣਾ ਭਾਗ ਹੈ। ਇਹ ਇੰਨਾ ਸੰਘਣਾ ਹੈ ਕਿ ਪ੍ਰਕਾਸ਼ ਨੂੰ ਇਸ ਵਿੱਚੋਂ ਬਾਹਰ ਆਉਣ ਲਈ 2000 ਸਾਲ ਲੱਗ ਜਾਂਦੇ ਹਨ। ਉਸਤੋਂ ਬਾਹਰਲਾ ਭਾਗ ਰੇਡੀਏਟਿਵ ਜ਼ੋਨ ਹੈ ਜੋ ਕੋਰ ਦੀ ਊਰਜਾ ਨੂੰ, ਵਿਕਿਰਣ ਦੁਆਰਾ, ਅਗਲੀ ਪਰਤ ਕਨਵੈਕਟਿਵ ਜ਼ੋਨ ਤੱਕ ਲਿਜਾਂਦਾ ਹੈ। ਇਸ ਜ਼ੋਨ ਵਿੱਚ ਊਰਜਾ ਕਣਾਂ ਦੇ ਵਹਾਅ ਨਾਲ ਅੱਗੇ ਜਾਂਦੀ ਹੈ। ਇਸ ਤੋਂ ਅਗਲੀ ਪਰਤ ਫੋਟੋਸਫ਼ੀਅਰ ਹੈ। ਧਰਤੀ ਤੋਂ ਸੂਰਜ ਨੂੰ ਦੇਖਣ ਸਮੇਂ ਸਾਨੂੰ ਇਹੋ ਪਰਤ ਦਿਖਦੀ ਹੈ ਜਿਸ ਕਰਕੇ ਇਸਨੂੰ ਸੂਰਜ ਦੀ ਸਤ੍ਹਾ ਵੀ ਕਿਹਾ ਜਾਂਦਾ ਹੈ। ਅਗਲੀ ਪਰਤ ਦਾ ਨਾਮ ਕਰੋਮੋਸਫ਼ੀਅਰ ਹੈ ਜੋ ਕਿ ਬਹੁਤ ਵਿਰਲੀ ਹੈ ਅਤੇ ਬਿਨਾਂ ਖਾਸ ਫਿਲਟਰ ਦੇ ਨਹੀਂ ਦੇਖੀ ਜਾ ਸਕਦੀ। ਇਸਨੂੰ ਪੂਰਨ ਸੂਰਜ ਗ੍ਰਹਿਣ ਦੌਰਾਨ ਵੀ ਦੇਖਿਆ ਜਾ ਸਕਦਾ ਹੈ। ਸਭ ਤੋਂ ਬਾਹਰਲੀ ਪਰਤ ਦਾ ਨਾਮ ਹੈ ਕੋਰੋਨਾ। ਇਹ ਸਭ ਤੋਂ ਮੋਟੀ ਪਰ ਸਭ ਤੋਂ ਵਿਰਲੀ ਪਰਤ ਹੈ। ਕੋਰ ਤੋਂ ਬਾਅਦ ਇਹ ਸਭ ਤੋਂ ਗਰਮ ਪਰਤ ਹੈ।

ਸੂਰਜ ਦੀ ਸਤ੍ਹਾ ਤੇ ਦਿਖਣ ਵਾਲੇ ਕਾਲੇ ਰੰਗ ਦੇ ਧੱਬਿਆਂ ਨੂੰ ਸੌਰ ਧੱਬੇ ਕਹਿੰਦੇ ਹਨ। ਆਸ ਪਾਸ ਦੇ ਇਲਾਕੇ ਤੋਂ ਠੰਢੇ ਹੋਣ ਕਰਕੇ ਇਹ ਕਾਲੇ ਰੰਗ ਦੇ ਨਜ਼ਰੀਂ ਆਉਂਦੇ ਹਨ। ਇਹ ਜ਼ਿਆਦਾਤਰ ਜੋੜਿਆਂ ਵਿੱਚ ਮਿਲਦੇ ਨੇ. ਸੌਰ ਰੇਸ਼ੇ ਬਹੁਤ ਗਰਮ ਗੈਸ ਦੇ ਬਣੇ ਹੁੰਦੇ ਨੇ ਜੋਕਿ ਸੂਰਜ ਦੇ ਚੁੰਬਕੀ ਖੇਤਰ ਦੇ ਪ੍ਰਭਾਵ ਕਾਰਨ ਕੋਰੋਨਾ ਵਿੱਚ ਲਟਕੇ ਰਹਿੰਦੇ ਹਨ। ਕਰੋਮੋਸਫ਼ੀਅਰ ਵਿੱਚੋਂ ਤੇਜ਼ ਗਤੀ ਨਾਲ ਨਿਕਲਣ ਵਾਲੇ ਚੁੰਬਕੀ ਪਦਾਰਥ ਨੂੰ ਸੌਰ ਫਲੇਅਰ ਕਹਿੰਦੇ ਹਨ। ਕੁਝ ਫਲੇਅਰਾਂ ਬਹੁਤ ਸ਼ਕਤੀਸ਼ਾਲੀ ਅਤੇ ਤੇਜ਼ ਹੁੰਦੀਆਂ ਹਨ ਅਤੇ ਸੂਰਜ ਦੀ ਗੁਰੂਤਾ ਖਿੱਚ ਤੋਂ ਨਿਕਲ ਕੇ ਪੁਲਾੜ ਵਿੱਚ ਚਲੀਆਂ ਜਾਂਦੀਆਂ ਹਨ। ਕੋਰੋਨਾ ਵਿੱਚੋਂ ਲਗਾਤਾਰ ਤੇਜ਼ ਗਤੀ ਤੇ ਚਾਰਜਿਤ ਕਣ ਨਿਕਲਦੇ ਰਹਿੰਦੇ ਹਨ ਜਿਸਨੂੰ ਸੌਰ ਹਨੇਰੀ ਕਹਿੰਦੇ ਹਾਂ। ਇਹ ਹਨੇਰੀ ਧਰਤੀ ਤੱਕ ਵੀ ਪਹੁੰਚਦੀ ਹੈ।

ਉੱਪਰਲੇ ਪੈਰ੍ਹੇ ਵਿੱਚ ਦੱਸੀਆਂ ਸਾਰੀਆਂ ਚੀਜ਼ਾਂ ਸੌਰ ਵਾਤਾਵਰਨ ਦਾ ਹਿੱਸਾ ਹਨ ਅਤੇ ਧਰਤੀ ਦੀਆਂ ਰੁੱਤਾਂ ਵਾਂਗ ਬੱਝਵੇਂ ਰੂਪ ਵਿੱਚ ਵਾਪਰਦੀਆਂ ਰਹਿੰਦੀਆਂ ਹਨ। ਇਸ ਲਈ ਇਸ ਨੂੰ ਸੌਰ ਮੌਸਮ ਕਹਿੰਦੇ ਹਨ। ਸੌਰ ਹਨੇਰੀ ਦੁਆਰਾ ਸੂਰਜ ਅਰਬਾਂ ਟਨ ਚਾਰਜਿਤ ਕਣ, ਹਰ ਘੰਟੇ ਸਾਡੇ ਵੱਲ ਸੁੱਟਦਾ ਹੈ ਅਤੇ ਜਦੋਂ ਇਹ ਧਰਤੀ ਤੇ ਆਉਂਦੇ ਨੇ ਤਾਂ ਧਰਤੀ ਦੀ ਸੁਰੱਖਿਆ ਢਾਲ, ਚੁੰਬਕੀ ਖੇਤਰ, ਨਾਲ ਟਕਰਾਉਂਦੇ ਹਨ। ਇਨ੍ਹਾਂ ਕਣਾਂ ਵਿੱਚ ਖਤਰਨਾਕ ਇਲੈਕਟ੍ਰੋਨ ਅਤੇ ਪ੍ਰੋਟੋਨ ਹੁੰਦੇ ਹਨ, ਪਰ ਧਰਤੀ ਦੇ ਚੁੰਬਕੀ ਖੇਤਰ ਨਾਲ ਟਕਰਾ ਕੇ ਮੁੜ ਜਾਂਦੇ ਹਨ। ਇਨ੍ਹਾਂ ਕਣਾਂ ਕਰਕੇ ਹੀ ਯੂਰਪ ਦੀਆਂ ਪ੍ਰਸਿੱਧ ਉੱਤਰੀ ਲਾਈਟਾਂ ਬਣਦੀਆਂ ਹਨ। ਸੂਰਜ ਦੇ ਬਦਲਦੇ ਮੌਸਮ ਦਾ ਅਸਰ ਧਰਤੀ ਤੇ ਵੀ ਪੈਂਦਾ ਹੈ ਤੇ ਇਸ ਨੂੰ ਪੁਲਾੜ ਦਾ ਮੌਸਮ ਕਿਹਾ ਜਾਂਦਾ ਹੈ। ਇਹ ਮੌਸਮ ਸਾਡੀ ਧਰਤੀ ਦੇ ਉਪਗ੍ਰਹਿਆਂ, ਸੰਚਾਰ ਯੰਤਰਾਂ, ਮੋਬਾਈਲ ਫੋਨਾਂ ਅਤੇ ਬਿਜਲਈ ਯੰਤਰਾਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਇੱਕ ਤਕੜੀ ਫਲੇਅਰ ਪੂਰੀ ਧਰਤੀ ਦੇ ਸੰਚਾਰ ਉਪਗ੍ਰਹਿਆਂ, ਪਾਵਰ ਗਰਿੱਡ, ਮੋਬਾਈਲ ਨੈਟਵਰਕ, ਕੇਬਲ ਟੀਵੀ ਆਦਿ ਨੂੰ ਪ੍ਰਭਾਵਿਤ ਕਰਕੇ ਸਭ ਬੰਦ ਕਰ ਸਕਦੀ ਹੈ। ਦਿਨ ਬ ਦਿਨ ਸਾਡੀ ਇਨ੍ਹਾਂ ਯੰਤਰਾਂ ਤੇ ਨਿਰਭਰਤਾ ਵਧ ਰਹੀ ਹੈ। ਇਸੇ ਕਰਕੇ ਸੌਰ ਮੌਸਮ ਨੂੰ ਸਮਝਣਾ ਅਤੇ ਸਮਾਂ ਰਹਿੰਦੇ ਇੱਕ ਤਕੜੀ



ਫਲੇਅਰ ਵਰਗੀ ਘਟਨਾ ਦੀ ਭਵਿੱਖਬਾਣੀ ਕਰਨਾ ਬਹੁਤ ਜ਼ਰੂਰੀ ਹੈ। ਜਦ ਤੱਕ ਅਸੀਂ ਸੂਰਜ ਬਾਰੇ ਚੰਗੀ ਤਰ੍ਹਾਂ ਜਾਣ ਨਹੀਂ ਲੈਂਦੇ, ਅਸੀਂ ਇਹ ਭਵਿੱਖਬਾਣੀ ਨਹੀਂ ਕਰ ਸਕਦੇ।

ਇਸ ਮਕਸਦ ਲਈ ਵਿਗਿਆਨੀਆਂ ਵੱਲੋਂ ਕਈ ਸਾਰੇ ਮਿਸ਼ਨ ਸੂਰਜ ਵੱਲ ਭੇਜੇ ਜਾ ਚੁੱਕੇ ਹਨ। ਇਨ੍ਹਾਂ ਵਿੱਚ ਪਾਇਓਨੀਰ ਲੜੀ ਦੇ ਉਪਗ੍ਰਹਿ, ਸੋਹੋ, ਉਲੇਸਿਸ, ਜੇਨੇਸਿਸ, ਹੀਲੀਓਸ ਆਦਿ ਮੁੱਖ ਹਨ। ਇਸੇ ਲੜੀ ਵਿੱਚ ਅਗਲਾ ਮਿਸ਼ਨ ਹੈ ਪਾਰਕਰ ਸੌਰ ਪ੍ਰੋਬ।

ਪਾਰਕਰ ਸੌਰ ਪ੍ਰੋਬ ਇੱਕ ਇਤਿਹਾਸਿਕ ਉਪਗ੍ਰਹਿ ਹੈ ਜੋ ਪਹਿਲਾ ਉਪਗ੍ਰਹਿ ਹੋਵੇਗਾ ਜੋ ਸੂਰਜ ਦੇ ਕੋਰੋਨਾ ਵਿੱਚ ਦਾਖਲ ਹੋ ਸਕਿਆ ਹੈ। ਇਸ ਪ੍ਰੋਬ ਦਾ ਨਾਮ ਸ਼ਿਕਾਗੋ ਯੂਨੀਵਰਸਿਟੀ ਦੇ ਪ੍ਰੋ: ਯੂਜਿਨ ਪਾਰਕਰ ਦੇ ਨਾਮ 'ਤੇ ਰੱਖਿਆ ਗਿਆ ਹੈ। ਪ੍ਰੋ: ਪਾਰਕਰ ਨੇ 50ਵਿਆਂ ਦੇ ਦਹਾਕੇ ਵਿੱਚ ਇਹ ਦੱਸਿਆ ਸੀ ਕਿ ਤਾਰੇ ਊਰਜਾ ਕਿਵੇਂ ਛੱਡਦੇ ਹਨ। ਉਸਨੇ ਇਸ ਊਰਜਾ ਦੇ ਵਹਾਅ ਨੂੰ ਸੌਰ ਹਨੇਰੀ ਦਾ ਨਾਮ ਦਿੱਤਾ ਅਤੇ ਉਸਦੇ ਕੋਰੋਨਾ ਦੇ, ਆਸ ਤੋਂ ਉਲਟ, ਜ਼ਿਆਦਾ ਗਰਮ ਹੋਣ ਦਾ ਸੰਭਾਵਿਤਕਾਰਨ ਵੀ ਦੱਸਿਆ।

ਇਸ ਮਿਸ਼ਨ ਦੇ ਡਿਜ਼ਾਇਨ ਤੇ ਕੰਮ 2015 ਵਿੱਚ ਸ਼ੁਰੂ ਹੋਇਆ, 12 ਅਪ੍ਰੈਲ 2018 ਨੂੰ ਛੱਡੀ ਗਈ, 685 ਕਿੱਲੋ ਭਾਰੀ, ਇਸ ਪ੍ਰੋਬ ਦਾ ਮੁੱਖ ਮਕਸਦ ਉਸ ਊਰਜਾ ਦੇ ਵਹਾਅ ਦਾ ਪਤਾ ਲਗਾਉਣਾ ਹੈ ਜੋ ਕੋਰੋਨਾ ਨੂੰ ਏਨਾ ਗਰਮ ਕਰਦੀ ਹੈ ਅਤੇ ਸੌਰ ਹਨੇਰੀ ਨੂੰ ਪ੍ਰਬਲ ਬਣਾਉਂਦੀ ਹੈ। ਇਹ ਸੂਰਜ ਦੇ ਪਲਾਜ਼ਮਾ ਅਤੇ ਚੁੰਬਕੀ ਖੇਤਰ ਨੂੰ ਵੀ ਘੋਗੇਗੀ ਜੋਕਿ ਸੌਰ ਹਨੇਰੀ ਪੈਦਾ ਕਰਦੇ ਹਨ। ਇਹ ਪ੍ਰੋਬ ਬਾਹਰੀ ਕੋਰੋਨਾ ਦਾ ਪੂਰਾ ਸਰਵੇਖਣ ਕਰਕੇ ਡਾਟਾ ਧਰਤੀ ਤੇ ਭੇਜੇਗੀ। ਇਸ ਡਾਟਾ ਨਾਲ ਸਾਨੂੰ ਸੌਰ ਮੌਸਮ ਦੀ ਭਵਿੱਖਬਾਣੀ ਕਰਨ ਵਿੱਚ ਬਹੁਤ ਮਦਦ ਮਿਲੇਗੀ। ਇਹ ਸੂਰਜ ਦੁਆਲੇ ਇੱਕ ਅੰਡਾਕਾਰ ਪੰਧ ਵਿੱਚ ਘੁੰਮਦੀ ਹੈ। ਪੰਧ ਦੌਰਾਨ ਸੂਰਜ ਤੋਂ ਸਭ ਤੋਂ ਦੂਰ ਹੋਣ ਸਮੇਂ ਇਹ ਸ਼ੁੱਕਰ ਦੇ ਪੰਧ ਤੋਂ ਵੀ ਬਾਹਰ ਆ ਜਾਂਦੀ ਹੈ। ਇੱਕ ਚੱਕਰ ਪੂਰਾ ਕਰਨ ਲਈ ਇਸਨੂੰ 88 ਦਿਨ ਲਗਦੇ ਹਨ। ਆਪਣੇ 8ਵੇਂ ਚੱਕਰ ਦੌਰਾਨ 28 ਅਪ੍ਰੈਲ 2021 ਨੂੰ ਪ੍ਰੋਬ ਨੇ ਸੂਰਜ ਦੇ ਕੋਰੋਨਾ ਵਿੱਚ ਦਾਖਲ ਹੋ ਕੇ ਇਤਿਹਾਸ ਰਚ ਦਿੱਤਾ। ਅਜਿਹਾ ਕਰਨ ਵਾਲੀ ਇਹ ਇਨਸਾਨ ਦੀ ਬਣਾਈ ਪਹਿਲੀ ਵਸਤੂ ਹੈ।

ਸੂਰਜ ਨੂੰ ਵਾਚਣ ਲਈ ਇਸਦੇ ਜ਼ਿਆਦਾ ਨੇੜੇ ਹੋਣਾ ਬਿਹਤਰ ਹੈ। ਸੋ, ਸੂਰਜ ਨੇੜੇ ਇੱਕ ਗੋਲਾਕਾਰ ਪੰਧ ਜ਼ਿਆਦਾ ਵਧੀਆ ਹੋ ਸਕਦਾ ਸੀ. ਪਰ ਸੂਰਜ ਦੇ ਨੇੜੇ ਹੋਣ ਸਮੇਂ ਪ੍ਰੋਬ ਦਾ ਤਾਪਮਾਨ ਬਹੁਤ ਵਧ ਜਾਂਦਾ ਹੈ। ਪ੍ਰੋਬ ਨੂੰ ਠੰਢਾ ਕਰਨ ਲਈ ਇਸਨੂੰ ਸੂਰਜ ਤੋਂ ਦੂਰ ਲਿਜਾਣਾ ਪੈਂਦਾ ਹੈ। ਆਪਣੇ 88 ਦਿਨਾਂ ਵਿੱਚੋਂ ਇਹ ਸਿਰਫ਼ 11 ਕੁ ਦਿਨ ਸੂਰਜ ਨੇੜੇ ਰਹਿੰਦੀ ਹੈ ਅਤੇ ਬਾਕੀ 77 ਦਿਨ ਸੂਰਜ ਤੋਂ ਦੂਰ। ਸੂਰਜ ਨੇੜੇ ਪਹੁੰਚ ਕੇ ਧਰਤੀ ਨਾਲ ਸੰਚਾਰ ਵਿੱਚ ਵੀ ਦਿੱਕਤ ਆਉਂਦੀ ਹੈ, ਸੋ ਪ੍ਰੋਬ ਸਾਰਾ ਡਾਟਾ ਸੂਰਜ ਤੋਂ ਦੂਰ ਜਾ ਕੇ ਹੀ ਧਰਤੀ ਨੂੰ ਭੇਜਦੀ ਹੈ। ਇਸਦੀ ਡਾਟਾ ਟ੍ਰਾਂਸਫਰ ਦਰ ਵੀ ਬਹੁਤ ਘੱਟ ਹੈ। ਇਹੀ ਕਾਰਨ ਹੈ ਕਿ ਅਪ੍ਰੈਲ ਵਿੱਚ ਸੂਰਜ ਨੂੰ ਛੂਹਣ ਦੇ ਬਾਰੇ ਨਾਸਾ ਸਾਨੂੰ ਦਸੰਬਰ ਵਿੱਚ ਹੀ ਦੱਸ ਸਕੀ।

ਪ੍ਰੋਬ ਨੂੰ ਸੂਰਜ ਨੇੜੇ ਜਾ ਕੇ ਇੱਕ ਹੋਰ ਦਿੱਕਤ ਆਉਂਦੀ ਹੈ। ਬੇਹੱਦ ਗਰਮੀ ਦੇ ਨਾਲ-ਨਾਲ ਇਸਨੂੰ ਸੂਰਜ ਤੋਂ ਨਿਕਲ ਰਹੇ ਤੇਜ਼ ਕਣਾਂ ਦੀ ਬੰਬਾਰੀ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਧਰਤੀ ਤੱਕ ਪਹੁੰਚਦੇ-ਪਹੁੰਚਦੇ ਇਨ੍ਹਾਂ ਕਣਾਂ ਦੀ ਘਣਤਾ ਘਟ ਜਾਂਦੀ ਹੈ ਤੇ ਸਾਡਾ ਚੁੰਬਕੀ ਖੇਤਰ ਇਨ੍ਹਾਂ ਨੂੰ ਹੋਰ ਪਾਸੇ ਮੋੜ ਕੇ ਸਾਨੂੰ ਬਚਾ ਲੈਂਦਾ ਹੈ। ਪਰ ਸੂਰਜ ਨੇੜੇ ਇਨ੍ਹਾਂ ਕਣਾਂ ਦੀ ਘਣਤਾ ਵੀ ਬਹੁਤ ਜ਼ਿਆਦਾ ਹੈ ਅਤੇ ਬਚਾਅ ਲਈ ਕੋਈ ਚੁੰਬਕੀ ਖੇਤਰ ਵੀ ਨਹੀਂ ਹੈ। ਇਨ੍ਹਾਂ ਕਣਾਂ ਅਤੇ ਤਪਸ਼ ਤੋਂ ਬਚਾਉਣ ਲਈ 2.3 ਮੀਟਰ ਚੌੜੀ ਅਤੇ 4.5-ਇੰਚ ਮੋਟੀ ਤਾਪ ਰੋਧੀ ਢਾਲ ਵਰਤੀ ਗਈ ਹੈ। ਇਹ ਢਾਲ ਕਾਰਬਨ-ਕਾਰਬਨ ਸੈਂਡ ਵਿਚ ਅਤੇ ਕਾਰਬਨ ਫੋਮ ਦੀ ਬਣੀ ਹੈ। ਇਸਦਾ ਸੂਰਜ ਵਾਲਾ ਪਾਸ ਚਿੱਟੇ ਐਲੂਮੀਨਾ ਨਾਲ ਢਕਿਆ ਹੋਇਆ ਹੈ। ਸੂਰਜ ਦੇ ਸਭ ਤੋਂ ਨੇੜੇ ਹੋਣ ਸਮੇਂ ਇਸ ਦਾ ਬਾਹਰੀ ਤਾਪਮਾਨ 1400 ਡਿਗਰੀ ਸੈਲਸੀਅਸ ਅਤੇ ਇਸਦੇ ਅੰਦਰ ਦੇ ਉਪਕਰਣਾਂ ਦਾ ਤਾਪਮਾਨ 30 ਡਿਗਰੀ ਸੈਲਸੀਅਸ ਹੋਵੇਗਾ। ਇਹ ਪ੍ਰੋਬ ਸੌਰ ਊਰਜਾ ਤੇ ਕੰਮ ਕਰਦੀ ਹੈ, ਪਰ ਸੂਰਜ ਦੇ ਨੇੜੇ ਜਾਣ ਸਮੇਂ ਇਸਦੇ ਸੌਰ ਪੈਨਲ ਪਿਘਲ ਸਕਦੇ ਹਨ। ਇਸ ਲਈ ਨੇੜੇ ਜਾਣ ਸਮੇਂ ਇਸਦੇ ਸੌਰ ਪੈਨਲ ਬੰਦ ਕਰਕੇ ਤਾਪ ਰੋਧੀ ਢਾਲ ਦੇ ਪਿੱਛੇ ਤਹਿ ਕਰ ਦਿੱਤੇ ਜਾਂਦੇ ਹਨ। ਉਸ ਸਮੇਂ ਇਸਦਾ ਬਹੁਤ ਥੋੜ੍ਹਾ ਜਿਹਾ ਹਿੱਸਾ ਬਾਹਰ ਰਹਿੰਦਾ ਹੈ ਜਿਸ ਨੂੰ ਪਾਣੀ ਨਾਲ ਠੰਢਾ ਰੱਖਿਆ ਜਾਂਦਾ ਹੈ। ਨਾਲ ਹੀ ਇਹ ਧਿਆਨ ਵੀ ਰੱਖਿਆ ਜਾਂਦਾ ਹੈ ਕਿ ਪ੍ਰੋਬ ਕਦੇ ਵੀ ਢਾਲ ਦੀ ਛਾਂ ਵਿੱਚੋਂ ਬਾਹਰ ਨਾ ਆਵੇ। ਸੂਰਜ ਦੀ ਰੌਸ਼ਨੀ ਸਿੱਧੀ ਪੈਣ ਨਾਲ ਇਸਦਾ ਤਾਪਮਾਨ ਵਧ ਸਕਦਾ ਹੈ ਤੇ ਪ੍ਰੋਬ ਪਿਘਲ ਜਾਂ ਸੜ ਸਕਦੀ ਹੈ।




6 ਸਾਲ ਅਤੇ 11 ਮਹੀਨੇ ਦੇ ਜੀਵਨ ਕਾਲਦੌਰਾਨ ਇਹ ਪ੍ਰੋਬ ਸੂਰਜ ਦੇ ਕੁੱਲ 24 ਚੱਕਰ ਲਏਗੀ। ਆਪਣੇ ਆਖਰੀ ਦਿਨਾਂ ਦੌਰਾਨ ਇਹ ਸੂਰਜ ਦੇ ਸਭ ਤੋਂ ਨੇੜੇ, ਲਗਭਗ 61.6 ਲੱਖ ਕਿਲੋਮੀਟਰ ਦੀ ਦੂਰੀ ਤੇ ਹੋਵੇਗੀ। ਇਹ ਕਿੰਨਾ ਨੇੜੇ ਹੈ ਇਹ ਸਮਝਣਾ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਧਰਤੀ ਤੋਂ ਸੂਰਜ ਦੀ ਦੂਰੀ 15 ਕਰੋੜ ਕਿਲੋਮੀਟਰ ਹੈ। ਇਸਦੀ ਗਤੀ ਉਸ ਸਮੇਂ ਲਗਭਗ 200 ਕਿ. ਮੀ. ਪ੍ਰਤੀ ਸਕਿੰਟ ਹੋਵੇਗੀ।

ਆਪਣੇ ਹੁਣ ਤੱਕ ਦੇ ਸਫ਼ਰ ਵਿੱਚ ਪ੍ਰੋਬ ਨੇ ਉਮੀਦ ਮੁਤਾਬਕ ਹੀ ਕੰਮ ਕੀਤਾ ਹੈ ਅਤੇ ਬਹੁਤ ਸਾਰਾ ਡਾਟਾ ਧਰਤੀ ਤੇ ਭੇਜਿਆ ਹੈ। ਡਾਟਾ ਦੇ ਪੜਚੋਲ ਤੋਂ ਪਤਾ ਲੱਗਿਆ ਹੈ ਕਿ ਸੌਰ ਹਨੇਰੀ ਸੂਰਜ ਤੋਂ ਸਿੱਧੀ ਬਾਹਰ ਨਹੀਂ ਨਿਕਲਦੀ ਸਗੋਂ ਇਸ ਵਿੱਚ ਵਿੰਗ ਵਲ ਹੁੰਦੇ ਹਨ। ਕਿਉਂ, ਹਾਲੇ ਨਹੀਂ ਪਤਾ, ਪਰ ਇਹ ਨਵੀਂ ਜਾਣਕਾਰੀ ਹੈ। ਕੋਰੋਨਾ ਦੇ ਜ਼ਿਆਦਾ ਤਾਪਮਾਨ ਦਾ ਕਾਰਨ ਅਲਫੇਨਤਰੰਗਾਂ ਹੋਣ ਦੇ ਸੰਕੇਤ ਮਿਲੇ ਹਨ। ਨਾਲ ਹੀ ਸੂਰਜ ਦੀ ਸਤ੍ਹਾ ਤੋਂ ਲਗਭਗ 56 ਲੱਖ ਦੂਰ ਇੱਕ ਧੂੜ ਮੁਕਤ ਖੇਤਰ ਮਿਲਿਆ ਹੈ। ਸੂਰਜ ਦੇ ਦਬਾਅ ਕਰਕੇ ਇਸਤੋਂ ਅੰਦਰ ਕੋਈ ਧੂੜ ਦਾ ਕਣ ਨਹੀਂ ਆ ਸਕਦਾ, ਹਾਲਾਂਕਿ ਸੌਰ ਹਨੇਰੀ ਦੇ ਕਣ ਬਾਹਰ ਜਾ ਸਕਦੇ ਹਨ।ਭਖਦੇ ਸਵਾਲ ਜਿਵੇਂ, ਕੋਰੋਨਾ ਸੂਰਜ ਦੀ ਸਤ੍ਹਾ ਤੋਂ ਜ਼ਿਆਦਾ ਗਰਮ ਕਿਉਂ ਹੈ? ਸੌਰ ਹਨੇਰੀ ਕਿਉਂ ਚਲਦੀ ਹੈ? ਆਦਿ ਦੇ ਜਵਾਬ ਸਿਰਫ਼ ਸੂਰਜ ਨੇੜੇ ਜਾ ਕੇ ਹੀ ਮਿਲ ਸਕਦੇ ਹਨ ਤੇ ਇਸੇ ਕਰਕੇ ਪਾਰਕਰ ਪ੍ਰੋਬ ਤੋਂ ਜਵਾਬ ਦੇਣ ਦੇ ਸਮਰੱਥ ਹੈ। ਹਾਲੇ ਇਸਦਾ ਅੱਧੇ ਤੋਂ ਵੱਧ ਜੀਵਨਕਾਲ ਬਚਿਆ ਹੈ ਇਸ ਦੌਰਾਨ ਉਮੀਦ ਹੈ ਕਿ ਇਹ ਇਨ੍ਹਾਂ ਸਵਾਲਾਂ ਦਾ ਜਵਾਬ ਦੇ ਸਕੇਗੀ। ਪਰ ਨਾਲ ਹੀ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪਾਰਕਰ ਪ੍ਰੋਬ ਜਿੰਨੇ ਸਵਾਲਾਂ ਦੇ ਜਵਾਬ ਦੇਵੇਗੀ, ਉਸਤੋਂ ਵੱਧ ਖੜ੍ਹੇ ਵੀ ਕਰੇਗੀ ਤੇ ਉਨ੍ਹਾਂ ਦੇ ਜਵਾਬ ਲੱਭਣ ਲਈ ਸ਼ਾਇਦ ਤੁਹਾਡੇ 'ਚੋਂ ਕੋਈ ਅਗਲੀ ਪ੍ਰੋਬ ਡਿਜ਼ਾਇਨ ਕਰੇਗਾ।

# ਤਾਲਿਬਾਨ ਨੇ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਕਾਬੁਲ ਤੋਂ ਦਿੱਲੀ ਲਿਆਉਣ ਤੋਂ ਰੋਕਿਆ

## ਮਨਜ਼ੂਰੀ ਮਿਲਣ ’ਤੇ ਹੀ ਪਾਵਨ ਸਰੂਪ ਤੇ ਸੈਂਚੀਆਂ ਭਾਰਤ ਲਿਜਾਣ ਦੀ ਇਜਾਜ਼ਤ ਮਿਲੇਗੀ : ਅਫ਼ਗਾਨ ਵਿਦੇਸ਼ ਮੰਤਰਾਲਾ

ਵਿਸ਼ੇਸ਼ ਰਿਪੋਰਟ

ਪ੍ਰਗਟ ਸਿੰਘ ਜੰਡਿਆਲਾ ਗੁਰ

## ਅਫ਼ਗਾਨਿਸਤਾਨ ਵਿਚੋਂ ਪਾਵਨ ਸਰੂਪ ਲਿਆਉਣ ਤੋਂ ਰੋਕਣਾ ਮੰਦਭਾਗਾ : ਧਾਮੀ





ਤਾਲਿਬਾਨੀ ਸਰਕਾਰ ਨੇ 11 ਸਤੰਬਰ ਨੂੰ ਨਵੀਂ ਦਿੱਲੀ ਆਉਣ ਵਾਲੇ 60 ਅਫ਼ਗਾਨ ਸਿੱਖਾਂ ਦੇ ਜਥੇ ਨੂੰ ਆਪਣੇ ਨਾਲ ਦੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅਤੇ ਦੋ ਸੈਂਚੀਆਂ ਲਿਜਾਉਣ ਤੋਂ ਰੋਕ ਦਿੱਤਾ ਸੀ। ਦੱਸਿਆ ਜਾ ਰਿਹਾ ਹੈ ਕਿ ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਸੂਚਨਾ ਅਤੇ ਸਭਿਆਚਾਰ ਮੰਤਰਾਲੇ ਵਲੋਂ ਅਧਿਕਾਰਤ ਮਨਜ਼ੂਰੀ ਨਾ ਮਿਲਣ ਕਾਰਨ ਉਨ੍ਹਾਂ ਨੂੰ ਇਹ ਧਾਰਮਿਕ ਗ੍ਰੰਥ ਲਿਜਾਉਣ ਦੀ ਇਜਾਜ਼ਤ ਨਹੀਂ ਦਿੱਤੀ। ਇਸ ਬਾਰੇ ਵਿਚ ਅਫ਼ਗਾਨ ਸਿੱਖਾਂ ਨੇ ਸਾਫ਼ ਤੌਰ ’ਤੇ ਕਿਹਾ ਹੈ ਕਿ ਤਾਲਿਬਾਨ ਦੀ ਇਸਲਾਮਿਕ ਅਮੀਰਾਤ ਆਫ਼ ਅਫ਼ਗਾਨਿਸਤਾਨ ਸਰਕਾਰ ਨਹੀਂ ਚਾਹੁੰਦੀ ਕਿ ਸਿੱਖਾਂ ਦੇ ਧਾਰਮਿਕ ਗ੍ਰੰਥ ਜਾਂ ਅਫ਼ਗਾਨ ਸਿੱਖ ਅਤੇ ਹਿੰਦੂ ਉੱਥੋਂ ਚਲੇ ਜਾਣ ਕਿਉਂਕਿ ਇਸ ਨਾਲ ਕੌਮਾਂਤਰੀ ਭਾਈਚਾਰੇ ਵਿਚ ਤਾਲਿਬਾਨ ਦੀ ਨਮੋਸ਼ੀ ਵਧੇਗੀ। ਦਿੱਲੀ ਦੇ ਗੁਰੂ ਅਰਜੁਨ ਦੇਵ ਗੁਰਦੁਆਰੇ ਦੇ ਪ੍ਰਧਾਨ ਪ੍ਰਤਾਪ ਸਿੰਘ ਅਫ਼ਗਾਨ ਭਾਈਚਾਰੇ ਦੇ ਨੁਮਾਇੰਦੇ ਹਨ। ਉਹ ਸਿੱਖਾਂ ਤੇ ਹਿੰਦੂਆਂ ਨੂੰ ਭਾਰਤ ਵਿਚ ਲਿਆਉਣ ਲਈ ਕਾਫੀ ਸਰਗਰਮ ਰਹਿੰਦੇ ਹਨ।ਉਨ੍ਹਾਂ ਦੱਸਿਆ ਕਿ ਤਾਲਿਬਾਨ ਸਰਕਾਰ ਦਾ ਕਹਿਣਾ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਫ਼ਗਾਨਿਸਤਾਨ ਤੋਂ ਨਹੀਂ ਜਾਣ ਦੇਣਗੇ। ਅਸੀਂ ਤਾਲਿਬਾਨ ਸਰਕਾਰ ਨੂੰ ਚਿੱਠੀ ਲਿਖੀ ਹੈ, ਜਿਸ ਦਾ ਜਵਾਬ ਆਉਣਾ ਬਾਕੀ ਹੈ।’ਇੰਡੀਅਨ ਵਰਲਡ ਫੋਰਮ ਜਥੇਬੰਦੀ ਕਾਬੁਲ ਵਿਚ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਸੰਪਰਕ ਵਿਚ ਹੈ ਅਤੇ ਤਾਲਿਬਾਨ ਸਰਕਾਰ ਦੇ ਅਧਿਕਾਰੀਆਂ ਨਾਲ ਇਸ ਮਸਲੇ ਉੱਤੇ ਗੱਲਬਾਤ ਕਰ ਰਹੇ ਹਨ।ਇਹ ਜਥੇਬੰਦੀ ਅਫ਼ਗਾਨਿਸਤਾਨ ਵਿਚਲੇ ਹਿੰਦੂ ਅਤੇ ਸਿੱਖਾਂ ਨੂੰ ਭਾਰਤ ਲਿਆਉਣ ਲਈ ਭਾਰਤੀ ਵਿਦੇਸ਼ ਮੰਤਰਾਲੇ, ਏਅਰ ਫੋਰਸ ਅਤੇ ਸ਼੍ਰੋਮਣੀ ਕਮੇਟੀ ਦੇ ਤਾਲਮੇਲ ਨਾਲ ਕੰਮ ਕਰ ਰਹੀ ਹੈ।ਇੰਡੀਅਨ ਵਰਲਡ ਫੋਰਮ ਦੇ ਸੰਚਾਲਕ ਪੁਨੀਤ ਸਿੰਘ ਚੰਡੋਕ ਨੇ ਦਾਅਵਾ ਕੀਤਾ ਹੈ ਕਿ ‘ਬੜੇ ਦੁੱਖ ਦੀ ਗੱਲ ਹੈ ਕਿ ਅਫਗਾਨਿਸਤਾਨ ਦੇ ਵਿਦੇਸ਼ ਮੰਤਰਾਲੇ ਨੂੰ ਵਾਰ ਵਾਰ ਅਪੀਲਾਂ ਕਰਨ ਦੇ ਬਾਵਜੂਦ ਅੱਜ ਤੱਕ ਵੀ ਕਾਬੁਲ ਤੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਭਾਰਤ ਲਿਆਉਣ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ। ਚੰਡੋਕ ਨੇ ਕਿਹਾ, ‘ਅਫਗਾਨ ਵਿਦੇਸ਼ ਮੰਤਰਾਲੇ ਦੀਆਂ ਇਨ੍ਹਾਂ ਰੋਕਾਂ ਕਾਰਨ 60 ਹਿੰਦੂ ਅਤੇ ਸਿੱਖਾਂ ਨੂੰ ਭਾਰਤ ਲਿਆਉਣ ਦਾ ਕੰਮ ਰੁਕ ਗਿਆ ਹੈ।’

### ਐੱਸਜੀਪੀਸੀ ਪ੍ਰਧਾਨ ਨੇ ਕੀਤੀ ਨਿਖੇਧੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਤਾਲਿਬਾਨ ਪ੍ਰਸਾਸ਼ਨ ਦੀ ਕਾਰਵਾਈ ਦੀ ਨਿਖੇਧੀ ਕਰਦਿਆਂ ਕਿਹਾ ਕਿ 11 ਸਤੰਬਰ, 2022 ਨੂੰ 60 ਅਫ਼ਗਾਨ ਸਿੱਖਾਂ ਦੇ ਜਥੇ ਨੇ ਭਾਰਤ ਆਉਣਾ ਸੀ, ਪਰ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨਾਲ ਲਿਆਉਣ ਤੋਂ ਰੋਕਣ ਕਾਰਨ ਉਹ ਸਿੱਖ ਭਾਰਤ ਨਹੀਂ ਆ ਸਕੇ।ਧਾਮੀ ਨੇ ਕਿਹਾ ਕਿ ਇਹ ਤਾਲਿਬਾਨ ਸ਼ਾਸਨ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਸਿੱਧਾ ਦਖਲ ਹੈ।ਇੱਕ ਪਾਸੇ ਅਫ਼ਗਾਨਿਸਤਾਨ ਵਿੱਚ ਸਿੱਖਾਂ ਅਤੇ ਗੁਰਦੁਆਰਾ ਸਾਹਿਬਾਨ ਉੱਤੇ ਹਮਲੇ ਕੀਤੇ ਜਾ ਰਹੇ ਹਨ ਅਤੇ ਦੂਜੇ ਪਾਸੇ ਇਨ੍ਹਾਂ ਸਿੱਖਾਂ ਨੂੰ ਭਾਰਤ ਆਉਣ ਸਮੇਂ ਗੁਰੂ ਗ੍ਰੰਥ ਸਾਹਿਬ ਨੂੰ ਨਾਲ ਲਿਆਉਣ ਤੋਂ ਰੋਕਿਆ ਜਾ ਰਿਹਾ ਹੈ। ਧਾਮੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਵਿਚ ਦਖ਼ਲ ਦੇਣ।

ਇਸਲਾਮਿਕ ਅਮੀਰਾਤ ਆਫ਼ ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਅਫ਼ਗਾਨ ਸੱਭਿਆਚਾਰ ਅਤੇ ਸੂਚਨਾ ਮੰਤਰਾਲੇ ਤੋਂ ਅਧਿਕਾਰਤ ਪੁਸ਼ਟੀ ਪੱਤਰ ਮਿਲਣ ਤੋਂ ਬਾਅਦ ਹੀ ਸਿੱਖ ਭਾਈਚਾਰੇ ਨੂੰ ਉੱਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਅਤੇ ਸੈਂਚੀਆਂ ਭਾਰਤ ਲਿਜਾਉਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਹਾਲਾਂਕਿ, ਵਿਦੇਸ਼ ਮੰਤਰਾਲੇ ਵਲੋਂ ਇਸ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਹੈ।

### ਅਫ਼ਗਾਨਿਸਤਾਨ ਵਿਚ ਸਿੱਖ

ਸਿੱਖ ਪੰਥ ਦੇ ਬਾਨੀ ਗੁਰੂ ਨਾਨਕ ਦੇਵ ਜੀ ਜਦੋਂ ਉਦਾਸੀਆਂ ’ਤੇ ਨਿਕਲੇ ਤਾਂ ਚੌਥੀ ਉਦਾਸੀ ਵੇਲੇ ਉਹ ਅਫ਼ਗਾਨਿਸਤਾਨ ਪਹੁੰਚੇ ਸਨ। ਉਹ ਅਰਬੀ ਤੇ ਫਾਰਸੀ ਸਮੇਤ ਕਈ ਜ਼ਬਾਨਾਂ ਬੋਲਦੇ ਸਨ।

ਅਫ਼ਗਾਨਿਸਤਾਨ ਵਿੱਚ ਮੁਗਲਾਂ ਵੇਲੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਵੀ ਵੱਡੀ ਗਿਣਤੀ ਵਿੱਚ ਸਿੱਖ ਰਹਿ ਰਹੇ ਸਨ।ਅੰਗਰੇਜ਼ੀ ਹਕੂਮਤ ਵੇਲੇ ਵੀ ਸਿੱਖਾਂ ਦੀ ਖਾਸੀ ਤਾਦਾਦ ਅਫ਼ਗਾਨਿਸਤਾਨ ਵਿੱਚ ਸੀ। ਅਫ਼ਗਾਨਿਸਤਾਨ ਤੋਂ ਰੂਸ ਦੇ ਜਾਣ ਮਗਰੋਂ ਮੋਹੰਮਦ ਨਜੀਬਉੱਲਾਹ ਦੀ ਸਰਕਾਰ ਆਈ। ਉਸ ਤੋਂ ਬਾਅਦ ਅਫ਼ਗਾਨਿਸਤਾਨ ਵਿੱਚ ਮੁਜਾਹੀਦੀਨ ਸਰਗਰਮ ਹੋਏ। ਹਾਲਾਤ ਬਦਲੇ ਤਾਂ ਕਤਲੋਗਾਰਦ, ਲੁੱਟ ਖਸੁੱਟ ਅਤੇ ਦਹਿਸ਼ਤਗਰਦੀ ਦੇ ਮਾਹੌਲ ਤੋਂ ਘਬਰਾਏ ਘੱਟਗਿਣਤੀ ਭਾਈਚਾਰੇ ਖਾਸਕਰ ਹਿੰਦੂ ਅਤੇ ਸਿੱਖਾਂ ਨੇ ਅਫ਼ਗਾਨਿਸਤਾਨ ਤੋਂ ਹਿਜਰਤ ਕਰਨੀ ਸ਼ੁਰੂ ਕਰ ਦਿੱਤੀ।

# ਡੰਮੀ ਦਾਖ਼ਲਿਆਂ ’ਤੇ ਰੋਕ ਲਗਾਉਣਾ ਪੰਜਾਬ ਸਰਕਾਰ ਦਾ ਚੰਗਾ ਉਪਰਾਲਾ



ਹਰਫ਼ਾਂ ਦੇ ਨੂਰ

ਵਰਿੰਦਰ ਸਿੰਘ ਬੱਲੂਆਣਾ
ਮੋ. : 9417789521



ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਹਿੱਤ ਹਾਲ ਦੀ ਘੜੀ ਪੰਜਾਬ ਸਰਕਾਰ ਵੱਲੋਂ ਜੋ ਰਸਮੀ (ਡੰਮੀ) ਦਾਖਲਿਆਂ ਨੂੰ ਰੋਕਣ/ਬੰਦ ਕਰਨ ਲਈ ਚੁੱਕਿਆ ਕਦਮ ਬਹੁਤ ਹੀ ਸ਼ਲਾਘਾਯੋਗ/ਕਾਬਲੇਤਾਰੀਫ ਹੈ। ਇਸ ਸਬੰਧੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਡਾ. ਅਰਵਿੰਦ ਦੀ ਅਗਵਾਈ ਹੇਠ ਵਿੱਢੀ ਗਈ ਵਿਸ਼ੇਸ਼ ਮੁਹਿੰਮ ਤਹਿਤ ਡੰਮੀ ਦਾਖਲਿਆਂ ਦਾ ਕਾਲਾ ਧੰਦਾ ਕਰਦੇ ਕਾਲਜਾਂ ਨੂੰ ਫਿਟਕਾਰ ਵੀ ਪਾਈ ਹੈ ਅਤੇ ਨੋਟਿਸ ਵੀ ਭੇਜੇ ਹਨ। ਅਕਸਰ ਹੀ ਵੇਖਿਆ ਜਾਂਦਾ ਸੀ ਕਿ ਪਿਛਲੇ ਕਾਫੀ ਸਾਲਾਂ ਤੋਂ ਕੁੱਝ ਨਿੱਜੀ ਵਿੱਦਿਅਕ ਅਦਾਰੇ/ਕਾਲਜ ਰਸਮੀ (ਡੰਮੀ) ਦਾਖ਼ਲਿਆਂ ਦਾ ਗੋਰਖਧੰਦਾ ਬਿਨਾਂ ਕਿਸੇ ਡਰ/ਭੈਅ ਦੇ ਚਲਾ ਰਹੇ ਸਨ। ਅਜਿਹੇ ਡੰਮੀ ਦਾਖਲਿਆਂ ਬਦਲੇ ਉਹ ਗੈਰਹਾਜਰ ਵਿਦਿਆਰਥੀਆਂ ਨੂੰ ਆਪਣੇ ਅਦਾਰੇ/ਕਾਲਜ ਵਿੱਚ ਹਾਜਰੀ ਲਗਾਕੇ ਦਾਖਲ ਦਿਖਾ ਦਿੰਦੇ ਸਨ। ਜਿਸ ਬਦਲੇ ਅਜਿਹੇ ਵਿਦਿਆਰਥੀਆਂ ਤੋਂ ਮੋਟੀਆਂ ਫੀਸਾਂ/ਰਕਮਾਂ ਵਸੂਲੀਆਂ ਜਾਂਦੀਆਂ ਸਨ। ਇਸ ਤਰ੍ਹਾਂ ਹੋਣ ਕਰਕੇ ਕਾਲਜਾਂ ਦੇ ਮਾਲਕਾਂ ਨੂੰ ਬਹੁਤਾ ਸਟਾਫ਼/ਅਧਿਆਪਕ ਰੱਖਣ ਦੀ ਜ਼ਰੂਰਤ ਵੀ ਨਹੀਂ ਪੈਂਦੀ ਸੀ। ਜਿਸ ਕਰਕੇ ਅਜਿਹਾ ਕਰਨ ਵਾਲੇ ਕਾਲਜਾਂ ਨੂੰ ਦੂਹਰੀ ਕਮਾਈ ਹੋ ਜਾਂਦੀ ਸੀ। ਪ੍ਰੰਤੂ ਅਜਿਹੇ ਕਾਲੇ ਕਾਰੋਬਾਰ/ਧੰਦੇ ਵਿੱਚ ਸਿਆਸੀ ਲੋਕਾਂ ਦੀ ਕੁੱਝ ਹਿੱਸੇਦਾਰੀ ਤੋਂ ਬਿਨਾਂ ਕਦੇ ਵੀ ਨੇਪਰੇ ਨਹੀਂ ਚੜ੍ਹਦੇ, ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ। ਪ੍ਰੰਤੂ ਹੁਣ ਸਿਆਸੀ ਬਦਲਾਵ ਹੋਣ ਕਾਰਨ ਅਜਿਹੇ ਕਾਲੇ ਕਾਰੋਬਾਰ ਬੰਦ ਹੋਣ ਦੀ ਪੂਰੀ ਆਸ ਬੱਝ ਗਈ ਹੈ।ਅਜਿਹਾ ਹੋਣ ਕਰਕੇ ਅਨੇਕਾਂ ਹੀ ਬੇਰੁਜ਼ਗਾਰ ਅਧਿਆਪਕ ਪ੍ਰਾਈਵੇਟ ਨੌਕਰੀਆਂ ਤੋਂ ਵੀ ਵਾਂਝੇ ਹਨ। ਅਜਿਹਾ ਕਰਨ ਵਾਲੇ ਕਾਲਜਾਂ ਦੀ ਇਸ ਘਟੀਆ ਰਵਾਇਤ ਸਦਕਾ ਹੀ ਸਿੱਖਿਆ ਦੇ ਮਿਆਰ ਵਿੱਚ ਵੱਡੀ ਗਿਰਾਵਟ ਆਈ ਹੈ। ਕਾਲਜ ਵਿੱਚ ਰੈਗੂਲਰ ਆਏ ਬਿਨ੍ਹਾਂ ਭਲਾ ਕਿਵੇਂ ਕੋਈ ਵਿਦਿਆਰਥੀਆਂ ਅਧਿਆਪਕ ਤੋਂ ਬਿਨ੍ਹਾਂ ਚੰਗੀ ਸਿੱਖਿਆ ਗ੍ਰਹਿਣ ਕਰ ਸਕਦਾ ਹੈ, ਇਹ ਆਪਣੇ ਆਪ ਵਿੱਚ ਬਹੁਤ ਅਹਿਮ ਸਵਾਲ ਹੈ। ਇਨ੍ਹਾਂ ਡੰਮੀ ਦਾਖਲਿਆਂ ਵਾਲੇ ਵਿਦਿਆਰਥੀਆਂ ਨੂੰ ਸਿਰਫ ਇਮਤਿਹਾਨਾਂ ਦੇ ਸਮੇਂ ਹੀ ਸੱਦਿਆ/ਬੁਲਾਇਆ ਜਾਂਦਾ ਹੈ। ਜਿਆਦਾਤਰ ਇਹ ਡੰਮੀ ਦਾਖਲਿਆਂ ਦਾ ਧੰਦਾ ਕੁੱਝ ਸਿੱਖਿਆ ਕਾਲਜ ਹੀ ਕਰਦੇ ਹਨ। ਜਿਨ੍ਹਾਂ ਕਰਕੇ ਚੰਗੇ ਸਿੱਖਿਆ ਕਾਲਜ ਵੀ ਬਦਨਾਮ ਹੋ ਜਾਂਦੇ ਹਨ। ਇਨਾਂ ਕਾਲਜਾਂ ਤੋਂ ਡੰਮੀ ਦਾਖਲਿਆਂ ਸਹਾਰੇ ਬਹੁਤੇ ਬੇਰੁਜ਼ਗਾਰ ਅਧਿਆਪਕਾਂ ਦੇ ਗਿਆਨ ਵਿੱਚ ਕਮੀ ਸਾਫ਼/ਪ੍ਰਤੱਖ ਨਜ਼ਰ ਆਉਂਦੀ ਹੈ। ਸਿੱਖਿਆ ਵਿੱਚ ਵੱਡੇ ਸੁਧਾਰ ਲਿਆਉਣ ਲਈ ਅਜਿਹੇ ਗੋਰਖਧੰਦੇ ਨੂੰ ਰੋਕਣਾ/ਬੰਦ ਕਰਨਾ ਵਕਤ/ਸਮੇਂ ਦੀ ਅਹਿਮ/ਸਖਤ ਜ਼ਰੂਰਤ/ਮੰਗ ਸੀ, ਜੋ ਮੌਜੂਦਾ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਦੀ ਸਰਕਾਰ ਨੇ ਵੱਡੀ ਕਾਰਵਾਈ ਕਰਦਿਆਂ ਅਜਿਹੇ ਦਾਖਲਿਆਂ ਉੱਪਰ ਪੂਰਨ/ਪੱਕੇ ਤੌਰ ਪਾਬੰਦੀ ਲਗਾਈ ਹੈ। ਜਿਸਦੀ ਚੁਫੇਰਿਓਂ ਖੂਬ ਪ੍ਰਸੰਸਾ ਹੋ ਰਹੀ ਹੈ। ਵਿਦਿਆਰਥੀ ਵਰਗ ਨੂੰ ਵੀ ਚਾਹੀਦਾ ਹੈ, ਕਿ ਉਹ ਸਿੱਖਿਆ ਨੂੰ ਚੰਗੀ ਤਰ੍ਹਾਂ ਗ੍ਰਹਿਣ ਕਰਨ ਅਤੇ ਆਪਣੇ ਗਿਆਨ ਭੰਡਾਰ ਵਿੱਚ ਵੱਡਾ ਵਾਧਾ ਕਰਨ ਲਈ ਮਿਹਨਤ ਕਰਨ। ਨਾ ਕਿ ਵਿਖਾਵੇ ਲਈ ਸਿੱਖਿਆ ਕਾਲਜਾਂ ’ਚ ਡੰਮੀ ਦਾਖਲੇ ਕਰਵਾਕੇ ਮਾਪਿਆਂ ਦਾ ਪੈਸਾ ਅਤੇ ਆਪਣਾ ਕੀਮਤੀ ਸਮਾਂ ਬਰਬਾਦ/ਅਜਾਈਂ ਕਰਨ। ਅਜਿਹੇ ਕਾਲੇ ਕੰਮਾਂ ਨੂੰ ਅਸਲ ਵਿੱਚ ਬਹੁਤ ਸਮਾਂ ਪਹਿਲਾਂ ਹੀ ਨੱਥ ਪਾਉਣ ਦੀ ਸਖ਼ਤ ਜ਼ਰੂਰਤ ਸੀ, ਪ੍ਰੰਤੂ ਭ੍ਰਿਸ਼ਟ ਸਿਆਸੀ ਲੋਕਾਂ ਦੀ ਸਹਿ ਸਦਕਾ ਕੋਈ ਰੋਕ ਟੋਕ ਨਹੀਂ ਸੀ। ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਮੌਜੂਦਾ ਪੰਜਾਬ ਸਰਕਾਰ ਵੱਲੋਂ ਡੰਮੀ ਦਾਖਲਿਆਂ ਨੂੰ ਪੱਕੇ ਤੌਰ ’ਤੇ ਬੰਦ ਕਰਨਾ ਸਿੱਖਿਆ ਦੇ ਮਿਆਰ ਦਾ ਸੁਨਹਿਰੀ ਭਵਿੱਖ ਤੈਅ ਕਰਨ ਵਿੱਚ ਬਹੁਤ ਜਿਆਦਾ ਸਹਾਈ ਹੋਵੇਗਾ।

# ਪੰਜਾਬ ਦੀ ਆਰਥਿਕਤਾ ਤੇ ਖੇਤੀਬਾੜੀ ਨੂੰ ਹਾਂ-ਪੱਖੀ ਹੁਲਾਰਾ ਕਿਵੇਂ ਮਿਲੇ?

ਵਿਸ਼ੇਸ਼ ਮੁੱਦਾ

ਪ੍ਰੋ. ਗੁਰਵੀਰ ਸਿੰਘ ਸਰੌਦ
ਮੋ.: 94179-71451



> ਵਾਤਾਵਰਨ ਨੂੰ ਬਚਾਉਣ ਲਈ ਕੀਟਨਾਸ਼ਕਾਂ, ਨਦੀਨਨਾਸ਼ਕਾਂ ਦੀ ਬੇਲੋੜੀ ਵਰਤੋਂ 'ਤੇ ਰੋਕ ਤੇ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਬਿਨਾਂ ਸਾੜੇ ਹਰੀ ਖਾਦ ਵਜੋਂ ਵਰਤਣਾ ਪਵੇਗਾ। ਖੇਤੀ ਖ਼ਰਚੇ ਘਟਾਉਣ ਲਈ ਸਾਂਝੀ ਖੇਤੀ ਵੱਲ ਮੁੜ ਪ੍ਰੇਰਿਤ ਹੋਣਾ ਪਵੇਗਾ। ਜਿੰਨੀ ਵੀ ਆਧੁਨਿਕ ਮਸ਼ੀਨਰੀ ਦੀ ਲੋੜ ਹੈ, ਉਹ ਸਾਂਝੇ ਗਰੁੱਪ ਜਾਂ ਕੁਝ ਕਿਸਾਨ ਸਾਂਝੇ ਤੌਰ 'ਤੇ ਖ਼ਰੀਦਣ ਤਾਂ ਜੋ ਵਾਧੂ ਮਸ਼ੀਨਰੀ ਦਾ ਬੋਝ ਤੇ ਪੈਸੇ ਦੀ ਲਾਗਤ ਨੂੰ ਘਟਾਇਆ ਜਾ ਸਕੇ। ਇਸ ਤੋਂ ਇਲਾਵਾ ਹੱਥੀਂ ਕਿਰਤ ਨੂੰ ਅਹਿਮੀਅਤ ਦੇਣੀ ਪਵੇਗੀ, ਛੋਟੇ-ਛੋਟੇ ਕੰਮਾਂ ਲਈ ਲੇਬਰ 'ਤੇ ਨਿਰਭਰਤਾ ਘਟਾਉਣੀ ਹੋਵੇਗੀ। ਸਰਕਾਰ ਵੱਲੋਂ ਸਹਿਕਾਰੀ ਸਭਾਵਾਂ ਰਾਹੀਂ ਖੇਤੀਬਾੜੀ ਮਸ਼ੀਨਰੀ, ਜੈਵਿਕ ਖਾਦਾਂ, ਟਰੇਨਿੰਗ, ਖੋਜ ਕੇਂਦਰਾਂ ਤੇ ਫੂਡ ਪ੍ਰੋਸੈਸਿੰਗ ਉਦਯੋਗ ਨੂੰ ਵੀ ਹੱਲਾਸ਼ੇਰੀ ਦੇਣੀ ਹੋਵੇਗੀ।

ਭਾਰਤ ਦਾ ਅੰਨ ਭੰਡਾਰ ਜਾਂ 'ਗ੍ਰੇਨਰੀ ਆਫ ਇੰਡੀਆ' ਦਾ ਨਾਂ ਕਮਾਉਣ ਵਾਲਾ ਸੂਬਾ ਪੰਜਾਬ ਜੋ ਮੁਲਕ ਦਾ 1.5% ਭਾਗ ਹੋਣ ਦੇ ਬਾਵਜੂਦ ਭਾਰਤ ਦੇ ਅੰਨ ਭੰਡਾਰ ਵਿਚ 40 ਤੋਂ 50 ਫ਼ੀਸਦੀ ਯੋਗਦਾਨ ਪਾ ਰਿਹਾ ਹੈ। ਦੇਸ਼ ਨੂੰ ਅੰਨ ਸੰਕਟ ਤੋਂ ਮੁਕਤ ਕਰਾਉਣ ਵਾਲਾ ਸੂਬਾ ਖ਼ੁਦ ਚੌਤਰਫੇ ਸੰਕਟ ਵਿਚ ਘਿਰ ਚੁੱਕਾ ਹੈ। ਕਿਸਾਨੀ ਕਰਜ਼ਾ ਵੀ ਪ੍ਰਮੁੱਖ ਕਾਰਕਾਂ ਵਿੱਚੋਂ ਇਕ ਹੈ। ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਦੀ ਰਿਪੋਰਟ ਅਨੁਸਾਰ ਪੰਜਾਬ ਦੇ ਕਿਸਾਨਾਂ ਦੇ 21.4 ਲੱਖ ਬੈਂਕ ਖਾਤਿਆਂ 'ਤੇ 71350 ਕਰੋੜ ਰੁਪਏ ਦਾ ਖੇਤੀਬਾੜੀ ਕਰਜ਼ਾ ਹੈ। ਇਸ ਤੋਂ ਇਲਾਵਾ ਨਿੱਜੀ ਜ਼ਰੂਰਤਾਂ ਤੇ ਆੜ੍ਹਤੀਆਂ ਤੋਂ ਲਿਆ ਗਿਆ ਕਰਜ਼ਾ ਵੱਖਰਾ ਹੈ ਜਿਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਇਹ ਕਰਜ਼ਾ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ।

ਕਰਜ਼ੇ ਵਿਚ ਵਾਧਾ ਸਿਰਫ਼ ਫ਼ਸਲੀ ਸੰਭਾਲ ਲਈ ਨਹੀਂ ਸਗੋਂ ਆਪਣੀਆਂ ਨਿੱਜੀ ਸਹੂਲਤਾਂ ਦੀ ਆੜ ਵਿਚ ਆਪਣੀ ਜੀਵਨ-ਸ਼ੈਲੀ ਨੂੰ ਹੱਦੋਂ ਜ਼ਿਆਦਾ ਆਰਾਮਦਾਇਕ ਬਣਾਉਣ ਹਿੱਤ ਵਧਿਆ ਹੈ। ਨਾਬਾਰਡ ਦੁਆਰਾ ਭਾਰਤ ਕ੍ਰਿਸ਼ਕ ਦੇ ਸਹਿਯੋਗ ਨਾਲ ਕੀਤੇ ਅਧਿਐਨ ਵਿਚ ਕਿਸਾਨੀ ਕਰਜ਼ੇ ਸਬੰਧੀ ਹੈਰਾਨੀਜਨਕ ਖ਼ੁਲਾਸੇ ਸਾਹਮਣੇ ਆਏ ਹਨ ਜੋ ਸੱਚਮੁੱਚ ਸੋਚਣ ਲਈ ਮਜਬੂਰ ਕਰ ਰਹੇ ਹਨ। ਅਧਿਐਨ ਅਨੁਸਾਰ ਪੰਜਾਬ ਦਾ ਔਸਤ ਇਕ ਕਿਸਾਨ ਉੱਤਰ ਪ੍ਰਦੇਸ਼ ਵਿਚ ਆਪਣੇ ਹਮਰੁਤਬਾ ਨਾਲੋਂ ਚਾਰ ਗੁਣਾ ਤੇ ਮਹਾਰਾਸ਼ਟਰ ਵਿਚ ਆਪਣੇ ਹਮਰੁਤਬਾ ਨਾਲੋਂ ਪੰਜ ਗੁਣਾ ਵੱਧ ਉਧਾਰ ਲੈਂਦਾ ਹੈ। ਭਾਵ, ਪੰਜਾਬ ਵਿਚ ਇਕ ਸੀਮਾਂਤ ਕਿਸਾਨ 3.4 ਲੱਖ ਰੁਪਏ ਸਾਲਾਨਾ ਉਧਾਰ ਲੈਂਦਾ ਹੈ। ਜਦਕਿ ਯੂ.ਪੀ. ਤੇ ਮਹਾਰਾਸ਼ਟਰ ਵਿਚ ਕ੍ਰਮਵਾਰ 84 ਹਜ਼ਾਰ ਰੁਪਏ ਤੇ 62 ਹਜ਼ਾਰ ਰੁਪਏ ਉਧਾਰ ਲਿਆ ਜਾਂਦਾ ਹੈ ਅਤੇ ਖੇਤੀ ਕਰਜ਼ਿਆਂ ਨੂੰ ਗ਼ੈਰ ਖੇਤੀ ਵਰਤੋਂ ਵੱਲ ਵੀ ਮੋੜਿਆ ਜਾ ਰਿਹਾ ਹੈ। ਕਿਸਾਨ ਕ੍ਰੈਡਿਟ ਕਾਰਡ ਫੰਡਾਂ ਦੀ ਦੁਰਵਰਤੋਂ ਪੰਜਾਬ ਦੇ ਮਾਮਲੇ ਵਿਚ ਸਭ ਤੋਂ ਵੱਧ ਅਤੇ ਯੂ.ਪੀ. ਵਿਚ ਸਭ ਤੋਂ ਘੱਟ ਪਾਈ ਗਈ ਹੈ। ਇਸ ਅਧਿਐਨ ਤੋਂ ਇਹ ਗੱਲ ਸਾਫ਼ ਹੋ ਰਹੀ ਹੈ ਕਿ ਜੇ ਪੰਜਾਬ ਦਾ ਕਿਸਾਨ ਹੋਰਨਾਂ ਸੂਬਿਆਂ ਦੇ ਮੁਕਾਬਲੇ ਜ਼ਿਆਦਾ ਕਰਜ਼ਾ ਲੈਣ ਤੇ ਬੇਲੋੜੀ ਵਰਤੋਂ ਤੋਂ ਗੁਰੇਜ਼ ਨਹੀਂ ਕਰਦਾ ਤਾਂ ਇਸ ਵਰਤਾਰੇ ਦਾ ਪ੍ਰਭਾਵ ਖੇਤੀਬਾੜੀ 'ਤੇ ਪੈਣਾ ਸੁਭਾਵਿਕ ਹੈ। ਜੇ ਕਿਸਾਨੀ ਹੱਥੀਂ ਕਿਰਤ ਤੋਂ ਦੂਰੀ ਬਣਾਉਂਦੀ ਹੈ ਤਾਂ ਫਿਰ ਕਰਜ਼ੇ ਦੀ ਦਲਦਲ ਵਿਚ ਹੋਰ ਧਸ ਸਕਦੀ ਹੈ। ਅੱਜ-ਕੱਲ੍ਹ ਮਸ਼ੀਨੀ ਯੁੱਗ ਹੈ। ਬਹੁਤ ਸਾਰੇ ਖੇਤੀ ਦੇ ਕੰਮ ਮਸ਼ੀਨਾਂ ਨਾਲ ਬੜੇ ਥੋੜ੍ਹੇ ਸਮੇਂ ਵਿਚ ਨਾਮਾਤਰ ਲੇਬਰ ਨਾਲ ਹੀ ਕਰ ਲਏ ਜਾਂਦੇ ਹਨ। ਅੱਜ-ਕੱਲ੍ਹ ਸੰਸਾਰ ਵਿਚ ਖ਼ੁਦਕੁਸ਼ੀਆਂ ਦਾ ਰੁਝਾਨ ਕੁਝ ਜ਼ਿਆਦਾ ਹੀ ਵਧ ਗਿਆ ਹੈ

ਹੁਣ ਫ਼ਸਲ ਦੀ ਲਵਾਈ ਤੋਂ ਲੈ ਕੇ ਵਢਾਈ ਤਕ ਕਿਸਾਨੀ ਜਾਂ ਤਾਂ ਮਸ਼ੀਨਾਂ 'ਤੇ ਨਿਰਭਰ ਹੋ ਚੁੱਕੀ ਹੈ ਜਾਂ ਫਿਰ ਲੇਬਰ 'ਤੇ। ਖੇਤਾਂ ਦੀਆਂ ਵੱਟਾਂ ਤੋਂ ਖੱਬਲ ਘੜਨ ਤੋਂ ਫ਼ਸਲਾਂ ਵਿਚ ਖਾਦ, ਸਪਰੇਆਂ ਆਦਿ ਸਭ ਕੁਝ ਲੇਬਰ ਤੋਂ ਹੀ ਕਰਵਾਉਣ ਨੂੰ ਤਰਜੀਹ ਦਿੱਤੀ ਜਾਣ ਲੱਗ ਪਈ ਹੈ। ਨਿੱਜੀ ਸਹੂਲਤਾਂ ਵਿਚ ਵਾਧੇ ਦਾ ਬੋਝ ਵੀ ਖੇਤੀਬਾੜੀ ਆਮਦਨ ਉੱਪਰ ਸੁੱਟ ਦਿੱਤਾ ਹੈ ਤਾਂ ਫਿਰ ਕਿੰਨਾ ਕੁ ਸਮਾਂ ਖੇਤੀਬਾੜੀ ਮਹਿੰਗੀਆਂ ਖੇਤੀ ਲਾਗਤਾਂ, ਲੇਬਰ ਤੇ ਨਿੱਜੀ ਸਹੂਲਤਾਂ ਦਾ ਭਾਰ ਝੱਲੇਗੀ ? ਸਾਡੀ ਨਿੱਜੀ ਚਮਕ-ਦਮਕ ਨੇ ਖੇਤੀ ਅਰਥਚਾਰੇ ਨੂੰ ਜ਼ਰੂਰ ਪ੍ਰਭਾਵਿਤ ਕੀਤਾ ਹੈ। ਲੇਬਰ 'ਤੇ ਜ਼ਿਆਦਾ ਨਿਰਭਰ ਹੋਣਾ ਅਤੇ ਆਪਸੀ ਭਾਈਚਾਰਕ ਸਾਂਝ ਦਾ ਘਟਣਾ ਵੀ ਖੇਤੀ ਅਰਥਚਾਰੇ ਲਈ ਮਾਰੂ ਸਾਬਿਤ ਹੋ ਰਿਹਾ ਹੈ। ਪਹਿਲਾਂ ਸਾਂਝੇ ਪਰਿਵਾਰਾਂ ਵਿਚ ਬਹੁਤੇ ਕੰਮ ਰਲ ਕੇ ਕਰ ਲਏ ਜਾਂਦੇ ਸਨ। ਹੁਣ ਪਰਿਵਾਰਾਂ ਦੀ ਵੰਡ ਨੇ ਵੀ ਖੇਤੀ ਦੇ ਤੌਰ-ਤਰੀਕਿਆਂ ਤੇ ਖ਼ਰਚਿਆਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਖੇਤੀ ਛੋਟੀਆਂ ਜੋਤਾਂ ਵਿਚ ਵੰਡੀ ਜਾ ਚੁੱਕੀ ਹੈ ਜਿਸ ਦੇ ਫਲਸਰੂਪ ਖ਼ਰਚੇ ਦਿਨ-ਬਦਿਨ ਵਧ ਰਹੇ ਹਨ, ਆਮਦਨਾਂ ਘਟ ਰਹੀਆਂ ਹਨ। ਜਿੱਥੇ 4 ਭਰਾਵਾਂ ਦੀ ਜ਼ਮੀਨ ਨੂੰ ਇਕ ਟਰੈਕਟਰ ਤੇ ਸੰਦ ਖੇਤੀ ਕਰਨ ਲਈ ਵਰਤੇ ਜਾਂਦੇ ਸਨ, ਹੁਣ ਉਸੇ ਜ਼ਮੀਨ ਵਿਚ 4 ਟਰੈਕਟਰ ਚੱਲ ਰਹੇ ਹਨ। ਸੋ, ਆਧੁਨਿਕ ਮਸ਼ੀਨਰੀ ਦੀ ਅੰਨ੍ਹੇਵਾਹ ਖ਼ਰੀਦ ਨੇ ਵੀ ਕਿਸਾਨੀ ਨੂੰ ਕਰਜ਼ਾ ਲੈਣ ਲਈ ਮਜਬੂਰ ਕੀਤਾ ਹੈ। ਸੂਬੇ ਅੰਦਰ 42 ਲੱਖ ਹੈਕਟੇਅਰ ਰਕਬੇ ਵਿਚ ਖੇਤੀ ਕਰਨ ਲਈ ਸਿਰਫ਼ 1.25 ਲੱਖ ਟਰੈਕਟਰਾਂ ਦੀ ਜ਼ਰੂਰਤ ਹੈ। ਜਦਕਿ ਮੌਜੂਦਾ ਸਮੇਂ ਪੰਜਾਬ ਵਿਚ ਲਗਭਗ 5.5 ਲੱਖ ਤੋਂ ਵੀ ਜ਼ਿਆਦਾ ਟਰੈਕਟਰ ਹਨ। ਹਰ ਸਾਲ 18 ਤੋਂ 20 ਹਜ਼ਾਰ ਨਵੇਂ ਟਰੈਕਟਰ ਖ਼ਰੀਦੇ ਜਾਂਦੇ ਹਨ। ਮਾਹਿਰਾਂ ਮੁਤਾਬਿਕ ਜੇ ਟਰੈਕਟਰ ਹਰ ਸਾਲ 1000 ਘੰਟਾ ਚੱਲਦਾ ਹੈ ਤਾਂ ਹੀ ਕਿਸਾਨ ਲਈ ਲਾਹੇਵੰਦ ਹੋ ਸਕਦਾ ਹੈ। ਪਰ ਬਹੁ-ਗਿਣਤੀ ਟਰੈਕਟਰ ਸਿਰਫ਼ 300 ਤੋਂ 400 ਘੰਟਾ ਪ੍ਰਤੀ ਸਾਲ ਹੀ ਵਰਤੇ ਜਾਂਦੇ ਹਨ।

ਸਰਕਾਰ ਵੱਲੋਂ ਦੇਸ਼ ਨੂੰ ਅੰਨ ਸੰਕਟ ਤੋਂ ਮੁਕਤ ਕਰਵਾਉਣ ਵਾਲੇ ਅੰਨਦਾਤੇ ਤੋਂ ਟਰੈਕਟਰਾਂ ਦੀ ਖ਼ਰੀਦ 'ਤੇ 12% ਜੀਐੱਸਟੀ ਵੀ ਵਸੂਲ ਕੀਤਾ ਜਾਂਦਾ ਹੈ। ਸਪੇਅਰ ਪਾਰਟਸ 'ਤੇ ਤਾਂ 18 ਤੋਂ 28 ਫ਼ੀਸਦੀ ਜੀਐੱਸਟੀ ਲਾਗੂ ਹੈ। ਇੱਥੋਂ ਤਕ ਕਿ ਛੋਟੇ ਕਿਸਾਨਾਂ ਨੂੰ ਵੀ ਕਿਸੇ ਪ੍ਰਕਾਰ ਦੀ ਰਿਆਇਤ ਨਹੀਂ ਮਿਲਦੀ। ਗੁਜਰਾਤ ਸਰਕਾਰ ਵੱਲੋਂ 25 ਤੋਂ 35 ਫ਼ੀਸਦੀ ਤਕ ਟਰੈਕਟਰਾਂ ਦੀ ਸਬਸਿਡੀ ਦਿੱਤੀ ਜਾਂਦੀ ਹੈ। ਕਿਸਾਨ ਵਰਗ ਚਾਹੇ ਤਾਂ ਮੁੜ ਸਾਂਝੀ ਖੇਤੀ ਵੱਲ ਵਾਪਸ ਜਾ ਸਕਦਾ ਹੈ ਪਰ ਇਹ ਕੰਮ ਭਾਈਚਾਰਕ ਸਾਂਝ ਨਾਲ ਹੀ ਸੰਭਵ ਹੋ

(ਬਾਕੀ ਸਫ਼ਾ 31 'ਤੇ)



## ਗੀਤ ਸੰਗੀਤ



ਸ਼ਮਸ਼ੇਰ ਸਿੰਘ ਸੋਹੀ

"ਕੋਈ ਵੀ ਗਾਇਕ ਓਨਾ ਚਿਰ ਉੱਚੀਆਂ ਬੁਲੰਦੀਆਂ ਹਾਸਲ ਨਹੀਂ ਕਰ ਸਕਦਾ, ਜਿੰਨਾ ਚਿਰ ਤੱਕ ਉਸ ਨੂੰ ਸੁਚੱਜੇ ਅਤੇ ਸੂਝਵਾਨ ਸਰੋਤਿਆਂ ਦਾ ਸਾਥ ਭਾਵ ਕਿ ਹੁੰਗਾਰਾ ਤੇ ਸਮਰਥਨ ਨਾ ਮਿਲੇ। ਦੂਜੇ ਪਾਸੇ ਇਕ ਗਾਇਕ ਜਦ ਇਕ ਜਾਂ ਵੱਧ ਗਿਣਤੀ ਵਿਚ ਲੱਚਰ ਗੀਤ ਗਾ ਕੇ ਹਿੱਟ ਹੁੰਦਾ ਹੈ ਤਾਂ ਉਸ ਪਿੱਛੇ ਵੀ ਸਰੋਤਿਆਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ।ਜੇਕਰ ਕਿਸੇ ਦੇਸ਼ ਵਿਚ ਕਲਾ ਨੂੰ ਪਰਖਣ ਵਾਲੇ ਉੱਦਮੀਂ ਤੇ ਪ੍ਰਤੱਖ ਸੋਚ ਰੱਖਣ ਵਾਲੇ ਸਰੋਤੇ ਨਹੀਂ ਹੋਣਗੇ ਤਾਂ ਇਹ ਗੱਲ ਪੱਕੀ ਤਰ੍ਹਾਂ ਪੱਲੇ ਹੀ ਬੰਨ੍ਹ ਲਵੋ ਕਿ ਗਾਇਕਾਂ ਦਾ ਭਵਿੱਖ ਕਦੇ ਵੀ ਉਚੇਰਾ ਨਹੀਂ ਹੋ ਸਕਦਾ।"



# ਸੱਭਿਆਚਾਰਕ ਗਾਇਕੀ ਨੂੰ ਮੁੜ ਜੀਵਤ ਕਰਨ ਦੀ ਲੋੜ

ਕੋਈ ਵੀ ਗਾਇਕ ਓਨਾ ਚਿਰ ਉੱਚੀਆਂ ਬੁਲੰਦੀਆਂ ਹਾਸਲ ਨਹੀਂ ਕਰ ਸਕਦਾ, ਜਿੰਨਾ ਚਿਰ ਤੱਕ ਉਸ ਨੂੰ ਸੁਚੱਜੇ ਅਤੇ ਸੂਝਵਾਨ ਸਰੋਤਿਆਂ ਦਾ ਸਾਥ ਭਾਵ ਕਿ ਹੁੰਗਾਰਾ ਤੇ ਸਮਰਥਨ ਨਾ ਮਿਲੇ। ਦੂਜੇ ਪਾਸੇ ਇਕ ਗਾਇਕ ਜਦ ਇਕ ਜਾਂ ਵੱਧ ਗਿਣਤੀ ਵਿਚ ਲੱਚਰ ਗੀਤ ਗਾ ਕੇ ਹਿੱਟ ਹੁੰਦਾ ਹੈ ਤਾਂ ਉਸ ਪਿੱਛੇ ਵੀ ਸਰੋਤਿਆਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ।ਜੇਕਰ ਕਿਸੇ ਦੇਸ਼ ਵਿਚ ਕਲਾ ਨੂੰ ਪਰਖਣ ਵਾਲੇ ਉੱਦਮੀਂ ਤੇ ਪ੍ਰਤੱਖ ਸੋਚ ਰੱਖਣ ਵਾਲੇ ਸਰੋਤੇ ਨਹੀਂ ਹੋਣਗੇ ਤਾਂ ਇਹ ਗੱਲ ਪੱਕੀ ਤਰ੍ਹਾਂ ਪੱਲੇ ਹੀ ਬੰਨ੍ਹ ਲਵੋ ਕਿ ਗਾਇਕਾਂ ਦਾ ਭਵਿੱਖ ਕਦੇ ਵੀ ਉਚੇਰਾ ਨਹੀਂ ਹੋ ਸਕਦਾ। ਸੂਚਨਾ ਅਤੇ ਤਕਨਾਲੋਜੀ ਦੇ ਵਿਕਾਸ ਨੇ ਸਮੁੱਚੇ ਵਾਤਾਵਰਨ ਨੂੰ ਏਨਾ ਪ੍ਰਦੂਸ਼ਿਤ ਕਰ ਦਿੱਤਾ ਹੈ ਕਿ ਅੱਜ ਵਿਰਾਸਤੀ ਗਾਇਕੀ ਸਾਡੇ ਤੋਂ ਕੋਹਾਂ ਦੂਰ ਚਲੀ ਗਈ ਹੈ ਅਤੇ ਮਨ ਨੂੰ ਸ਼ਾਂਤੀ ਅਤੇ ਰੂਹ ਨੂੰ ਸਕੂਨ ਪ੍ਰਦਾਨ ਕਰਨ ਵਾਲਾ ਸ਼ਾਸਤਰੀ ਸੰਗੀਤ ਪਤਾ ਨਹੀਂ ਕਿੱਥੇ ਗੁਆਚ ਗਿਆ ਹੈ ਸਾਡੇ ਮਹਾਂਪੁਰਖਾਂ ਦੀ ਸੂਫ਼ੀ ਗਾਇਕੀ ਨੂੰ ਅੱਜ ਦੇ ਅਨੇਕਾਂ ਅਸਲ ਸੰਗੀਤ ਤੋਂ ਅਨਜਾਣ ਜਾਂ ਬੇਮੁੱਖ ਅਖੌਤੀਆਂ ਨੇ ਪੌਪ ਗਾਇਕੀ ਵਿਚ ਤਬਦੀਲ ਕਰ ਛੱਡਿਆ ਹੈ। ਮਿੱਠੇ ਸੁਰ ਚੀਕਾਂ ਦਾ ਰੂਪ ਧਾਰਨ ਕਰ ਚੁੱਕੇ ਹਨ। ਇਹੋ ਜਿਹੀ ਬਦਲ ਰਹੀ ਗਾਇਕੀ ਨੂੰ ਸੂਝਵਾਨ ਸਰੋਤੇ ਹੀ ਨੱਥ ਪਾ ਸਕਦੇ ਹਨ। ਸਰੋਤੇ ਹੀ ਸਹੀ ਅਤੇ ਗ਼ਲਤ ਗਾਇਕੀ ਵਿਚ ਪਰਖ ਕਰਕੇ ਵਿਰਾਸਤੀ ਅਤੇ ਸੱਭਿਆਚਾਰਕ ਪੱਖ ਵਾਲੀ ਗਾਇਕੀ ਨੂੰ ਮੁੜ ਸੁਰਜੀਤ ਕਰ ਸਕਦੇ ਹਨ। ਉਹੀ ਸਹੀ ਪਹਿਰਾਵਾ, ਠੇਠ ਸ਼ਬਦਾਵਲੀ ਦੀ ਵਰਤੋਂ ਕਰਨ ਵਾਲੇ ਗਾਇਕਾਂ ਨੂੰ ਪਹਿਲ ਦੇ ਆਧਾਰ 'ਤੇ ਲੋਕਾਂ ਸਾਹਮਣੇ ਲਿਆ ਸਕਦੇ ਹਨ। ਅਜੋਕੀ ਗਾਇਕੀ ਜਿਹੜੇ ਰਾਹ ਤੁਰ ਪਈ ਹੈ, ਉਸ ਦਾ ਸਮਾਂ ਥੋੜ੍ਹਚਿਰਾ ਹੀ ਹੈ। ਆਸ-ਉਮੀਦ ਕਰੀਏ ਅਤੇ ਜਿੰਨੀ ਵੱਧ ਤੋਂ ਵੱਧ ਚਾਰਾਜੋਈ ਹੋ ਸਕਦੀ ਹੈ ਉਹ ਅਸੀਂ ਸਾਰੇ ਸੁਚੇਤ ਤੇ ਦਲੇਰ ਹੋ ਕੇ ਕਰੀਏ। ਸੂਝਵਾਨ ਸਰੋਤੇ ਹੀ ਇਸ ਅਸੱਭਿਅਕ ਗਾਇਕੀ ਨੂੰ ਨੱਥ ਪਾ ਸਕਦੇ ਹਨ, ਕਿਉਂਕਿ ਅਜਿਹੇ ਗੀਤ ਸੁਣਨ ਵਾਲੇ ਸਰੋਤੇ ਹੀ ਹੁੰਦੇ ਹਨ ਜੋ ਗਾਇਕ ਨੂੰ ਬੁਲੰਦੀਆਂ 'ਤੇ ਪਹੁੰਚਾ ਦਿੰਦੇ ਹਨ। ਜੇ ਅਸੀਂ ਅਜਿਹੇ ਗੀਤ ਤੇ ਅਸ਼ਲੀਲ ਫ਼ਿਲਮਾਂਕਣ ਵਾਲੀਆਂ ਵੀਡੀਓ ਪਸੰਦ ਹੀ ਨਾ ਕਰੀਏ ਤਾਂ ਸੁਭਾਵਿਕ ਹੈ ਕਿ ਗਾਇਕ ਵੀ ਅੱਗੇ ਤੋਂ ਅਜਿਹੇ ਗੀਤ ਬਾਜ਼ਾਰ ਵਿਚ ਪੇਸ਼ ਨਹੀਂ ਕਰੇਗਾ। ਲੱਚਰ ਗੀਤ ਉਦੋਂ ਬੰਦ ਹੋਣਗੇ ਜਦੋਂ ਸਰੋਤਾ ਵਰਗ ਅਜਿਹੇ ਕਲਾਕਾਰਾਂ ਦੇ ਗਾਏ ਗੀਤਾਂ ਨੂੰ ਸੁਣਨਾ ਬੰਦ ਕਰੇਗਾ ਤੇ ਇਨ੍ਹਾਂ ਗੀਤਾਂ ਨੂੰ ਪ੍ਰਸਾਰਨ ਕਰਨ ਵਾਲੇ ਚੈਨਲਾਂ 'ਤੇ ਰੋਕ ਲੱਗੇਗੀ। ਜਦੋਂ ਕੋਈ ਕਲਾਕਾਰ ਦਾ ਗੀਤ ਹੀ ਨਹੀਂ ਸੁਣੇਗਾ ਤਾਂ ਕਲਾਕਾਰ ਆਪੇ ਚੰਗਾ ਗਾਉਣ ਦੀ ਕੋਸ਼ਿਸ਼ ਕਰੇਗਾ। ਜੇ ਕੋਈ ਦੁਕਾਨ 'ਚੋਂ ਸੌਦਾ ਲੈਣ ਵਾਲਾ ਹੀ ਨਾ ਆਇਆ ਤਾਂ ਦੁਕਾਨਦਾਰ ਨੇ ਤਾਂ ਆਪੇ ਹੀ ਆਪਣੀ ਦੁਕਾਨ ਬੰਦ ਕਰਨੀ ਹੈ।



ਅਜੋਕੀ ਗਾਇਕੀ ਵਿਚ ਗਾਇਕਾਂ ਨੇ ਨਾਇਕ ਦੁੱਲਾ ਭੱਟੀ, ਮਿਰਜ਼ਾ, ਜੈਮਲ ਫੱਤਾ ਆਦਿ ਦੀ ਪਹਿਚਾਣ ਨੂੰ ਧੁੰਦਲਾ ਕਰਕੇ ਰੱਖ ਦਿੱਤਾ ਹੈ। ਨੰਗੀਆਂ ਕਿਰਪਾਨਾਂ, ਬੰਦੂਕਾਂ, ਪਿਸਤੌਲਾਂ ਤੇ ਹਥਿਆਰਾਂ ਦੀ ਵਰਤੋਂ ਨੇ ਨੌਜਵਾਨ ਪੀੜ੍ਹੀ ਨੂੰ ਹਿੰਸਾਤਮਕ ਬਣਾ ਕੇ ਰੱਖ ਦੇਣ ਵਿਚ ਕਿਧਰੇ ਵੀ ਕੋਈ ਕਸਰ ਨਹੀਂ ਛੱਡੀ। ਵਿਸ਼ਵੀਕਰਨ ਦੇ ਇਸ ਨਵੇਂ ਸਮਾਜ ਵਿਚ ਢੋਲੇ, ਮਾਹੀਆ, ਵਾਰਾਂ ਅਤੇ ਕਲੀਆਂ ਗਾਉਣ ਵਾਲੇ ਤਾਂ ਅੱਜ ਇਉਂ ਜਾਪਣ ਲੱਗਾ ਹੈ ਜੀਕਣ ਆਪਣੀ ਧਰਤੀ 'ਤੇ ਅਲੋਪ ਹੀ ਹੋ ਗਏ ਹਨ, ਜਿਸ ਨੂੰ ਇਕ ਸੁਚੱਜਾ ਸਰੋਤਾ ਹੀ ਮੁੜ ਸਾਹਮਣੇ ਲਿਆ ਸਕਦਾ ਹੈ। ਨਹੀਂ ਤਾਂ, ਉਹ ਦਿਨ ਦੂਰ ਨਹੀਂ, ਜਿਸ ਦਿਨ ਗਾਇਕੀ ਦੇ ਖੇਤਰ ਵਿਚ ਸਾਡਾ ਸੱਭਿਆਚਾਰ ਗੁਆਚ ਜਾਵੇਗਾ। ਧੜਾ-ਧੜ ਵੱਜ ਰਹੇ ਅਸੱਭਿਅਕ ਗੀਤਾਂ ਨੂੰ ਅੱਜ ਦੀ ਨਵੀਂ ਪੀੜ੍ਹੀ ਹੀ ਇਸ ਤੋਂ ਮੂੰਹ ਫੇਰ ਕੇ ਰੋਕ ਸਕਦੀ ਹੈ।'ਜਿੱਥੇ ਕਠੋਰ ਸਾਧਨਾਂ ਨਾਲ ਹੀ ਇਕ ਚੰਗਾ ਗਾਇਕ ਬਣਿਆ ਜਾ ਸਕਦਾ ਹੈ, ਉੱਥੇ ਏਨਾ ਚੰਗਾ ਸਰੋਤਾ ਬਣਨਾ ਵੀ ਕੋਈ ਸੌਖਾ ਕੰਮ ਨਹੀਂ।' ਇਕ ਵਧੀਆ ਤੇ ਨੇਕ ਸੁਭਾਅ ਦਾ ਸਰੋਤਾ ਹੀ ਅਲੌਕਿਕ ਅਨੰਦ ਦਾ ਅਧਿਕਾਰੀ ਹੁੰਦਾ ਹੈ। ਇਕ ਚੰਗਾ ਸਰੋਤਾ ਹੀ ਬੁੱਧੀ ਤੱਤ, ਰਾਗ ਤੱਤ, ਕਲਾ ਤੱਤ, ਸਮਾਜਿਕ ਅਤੇ ਅਧਿਆਤਮਕ ਤੱਤ ਇਨ੍ਹਾਂ ਸਾਰੇ ਗੁਣਾਂ ਨੂੰ ਸਾਹਮਣੇ ਰੱਖ ਕੇ ਸੱਭਿਆਚਾਰਕ ਗਾਇਕੀ ਨੂੰ ਮੁੜ ਜੀਵਤ ਕਰ ਸਕਦਾ ਹੈ। ਇਸ ਘੋਰ ਦੁਖਦਾਇਕ ਸਥਿਤੀ 'ਚ ਵੀ ਥੋੜ੍ਹੀ ਕੁ ਤਸੱਲੀਦਾਇਕ ਗੱਲ ਇਹ ਹੈ ਕਿ ਕੁਝ ਹੱਦ ਤੱਕ ਡੀ.ਡੀ. ਪੰਜਾਬੀ ਚੈਨਲ ਤੇ ਕਈ ਸੱਭਿਆਚਾਰਕ ਸੰਸਥਾਵਾਂ ਅਜਿਹੀਆਂ ਹਨ ਜਿਨ੍ਹਾਂ ਨੇ ਵਿਸ਼ਵੀਕਰਨ ਦੇ ਇਸ ਦੌਰ ਵਿਚ ਅੱਜ ਵੀ ਆਪਣੇ ਲੋਕ-ਵਿਰਸੇ ਨੂੰ ਸਾਂਭ ਕੇ ਰੱਖਿਆ ਹੋਇਆ ਹੈ। ਜੇਕਰ ਅਸੀਂ ਆਪ ਚੰਗਾ ਸੁਣਾਂਗੇ, ਸੁਚੱਜੇ ਸਰੋਤੇ ਬਣਾਂਗੇ, ਸੱਭਿਆਚਾਰਕ ਗਾਇਕੀ ਦਾ ਪੱਖ ਪੂਰਾਂਗੇ ਤੇ ਆਪਣੀ ਵਿਰਾਸਤ ਨਾਲ ਜੁੜੇ ਹੋਏ ਗਾਇਕਾਂ ਅਤੇ ਗੀਤਕਾਰਾਂ ਨੂੰ ਹੀ ਪ੍ਰਵਾਨ ਕਰਾਂਗੇ ਤਾਂ ਹੀ ਸਾਡਾ ਅਮੀਰ ਤੇ ਮਾਣ ਕਰਨਯੋਗ ਸੱਭਿਆਚਾਰ ਕਾਇਮ ਰਹਿ ਸਕਦਾ ਹੈ। ਲੱਚਰ ਗਾਇਕੀ ਨੂੰ ਬੰਦ ਕਰਵਾਉਣ ਲਈ ਪਹਿਲਾਂ ਸਾਨੂੰ ਆਪ ਸਾਫ਼ ਹੋਣਾ ਪਵੇਗਾ।

ਯੂ-ਟਿਊਬ 'ਤੇ ਜੋ ਲੱਚਰ ਗੀਤ ਹਿੱਟ ਹੁੰਦੇ ਹਨ, ਉਸ ਵਿਚ ਸਾਡਾ ਵੀ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਲੋੜ ਹੈ ਯੂ-ਟਿਊਬ 'ਤੇ ਉਹ ਚੰਗੇ ਗੀਤ ਸੁਣੇ ਜਾਣ, ਜਿਨ੍ਹਾਂ ਦੇ 'ਵਿਯੂਜ਼' ਭਾਵੇਂ ਬਹੁਤ ਘੱਟ ਹੁੰਦੇ ਹਨ।

## ਫਿਲਮ ਸੰਸਾਰ

# ਵੱਡੇ ਕਲਾਕਾਰ ਦੀਆਂ ਠੁਸ ਹੋ ਰਹੀਆਂ ਫ਼ਿਲਮਾਂ

ਕੋਰੋਨਾ ਮਹਾਂਮਾਰੀ ਕਾਰਨ ਪਿਛਲੇ ਢਾਈ ਸਾਲ ਵਿਚ ਜਿਸ ਤਰ੍ਹਾਂ ਦਰਸ਼ਕਾਂ ਨੂੰ ਘਰ 'ਵਿਚ ਰਹਿ ਕੇ ਇੰਟਰਟੇਨਮੈਂਟ ਦੀ ਆਦਤ ਪੈ ਚੁੱਕੀ ਹੈ, ਹੁਣ ਉਹ ਉਸ ਤੋਂ ਬਾਹਰ ਆਉਣਾ ਨਹੀਂ ਚਾਹੁੰਦੇ। ਦਰਸ਼ਕਾਂ ਦੇ ਇਸ ਬਦਲੇ ਹੋਏ ਮਿਜਾਜ਼ ਦੀ ਵਜ੍ਹਾ ਕਰਕੇ ਵੱਡੇ ਅਦਾਕਾਰਾਂ ਦੀਆਂ ਵੱਡੀਆਂ-ਵੱਡੀਆਂ ਫ਼ਿਲਮਾਂ ਇਕ ਤੋਂ ਬਾਅਦ ਇਕ ਟਿਕਟ ਖਿੜਕੀ 'ਤੇ ਮੂਧੇ ਮੂੰਹ ਡਿੱਗ ਰਹੀਆਂ ਹਨ। ਸਲਮਾਨ ਖਾਨ, ਆਮਿਰ ਜਾਂ ਅਕਸ਼ੈ ਕੁਮਾਰ ਵਰਗੇ ਵੱਡੇ ਸਿਤਾਰਿਆਂ ਦੀਆਂ ਫ਼ਿਲਮਾਂ ਨੂੰ ਦਰਸ਼ਕ ਸਿਰੇ ਤੋਂ ਨਕਾਰ ਰਹੇ ਹਨ। ਉਨ੍ਹਾਂ ਦੀ ਬਜਾਏ ਛੋਟੇ ਜਾਂ ਉੱਭਰਦੇ ਕਲਾਕਾਰਾਂ ਦੀਆਂ ਫ਼ਿਲਮਾਂ ਵਿਚ ਦਰਸ਼ਕ ਜ਼ਿਆਦਾ ਦਿਲਚਸਪੀ ਲੈਂਦੇ ਨਜ਼ਰ ਆ ਰਹੇ ਹਨ। ਬਾਲੀਵੁੱਡ ਦੇ ਮੁਕਾਬਲੇ ਦੱਖਣ ਦੀਆਂ 'ਪੈਨ ਇੰਡੀਆ' ਫ਼ਿਲਮਾਂ ਵੀ ਕਾਫ਼ੀ ਚੰਗਾ ਕਰ ਰਹੀਆਂ ਹਨ। ਅਕਸ਼ੈ ਕੁਮਾਰ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਟਿਕਟ ਖਿੜਕੀ 'ਤੇ ਕਲਾਬਾਜ਼ੀਆਂ ਖਾ ਰਹੇ ਹਨ। ਚਾਰ ਸਾਲ ਬਾਅਦ ਬੜੇ ਜੋਸ਼ ਨਾਲ ਸਨਅਤ ਵਿਚ ਵਾਪਸ ਆਏ ਆਮਿਰ ਖਾਨ ਵੀ 'ਲਾਲ ਸਿੰਘ ਚੱਢਾ' ਦੀ ਨਾਕਾਮੀ ਤੋਂ ਬਾਅਦ ਮੂੰਹ ਦੇ ਭਾਰ ਡਿੱਗੇ ਹਨ। ਦਰਸ਼ਕਾਂ ਦੇ ਇਸ ਨਵੇਂ ਰੁਝਾਨ ਤੋਂ ਬਾਅਦ ਬਾਲੀਵੁੱਡ ਵਿਚ ਭੜਥੂ ਪਿਆ ਹੋਇਆ ਹੈ। ਵੱਡੇ ਸਿਤਾਰੇ ਤਾਂ ਬੁਰੀ ਤਰ੍ਹਾਂ ਘਬਰਾਏ ਹੋਏ ਹਨ। ਅੱਜਕਲ੍ਹ ਸਾਰਿਆਂ ਦੇ ਚਿਹਰੇ ਤੋਂ ਹੰਕਾਰ ਵਾਲੇ ਭਾਵ ਗ਼ਾਇਬ ਹਨ ਅਤੇ ਚਿੰਤਾ ਦੀਆਂ ਲਕੀਰਾਂ ਉਨ੍ਹਾਂ ਦੇ ਮੱਥੇ ਅਤੇ ਚਿਹਰੇ 'ਤੇ ਸਾਫ਼ ਨਜ਼ਰ ਆਉਣ ਲੱਗੀਆਂ ਹਨ। ਇਸ ਨਕਾਰੇ ਜਾਣ ਦੇ ਪਿੱਛੇ ਇਕ ਵਜ੍ਹਾ ਕੁਝ ਵੱਡੇ ਸਿਤਾਰਿਆਂ ਦੀਆਂ ਫ਼ਿਲਮਾਂ ਦਾ ਬਾਈਕਾਟ ਵੀ ਰਿਹਾ ਹੈ। ਵੱਡੇ ਸਿਤਾਰਿਆਂ ਦੀਆਂ ਅਤੀਤ ਵਿਚ ਕੀਤੀਆਂ ਗੱਲਾਂ, ਉਨ੍ਹਾਂ ਦੇ ਅਤੇ ਉਨ੍ਹਾਂ ਦੀਆਂ ਆਉਣ ਵਾਲੀਆਂ ਫ਼ਿਲਮਾਂ ਦੇ ਰਾਹ 'ਚ ਰੋੜਾ ਬਣਦੀਆਂ ਜਾ ਰਹੀਆਂ ਹਨ। ਅੱਜ ਕੱਲ੍ਹ ਸੋਸ਼ਲ ਮੀਡੀਆ 'ਤੇ ਕਿਸੇ ਵੀ ਸਟਾਰ ਵਲੋਂ ਅਤੀਤ ਵਿਚ ਕੀਤੀ ਗਈ ਕੋਈ ਨਕਾਰਾਤਮਿਕ ਗੱਲ ਨੂੰ ਮੁੱਦਾ ਬਣਾਉਂਦੇ ਹੋਏ ਉਨ੍ਹਾਂ ਦੀਆਂ ਫ਼ਿਲਮਾਂ ਦੇ ਬਾਈਕਾਟ ਦੀ ਲਹਿਰ ਜਿਹੀ ਚੱਲ ਪਈ ਹੈ।










ਸ਼ੁਰੂ ਵਿਚ ਵੱਡੇ ਸਿਤਾਰਿਆਂ ਨੂੰ ਲੱਗਿਆ ਸੀ ਕਿ ਇਸ ਬਾਈਕਾਟ ਦਾ ਜ਼ਿਆਦਾ ਅਸਰ ਨਹੀਂ ਹੋਵੇਗਾ। ਸ਼ਾਇਦ ਇਹੀ ਵਜ੍ਹਾ ਸੀ ਕਿ ਜਦੋਂ ਆਮਿਰ ਖਾਨ ਦੀ ਫ਼ਿਲਮ 'ਲਾਲ ਸਿੰਘ ਚੱਢਾ' ਦੇ ਬਾਈਕਾਟ ਦਾ ਐਲਾਨ ਹੋਇਆ ਤਾਂ ਆਮਿਰ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਜਿਸ ਦੀ ਮਰਜ਼ੀ ਹੋਵੇ, ਉਹ ਉਨ੍ਹਾਂ ਦੀ ਫ਼ਿਲਮ ਦੇਖੇ ਅਤੇ ਜਿਸ ਨੇ ਨਹੀਂ ਦੇਖਣੀ, ਉਹ ਨਾ ਦੇਖੇ। ਨਤੀਜਾ ਸਾਰਿਆਂ ਦੇ ਸਾਹਮਣੇ ਹੈ। ਬਾਈਕਾਟ ਨੇ ਤਾਂ ਸਾਰਾ ਕਾਰੋਬਾਰ ਹੀ ਚੌਪਟ ਕਰ ਕੇ ਰੱਖ ਦਿੱਤਾ ਹੈ। ਇਸ ਸਾਲ ਪ੍ਰਦਰਸ਼ਿਤ ਹੋਈਆਂ ਫ਼ਿਲਮਾਂ ਵਿਚ 'ਦ ਕਸ਼ਮੀਰ ਫਾਈਲਜ਼', 'ਦਸਵੀਂ', 'ਭੂਲ ਭਲਈਆ-2' ਤੋਂ ਇਲਾਵਾ 'ਪੈਨ ਇੰਡੀਆ' ਫ਼ਿਲਮ 'ਆਰ.ਆਰ.ਆਰ.' ਨੇ ਕਾਫ਼ੀ ਚੰਗਾ ਕਾਰੋਬਾਰ ਕੀਤਾ ਪਰ ਦੂਜੇ ਪਾਸੇ ਅਕਸ਼ੈ ਕੁਮਾਰ ਦੀ 'ਬੱਚਨ ਪਾਂਡੇ', 'ਸਮਰਾਟ ਪ੍ਰਿਥਵੀਰਾਜ' ਅਤੇ 'ਰਕਸ਼ਾ ਬੰਧਨ' ਨੇ ਬੁਰੀ ਤਰ੍ਹਾਂ ਨਿਰਾਸ਼ ਕੀਤਾ। ਨਾ ਚੱਲਣ ਵਾਲੀਆਂ ਫ਼ਿਲਮਾਂ ਦੀ ਸੂਚੀ ਕਾਫ਼ੀ ਲੰਮੀ ਰਹੀ, ਜਿਸ 'ਚ ਸ਼ਾਹਿਦ ਕਪੂਰ ਦੀ 'ਜਰਸੀ', ਟਾਈਗਰ ਸ਼ਰਾਫ ਦੀ 'ਹੀਰੋਪੰਤੀ-2', ਕੰਗਨਾ ਦੀ 'ਧਾਕੜ', ਤਾਪਸੀ ਪੰਨੂੰ ਦੀ 'ਸ਼ਾਬਾਸ਼ ਮਿੱਠੂ', ਰਣਬੀਰ ਕਪੂਰ ਦੀ 'ਸ਼ਮਸ਼ੇਰਾ', ਜਾਨ ਅਬਰਾਹਮ ਅਤੇ ਅਰਜੁਨ ਕਪੂਰ ਦੀ 'ਏਕ ਵਿਲੇਨ ਰਿਟਨਰਜ਼', ਜਾਨ ਦੀਆਂ ਹੀ ਦੂਜੀਆਂ ਫ਼ਿਲਮਾਂ 'ਸਤਿਆਮੇਵ ਜਯਤੇ-2' ਅਤੇ 'ਅਟੈਕ' ਆਦਿ ਤੋਂ ਇਲਾਵਾ ਪਤਾ ਨਹੀਂ ਕਿੰਨੀਆਂ ਹੀ ਫ਼ਿਲਮਾਂ ਸ਼ਾਮਿਲ ਹਨ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



ਭਾਗ -6

# ਅਜਨਬੀ



ਅਲਬੇਅਰ ਕਾਮੂ

ਅਨੁਵਾਦ : ਮਹਿੰਦਰ ਬੇਦੀ, ਜੈਤੋ

ਹੁਣ ਬਾਕੀ ਸਾਰਾ ਦਿਨ ਦਿਮਾਗ਼ ਵਿਚ ਅਪੀਲ ਦੀ ਗੱਲ ਘੁੰਮਦੀ ਰਹਿੰਦੀ। ਜੋ ਕੁਝ ਹੱਥ ਵਿਚ ਸੀ, ਉਸਨੂੰ ਦੇਖਦਿਆਂ ਹੋਇਆਂ, ਉਸੇ ਵਿਚੋਂ, ਵੱਧ ਤੋਂ ਵੱਧ ਉਮੀਦ ਦਿਲਾਸਾ ਨਿਚੋੜ ਲੈਣ ਦੀ ਨੀਅਤ ਨਾਲ ਮੈਂ ਇਕ ਤਰਕੀਬ ਹੋਰ ਸੋਚ ਲਈ। ਮੈਂ ਪਹਿਲਾਂ ਮਾੜੇ ਤੋਂ ਮਾੜੇ ਸਿੱਟੇ ਬਾਰੇ ਸੋਚ ਲੈਂਦਾ ਫੇਰ ਅੱਗੇ ਵਧਦਾ, ਜਿਵੇਂ—ਮੰਨ ਲਓ, ਮੇਰੀ ਅਪੀਲ ਖਾਰਜ ਹੋ ਗਈ ਏ, ਯਾਨੀ ਹੁਣ ਤਾਂ ਮਰਨ ਦੇ ਸਿਵਾਏ ਕੋਈ ਹੋਰ ਚਾਰਾ ਈ ਨਹੀਂ। ਭਾਵ ਹੋਰਨਾਂ ਤੋਂ ਪਹਿਲਾਂ ਬੋਰੀਆ-ਬਿਸਤਰਾ ਸਮੇਟਨਾ ਪਵੇਗਾ। ਇਹੀ ਮੈਂ ਮਨ ਈ ਮਨ ਆਪਣੇ-ਆਪ ਨੂੰ ਚਿਤਾਵਨੀ ਦਿੰਦਾ, 'ਪਰ ਇਹ ਤਾਂ ਬੱਚਾ-ਬੱਚਾ ਜਾਣਦਾ ਏ ਕਿ ਜ਼ਿੰਦਗੀ ਜਿਊਣ ਦੇ ਕਾਬਿਲ ਨਹੀਂ।' ਤੇ ਉਦੋਂ ਮੈਂ ਜ਼ਰਾ ਉਤਾਂਹ ਉੱਠ ਕੇ ਦੇਖਦਾ ਤਾਂ ਲੱਗਦਾ ਕਿ ਆਦਮੀ ਤੀਹ ਦਾ ਮਰੇ ਜਾਂ ਸੱਤਰਾਂ ਦਾ ਹੋ ਕੇ ਮਰੇ, ਇਸ ਨਾਲ ਕੀ ਫਰਕ ਪੈਂਦਾ ਏ ? ਹੋਰ ਔਰਤਾਂ-ਮਰਦ ਤਾਂ ਰਹਿਣਗੇ ਈ-ਦੁਨੀਆਂ ਜਿਵੇਂ ਚੱਲਦੀ ਏ, ਚੱਲਦੀ ਰਹੇਗੀ। ਦੂਜਾ, ਮਰਾਂ ਅੱਜ ਜਾਂ ਅੱਜ ਤੋਂ ਚਾਰ ਸਾਲ ਬਾਅਦ-ਮਰਨਾ ਤਾਂ ਇਕ ਦਿਨ ਹੈ ਈ। ਪਰ ਪਤਾ ਨਹੀਂ ਕਿਉਂ ਇਸ ਤਰ੍ਹਾਂ ਦੇ ਚਿੰਤਨ ਨਾਲ ਜਿੰਨੀ ਸ਼ਾਂਤੀ ਮਿਲਣੀ ਚਾਹੀਦੀ ਸੀ, ਓਨੀਂ ਨਹੀਂ ਸੀ ਮਿਲਦੀ। ਜ਼ਿੰਦਗੀ ਦੇ ਜਿੰਨੇ ਸਾਲ ਜਿਊਂ ਤੇ ਭੋਗ ਕੇ ਕੱਟਣੇ ਨੇ, ਉਹਨਾਂ ਦਾ ਖ਼ਿਆਲ ਈ ਦਿਲ ਵਿਚ ਹੂਕ ਪੈਦਾ ਕਰ ਦਿੰਦਾ ਸੀ। ਖ਼ੈਰ, ਇਸ 'ਤੇ ਤਾਂ ਮੈਂ ਮਨ ਨੂੰ ਤਰਕ-ਵਿਤਰਕ ਕਰਕੇ ਸਮਝਾ ਲੈਂਦਾ-ਸੋਚਦਾ, ਮੰਨ ਲਓ ਇਕ ਦਿਨ ਮੇਰੀ ਉਮਰ ਪੂਰੀ ਹੋ ਗਈ ਤੇ ਮੌਤ ਨੇ ਮੈਨੂੰ ਚਾਰੇ ਪਾਸਿਓਂ ਘੇਰ ਲਿਆ...ਉਦੋਂ ਕੀ ਹੋਵੇਗਾ ? ਅੱਛਾ, ਜਦੋਂ ਇਹੀ ਤੈਅ ਏ ਕਿ ਮੌਤ ਤੋਂ ਕੋਈ ਛੁਟਕਾਰਾ ਨਹੀਂ ਤਾਂ ਫੇਰ ਮੌਤ ਦਾ ਰੂਪ ਭਾਵੇਂ ਕੋਈ ਵੀ ਹੋਵੇ-ਸਿੱਟਾ ਤਾਂ ਉਹੀ ਹੁੰਦਾ ਏ। ਜੋ ਹੋਵੇ, ਮੈਨੂੰ ਆਪਣੀ ਅਪੀਲ ਦੇ ਖਾਰਜ ਹੋ ਜਾਣ ਬਾਰੇ ਸੁਣਨ ਲਈ ਹਰ ਤਰ੍ਹਾਂ ਤਿਆਰ ਰਹਿਣਾ ਚਾਹੀਦਾ ਏ। ਪਰ ਇਸ 'ਜੋ ਹੋਵੇ' ਤੀਕ ਪਹੁੰਚਣ ਦੀ ਤਰਕ-ਪ੍ਰਣਾਲੀ ਨੂੰ ਰਸਤੇ ਵਿਚ ਈ ਭੰਗ ਨਾ ਹੋਣ ਦੇਣਾ, ਕੋਈ ਆਸਾਨ ਕੰਮ ਨਹੀਂ ਸੀ।

ਇਸ ਤਰ੍ਹਾਂ ਜਦੋਂ ਇਹਨਾਂ ਸਾਰੀਆਂ ਸਥਿਤੀਆਂ ਲਈ ਮਨ ਨੂੰ ਤਿਆਰ ਕਰਦਾ ਹੋਇਆ ਮੈਂ ਇਸ ਜਗ੍ਹਾ ਆ ਪਹੁੰਚਦਾ ਉਦੋਂ ਕਿਤੇ ਜਾ ਕੇ ਆਪਣਾ ਇਹ 'ਅਧਿਕਾਰ' ਮੰਨਦਾ, ਯਾਨੀ ਮਨ ਨੂੰ ਏਨੀ ਛੋਟ ਦਿੰਦਾ ਕਿ ਹੁਣ ਦੂਜੀ ਗੱਲ 'ਤੇ ਵਿਚਾਰ ਕਰ ਲਿਆ ਜਾਵੇ ਕਿ ਅੱਛਾ ਮੰਨ ਲਓ ਮੇਰੀ ਅਪੀਲ ਮੰਨ ਲਈ ਗਈ। ਉਸ ਸਮੇਂ ਤਨ ਮਨ ਵਿਚ ਜਿਹੜਾ ਆਨੰਦ ਤੇ ਸੁਖ ਦਾ ਫੁਆਰਾ ਫੁੱਟ ਪਵੇਗਾ, ਅੱਖਾਂ 'ਚੋਂ ਅੱਥਰੂ ਵਹਿਣ ਲੱਗਣਗੇ-ਉਸ ਸਭ ਨੂੰ ਸੰਭਾਲ ਸਕਣਾ ਵੀ ਤਾਂ ਇਕ ਮੁਸੀਬਤ ਹੋਵੇਗੀ। ਪਰ ਭਾਵੇਂ ਜੋ ਵੀ ਹੋਏ, ਪਸਲੀਆਂ ਨੂੰ ਤੋੜ ਕੇ ਬਾਹਰ ਆਉਂਦੇ ਦਿਲ ਉੱਤੇ ਕਾਬੂ ਰੱਖਣ, ਬੇਕਾਬੂ ਹੁੰਦੇ ਮਨ ਨੂੰ ਸੰਭਾਲਨ ਦਾ ਕੰਮ ਤਾਂ ਕਰਨਾ ਈ ਪਵੇਗਾ। ਕਿਉਂਕਿ ਅਪੀਲ ਮੰਨ ਲਓ ਮਨਜ਼ੂਰ ਵੀ ਹੋ ਜਾਵੇ-ਫੇਰ ਵੀ ਇਸ ਤਰ੍ਹਾਂ ਦੀ ਸੰਭਾਵਨਾ ਤੀਕ ਆਉਣ ਲਈ ਵਿਚਾਰਾਂ ਨੂੰ ਤਰਤੀਬ-ਬੱਧ ਤਾਂ ਕਰਨਾ ਈ ਚਾਹੀਦਾ ਏ-ਵਰਨਾ ਅਪੀਲ ਖਾਰਜ ਹੋ ਜਾਣ ਵਾਲੀ ਪਹਿਲੀ ਤਰਕ-ਪ੍ਰਣਾਲੀ ਦੇ ਸਾਹਵੇਂ ਇਸ ਉਮੀਦ ਦਾ ਆਧਾਰ ਬੜਾ ਈ ਲੁੱਟਰ ਲੱਗੇਗਾ। ਇਸ ਤਰ੍ਹਾਂ ਜਦੋਂ ਇਸ ਤਰ੍ਹਾਂ ਮਨ ਨੂੰ ਸਮਝਾ ਲੈਂਦਾ ਉਦੋਂ ਕਿਤੇ ਜਾ ਕੇ ਮਨ ਨੂੰ ਸ਼ਾਂਤੀ ਮਿਲਦੀ। ਸ਼ਾਂਤੀ ਮਿਲਦੀ-ਇਹੀ ਗਨੀਮਤ ਸੀ।

ਇਕ ਵਾਰੀ ਫੇਰ ਜਦੋਂ ਮੈਂ ਪਾਦਰੀ ਨੂੰ ਮਿਲਣ ਤੋਂ ਇਨਕਾਰ ਕੀਤਾ ਸੀ-ਉਹ ਇਸੇ ਸਭ ਉਧੇੜ-ਬੁਣ ਦਾ ਸਮਾਂ ਸੀ। ਮੈਂ ਪਿਆ-ਪਿਆ ਦੇਖ ਰਿਹਾ ਸੀ ਕਿ ਸਾਰੇ ਆਸਮਾਨ ਵਿਚ ਨਰਮ-ਨਰਮ ਸੁਨਹਿਰੀ ਪੈਰਾਂ ਦੇ ਪੰਜੇ ਫ਼ੈਲਾ ਕੇ ਗਰਮੀਆਂ ਦੀ ਠੰਢੀ ਸ਼ਾਮ ਉਤਰਦੀ ਆ ਰਹੀ ਏ। ਮੇਰੀ ਅਪੀਲ ਖਾਰਜ ਹੋ ਚੁੱਕੀ ਸੀ ਤੇ ਮੈਨੂੰ ਇੰਜ ਲੱਗ ਰਿਹਾ ਸੀ ਮੰਨ ਲਓ ਮੇਰੀਆਂ ਨਸਾਂ ਵਿਚ ਦੌੜਦੇ ਖ਼ੂਨ ਦੀ ਗਤੀ ਬੜੀ ਧੀਮੀ ਹੋ ਗਈ ਏ। ਨਹੀਂ, ਮੈਂ ਕਿਸੇ ਪਾਦਰੀ-ਵਾਦਰੀ ਨੂੰ ਨਹੀਂ ਮਿਲਣਾ। ...ਪਤਾ ਨਹੀਂ ਕਿੰਨੇ ਦਿਨ ਹੋ ਗਏ, ਮੈਂ ਕਦੀ ਮੇਰੀ ਬਾਰੇ ਕੁਝ ਨਹੀਂ ਸੋਚਿਆ, ਸੋ ਹੁਣ ਪਤਾ ਨਹੀਂ ਕਿਉਂ ਮੇਰੀ ਦੀਆਂ ਗੱਲਾਂ ਚੇਤੇ ਕਰਨੀਆਂ ਸ਼ੁਰੂ ਕਰ ਦਿੱਤੀਆਂ। ਯੁੱਗ ਬਤੀ ਗਏ-ਉਸਦੀ ਕੋਈ ਚਿੱਠੀ ਨਹੀਂ ਆਈ। ਕੌਣ ਜਾਣੇ ਮੌਤ ਦੀ ਸਜ਼ਾ ਵਾਲੇ ਆਦਮੀ ਦੀ ਪ੍ਰੇਮਿਕਾ ਬਣੀ ਰਹਿਣਾ ਉਸ ਲਈ ਵੀ ਅਸਹਿ ਹੋ ਗਿਆ ਹੋਵੇ...ਜਾਂ ਹੋ ਸਕਦਾ ਏ ਬਿਮਾਰ ਈ ਪੈ ਗਈ ਹੋਵੇ। ਦੁਨੀਆਂ ਵਿਚ ਆਖ਼ਰ ਇਸ ਤਰ੍ਹਾਂ ਦੀਆਂ ਗੱਲਾਂ ਵੀ ਹੋ ਜਾਂਦੀਆਂ ਨੇ। ਪਰ ਮੈਨੂੰ ਪਤਾ ਲੱਗੇ ਤਾਂ ਕਿੰਜ ਲੱਗੇ ? ਸਾਡੇ ਦੋਵਾਂ ਦੇ ਸਰੀਰਾਂ ਨੂੰ ਛੱਡ ਕੇ ਵਿਚਕਾਰ ਕੋਈ ਅਜਿਹਾ ਸੂਤਰ ਵੀ ਤਾਂ ਨਹੀਂ ਏਂ ਜਿਹੜਾ ਦੋਵਾਂ ਨੂੰ ਇਕ ਦੂਜੇ ਦੀ ਯਾਦ ਦਿਵਾਉਂਦਾ ਰਹੇ-ਸੋ ਦੋਵੇਂ ਸਰੀਰ ਹੁਣ ਅਲੱਗ-ਅਲੱਗ ਹੋ ਗਏ ਨੇ। ਹੁਣ ਮੰਨ ਲਓ, ਉਹ ਮਰ ਈ ਗਈ ਹੋਵੇ ਤਾਂ ਉਸਦੀ ਯਾਦ ਨੂੰ ਉੱਤੇ ਲਵਾਂ ਜਾਂ ਹੇਠ ਵਿਛਾਵਾਂ ? ਮਰੀ ਕੁੜੀ ਵਿਚ ਮੈਨੂੰ ਕੀ ਦਿਲਚਸਪੀ ਹੋਵੇਗੀ ? ਆਪਣਾ ਇਸ ਤਰ੍ਹਾਂ ਸੋਚਣਾ, ਮੈਨੂੰ ਬਹੁਤਾ ਅਸੁਭਾਵਿਕ ਵੀ ਨਹੀਂ ਸੀ ਲੱਗਦਾ। ਆਖ਼ਰ ਮੈਂ ਆਪਣੇ ਬਾਰੇ ਵੀ ਤਾਂ ਸੋਚਦਾ ਈ ਸੀ ਕਿ ਮਰਦਿਆਂ ਈ ਲੋਕ ਮੈਨੂੰ ਭੁੱਲ-ਭੱਲ ਜਾਣਗੇ। ਮੈਂ ਤਾਂ ਇਹ ਵੀ ਨਹੀਂ ਕਹਿੰਦਾ ਕਿ ਇਸ ਗੱਲ ਨੂੰ ਹਜ਼ਮ ਕਰ ਸਕਣਾ ਮੁਸ਼ਕਿਲ ਹੋ ਜਾਵੇਗਾ। ਦੁਨੀਆਂ ਵਿਚ ਅਜਿਹੀ ਕਿਹੜੀ ਚੀਜ਼ ਏ, ਜਿਸਦਾ ਆਦਮੀ ਕਦੀ ਨਾ ਕਦੀ ਆਦੀ ਨਹੀਂ ਹੋ ਜਾਂਦਾ ?



ਇੱਥੋਂ ਤੀਕ ਪਹੁੰਚਿਆ ਸੀ ਕਿ ਪਾਦਰੀ ਨੇ ਬਿਨਾਂ ਕੋਈ ਖੜਾਕ, ਆਹਟ ਜਾਂ ਆਵਾਜ਼ ਕੀਤੇ ਅੰਦਰ ਪ੍ਰਵੇਸ਼ ਕੀਤਾ। ਦੇਖ ਕੇ ਮੈਂ ਤ੍ਰਬਕ ਗਿਆ। ਮੈਨੂੰ ਇੰਜ ਤ੍ਰਬਕ ਕੇ ਉਠਦਿਆਂ ਦੇਖ ਕੇ ਈ ਉਹ ਯਕਦਮ ਬੋਲਿਆ, 'ਘਬਰਾਓ ਨਾ, ਮੈਂ ਆਇਆ ਆਂ।' ਮੈਂ ਦੱਸਿਆ ਕਿ ਉਸਦੇ ਆਉਣ ਦਾ ਸਮਾਂ ਸਵੇਰੇ ਹੋਰ ਹੁੰਦਾ ਏ ਤੇ ਉਹ ਮੌਕਾ ਕਾਫੀ ਖ਼ਤਰਨਾਕ ਮੰਨਿਆਂ ਜਾਂਦਾ ਏ। ਪਾਦਰੀ ਇਸ 'ਤੇ ਬੋਲਿਆ ਕਿ ਉਹ ਤਾਂ ਉਂਜ ਈ ਦੋਸਤਾਨਾ ਤੌਰ 'ਤੇ ਆ ਗਿਆ ਏ। ਉਸਦੇ ਆਉਣ ਤੇ ਅਪੀਲ ਖਾਰਜ ਹੋਣ ਵਾਲੀ ਗੱਲ ਦਾ ਆਪੋ ਵਿਚ ਕੋਈ ਸੰਬੰਧ ਨਹੀਂ...ਤੇ ਉਹ ਤਾਂ ਮੇਰੀ ਅਪੀਲ ਬਾਰੇ ਕੁਝ ਜਾਣਦਾ ਵੀ ਨਹੀਂ। ਏਨਾਂ ਦੱਸ ਕੇ ਉਹ ਮੇਰੇ ਸੌਣ ਵਾਲੇ ਤਖ਼ਤ ਉੱਤੇ ਈ ਬੈਠ ਗਿਆ ਤੇ ਮੈਨੂੰ ਵੀ ਆਪਣੇ ਕੋਲ ਈ ਬੈਠ ਜਾਣ ਲਈ ਕਿਹਾ। ਮੈਨੂੰ ਆਦਮੀ ਸ਼ਕਲ ਤੋਂ ਕਾਫੀ ਨਰਮ ਦੇ ਖ਼ੁਸ਼ਮਿਜਾਜ਼ ਲੱਗਾ। ਹਾਲਾਂਕਿ ਮਨ ਵਿਚ ਉਸਦੇ ਖ਼ਿਲਾਫ਼ ਕੁਝ ਵੀ ਨਹੀਂ ਸੀ, ਫੇਰ ਵੀ ਮੈਂ ਮਨ੍ਹਾਂ ਕਰ ਦਿੱਤਾ।

ਪਹਿਲਾਂ ਤਾਂ ਉਹ ਗੋਡਿਆਂ 'ਤੇ ਕੁਹਣੀਆਂ ਰੱਖੀ, ਹੱਥਾਂ ਨੂੰ ਇਕਟੱਕ ਦੇਖਦਾ ਬੁੱਤ ਵਾਂਗ ਬੈਠਾ ਰਿਹਾ। ਹੱਥ ਬੜੇ ਪਤਲੇ ਪਤਲੇ ਤੇ ਸੁਤੇ-ਸੁਤੇ ਜਿਹੇ ਸਨ, ਪਰ ਕਾਫੀ ਮਜ਼ਬੂਤ ਸਨ। ਉਹਨਾਂ ਨੂੰ ਦੇਖ ਕੇ ਮੈਨੂੰ ਦੋ ਛੋਟੇ-ਛੋਟੇ ਫੁਰਤੀਲੇ ਜਾਨਵਰਾਂ ਦਾ ਖ਼ਿਆਲ ਆਇਆ। ਫੇਰ ਉਹ ਆਪਸ ਵਿਚ ਦੋਵੇਂ ਹੱਥੇਲੀਆਂ ਰਗੜਨ ਲੱਗਾ। ਪਰ ਜਿਵੇਂ ਦਾ ਤਿਵੇਂ ਬੈਠਾ ਰਿਹਾ, ਇੱਥੋਂ ਤੀਕ ਕਿ ਕੁਝ ਚਿਰ ਲਈ ਮੈਂ ਭੁੱਲ ਈ ਗਿਆ ਕਿ ਉਹ ਉੱਥੇ ਬੈਠਾ ਏ।

ਅਖ਼ੀਰ ਝਟਕੇ ਨਾਲ ਸਿਰ ਚੁੱਕ ਕੇ ਉਸਨੇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ। ਪੁੱਛਿਆ, 'ਮੈਨੂੰ ਮਿਲਣ ਕਿਉਂ ਨਈਂ ਆਉਣ ਦੇਣਾ ਚਾਹੁੰਦੇ ਸੌਂ ?'

ਮੈਂ ਦੱਸ ਦਿੱਤਾ ਕਿ ਮੈਂ ਈਸ਼ਵਰ ਨੂੰ ਨਹੀਂ ਮੰਨਦਾ।

'ਸੱਚਮੁੱਚ, ਤੁਹਾਨੂੰ ਪੱਕਾ ਵਿਸ਼ਵਾਸ ਏ ?'

ਮੈਂ ਬੋਲਿਆ, 'ਇਸ ਬਾਰੇ ਸਿਰ ਖਪਾਉਣ ਦਾ ਮੈਨੂੰ ਕੋਈ ਸਾਰ ਨਜ਼ਰ ਨਈਂ ਆਉਂਦਾ। ਇਸ ਲਈ ਈਸ਼ਵਰ ਨੂੰ ਮੰਨਾਂ ਜਾਂ ਨਾ ਮੰਨਾਂ, ਇਹ ਸਵਾਲ ਮੇਰੇ ਲਈ ਬੇਕਾਰ ਏ।'

ਇਸ ਪਿੱਛੋਂ ਦੋਵੇਂ ਹੱਥ ਪੱਟਾਂ ਉੱਤੇ ਰੱਖਦੇ ਹੋਏ ਉਸਨੇ ਪਿੱਛੇ ਕੰਧ ਨਾਲ ਢੋਅ ਲਾ ਲਿਆ। ਫੇਰ ਇਸ ਤਰ੍ਹਾਂ ਬੋਲਿਆ ਜਿਵੇਂ ਮੈਨੂੰ ਨਾ ਕਹਿ ਕੇ ਕਿਸੇ ਹੋਰ ਨੂੰ ਕਹਿ ਰਿਹਾ ਹੋਵੇ ਕਿ ਇਕ ਗੱਲ ਉਸਨੇ ਅਕਸਰ ਈ ਦੇਖੀ ਏ। ਅਸਲੀਅਤ ਵਿਚ ਜਦੋਂ ਕਿਸੇ ਆਦਮੀ ਦਾ ਕਿਸੇ ਗੱਲ 'ਚ ਵਿਸ਼ਵਾਸ ਨਹੀਂ ਹੁੰਦਾ, ਉਦੋਂ ਵੀ ਉਸਨੂੰ ਇੰਜ ਲੱਗਦਾ ਏ ਜਿਵੇਂ ਉਸ 'ਚ ਉਸਦਾ ਪੱਕਾ ਵਿਸ਼ਵਾਸ ਏ। ਉਸਦੀ ਇਸ ਗੱਲ 'ਤੇ ਵੀ ਜਦੋਂ ਮੈਂ ਕੁਝ ਨਾ ਬੋਲਿਆ ਤਾਂ ਉਸਨੇ ਮੇਰੇ ਵੱਲ ਦੇਖ ਕੇ ਪੁੱਛਿਆ, 'ਤੁਸੀਂ ਇਹ ਨਈਂ ਮੰਨਦੇ ?'

ਮੈਂ ਕਿਹਾ ਕਿ ਹੋ ਸਕਦਾ ਏ ਇੰਜ ਹੁੰਦਾ ਹੋਵੇ, ਪਰ ਮੈਂ ਤਾਂ ਆਪਣੀ ਬਾਰੇ ਜਾਣਦਾ ਹਾਂ। ਹੋ ਸਕਦਾ ਏ ਮੈਂ ਇਹ ਗੱਲ ਨਾ ਜਾਣਦਾ ਹੋਵਾਂ ਕਿ ਮੇਰੀ ਦਿਲਚਸਪੀ ਕਿਸ ਚੀਜ਼ ਵਿਚ ਏ, ਪਰ ਇਹ ਮੈਂ ਜ਼ਰੂਰ ਜਾਣਦਾ ਹਾਂ ਕਿ ਕਿਸ ਚੀਜ਼ ਵਿੱਚ ਮੇਰੀ ਕਤਈ ਦਿਲਚਸਪੀ ਨਹੀਂ।

ਉਸਨੇ ਨਜ਼ਰਾਂ ਦੂਜੇ ਪਾਸੇ ਫੇਰ ਲਈਆਂ, ਪਰ ਬਿਨਾਂ ਆਸਨ ਬਦਲੇ ਪੁੱਛਿਆ ਕਿ ਕੀ ਮੇਰੇ ਇੰਜ ਕਹਿਣ ਪਿੱਛੇ ਬੇਹੱਦ ਨਿਰਾਸ਼ਾ ਤੇ ਬੇਬਸੀ ਮਹਿਸੂਸ ਕਰਨ ਦੀ ਭਾਵਨਾ ਤਾਂ ਨਹੀਂ ਏਂ ? ਮੈਂ ਉਸਨੂੰ ਸਮਝਾਇਆ ਕਿ ਬੇਬਸੀ ਤੇ ਨਿਰਾਸ਼ਾ ਤਾਂ ਮੈਂ ਕਤਈ ਮਹਿਸੂਸ ਨਹੀਂ ਕਰਦਾ, ਹਾਂ ਡਰ ਜ਼ਰੂਰ ਲੱਗਦਾ ਏ, ਸੋ ਇਹ ਬੜਾ ਸੁਭਾਵਿਕ ਏ।

'ਤਦ ਤਾਂ ਉਸ ਹਾਲਤ ਵਿਚ,' ਉਸਨੇ ਦ੍ਰਿੜ੍ਹ ਆਵਾਜ਼ ਵਿਚ ਕਿਹਾ, 'ਸਿਰਫ਼ ਈਸ਼ਵਰ ਈ ਤੁਹਾਨੂੰ ਬਚਾਅ ਸਕਦਾ ਏ। ਤੁਹਾਡੀ ਅਵਸਥਾ ਵਾਲੇ ਜਿੰਨੇ ਲੋਕ ਮੈਂ ਦੇਖੇ ਨੇ, ਉਹ ਸਭ ਦੁੱਖ ਸਮੇਂ ਈਸ਼ਵਰ ਦੀ ਸ਼ਰਣ ਵਿਚ ਈ ਆਏ ਨੇ।'

ਮੈਂ ਜਵਾਬ ਦਿੱਤਾ, 'ਉਨ੍ਹਾਂ ਨੂੰ ਮਨ ਆਈ ਕਰਨ ਦੀ ਛੂਟ ਏ। ਖ਼ੈਰ ਜੀ, ਮੈਂ ਕਿਸੇ ਤੋਂ ਬਲ਼-ਛਲ਼ ਨਈਂ ਲੈਣਾ। ਤੇ ਜਿਸ ਚੀਜ਼ ਵਿਚ ਮੇਰੀ ਦਿਲਚਸਪੀ ਈ ਨਈਂ...ਉਸ ਵਿਚ ਦਿਲਚਸਪੀ ਲੈਣ ਲਈ ਮੇਰੇ ਕੋਲ ਫੁਰਸਤ ਵੀ ਨਈਂ।'

ਹਿਰਖ ਵੱਸ ਉਸਨੇ ਦੋਵੇਂ ਹੱਥ ਛੰਡੇ ਤੇ ਸਿੱਧਾ ਬੈਠ ਕੇ ਆਪਣੇ ਲਿਬਾਦੇ ਦੀਆਂ ਸਿਲਵਟਾਂ ਠੀਕ ਕਰਨ ਲੱਗਾ। ਜਦੋਂ ਠੀਕ ਕਰ ਚੁੱਕਿਆ ਤਾਂ ਮੈਨੂੰ 'ਦੋਸਤ-ਦੋਸਤ' ਕਹਿ ਕੇ ਫੇਰ ਬੋਲਣਾ ਸ਼ੁਰੂ ਕਰ ਦਿੱਤਾ। ਦੱਸਣ ਲੱਗਾ ਕਿ ਕਿਤੇ ਮੈਂ ਇਹ ਨਾ ਸਮਝਣ ਲੱਗਾਂ ਕਿ ਮੈਨੂੰ ਸਜ਼ਾਏ ਮੌਤ ਮਿਲੀ ਏ, ਇਸ ਲਈ ਉਹ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਿਹਾ ਏ। ਨਹੀਂ, ਬਲਕਿ ਉਸਦਾ ਤਾਂ ਇਹ ਯਕੀਨ ਏ ਕਿ ਧਰਤੀ 'ਤੇ ਰਹਿਣ ਵਾਲੇ ਹਰ ਸਖ਼ਸ਼ ਨੂੰ ਸਜ਼ਾਏ-ਮੌਤ ਮਿਲੀ ਹੋਈ ਏ।

ਇੱਥੇ ਮੈਂ ਉਸਨੂੰ ਟੋਕ ਦਿੱਤਾ, 'ਇਕ ਤਾਂ ਮੇਰੀ ਤੇ 'ਹਰ ਸਖ਼ਸ਼' ਦੀ ਗੱਲ ਇਕੋ ਨਈਂ, ਦੂਜਾ, ਜੇ ਹਰ ਸਖ਼ਸ਼ ਨੂੰ ਸਜ਼ਾਏ-ਮੌਤ ਮਿਲੀ ਹੋਈ ਏ ਤਾਂ ਉਸਦਾ ਮੈਨੂੰ ਕੀ ਭਾਅ ?'

ਉਸਨੇ ਸਿਰ ਹਿਲਾ ਕੇ ਮੇਰੀ ਗੱਲ ਮੰਨੀ ਤੇ ਕਿਹਾ, 'ਅੱਛਾ, ਹੋ ਸਕਦਾ ਏ, ਤੁਹਾਨੂੰ ਇਸਦਾ ਕੋਈ ਭਾਅ ਨਾ ਹੋਵੇ, ਮੰਨ ਲਓ ਤਸੀਂ ਅੱਜ ਨਾ ਮਰੋਂ ਤਾਂ ਕਿਸੇ ਨਾ ਕਿਸੇ ਦਿਨ ਤਾਂ ਮਰੋਂਗੇ ਈ। ਇਹ ਸਵਾਲ ਉਦੋਂ ਵੀ ਉੱਠੇਗਾ। ਉਸ ਵੇਲੇ ਤੁਸੀਂ ਉਸ ਭਿਆਨਕ ਛਿਣ ਦਾ ਸਾਹਮਣਾ ਕਿੰਜ ਕਰੋਗੇ ?'

ਮੈਂ ਬੋਲਿਆ ਕਿ ਜਿਵੇਂ ਇਸ ਸਮੇਂ ਕਰ ਰਿਹਾ ਹਾਂ, ਐਨ ਇਵੇਂ ਈ ਉਸ ਸਮੇਂ ਕਰਾਂਗਾ।

ਇਸ 'ਤੇ ਉਹ ਉੱਠ ਕੇ ਖੜ੍ਹਾ ਹੋ ਗਿਆ ਤੇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਣ ਲੱਗਾ। ਇਸ ਚਾਲਾਕੀ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਮੈਂ ਖ਼ੁਦ ਸੇਲੇਸਤੇ ਤੇ ਇਮਾਨੁਅਲ 'ਤੇ ਇਸਦਾ ਪ੍ਰਯੋਗ ਕਰਕੇ ਇਸਦਾ ਮਜ਼ਾ ਲੈਂਦਾ ਹੁੰਦਾ ਸੀ। ਦਸ ਵਿਚੋਂ ਨੌਂ ਵਾਰੀ ਲੋਕ ਝਿਜਕ ਕੇ ਨਜ਼ਰਾਂ ਚੁਰਾਉਣ ਲੱਗ ਪੈਂਦੇ ਨੇ। ਮੈਂ ਤਾੜ ਗਿਆ ਕਿ ਪਾਦਰੀ ਇਸ ਖੋਜ ਵਿਚ ਮਾਹਰ ਏ, ਉਸਦੀਆਂ ਨਿਗਾਹਾਂ ਵਿਚ ਕਿਤੇ ਕਮੀ ਨਹੀਂ। ਉਸਨੇ ਦ੍ਰਿੜ੍ਹ ਤੇ ਸਪਾਟ ਆਵਾਜ਼ ਵਿਚ ਪੁੱਛਿਆ, 'ਤੁਹਾਨੂੰ ਕਿਧਰੇ ਆਸ ਦੀ ਕਿਰਨ ਨਈਂ ਦਿਖਾਈ ਦਿੰਦੀ ? ਸੱਚਮੁੱਚ ਤੁਹਾਡਾ ਇਹੀ ਵਿਚਾਰ ਏ ਕਿ ਮਰਨ ਪਿੱਛੋਂ ਆਦਮੀ ਬਸ ਮਰ ਜਾਂਦਾ ਏ-ਬਾਅਦ ਵਿਚ ਕੁਛ ਨਈਂ ਰਹਿੰਦਾ ?'

ਮੈਂ ਬੋਲਿਆ, 'ਹਾਂ।'

ਉਸਨੇ ਅੱਖਾਂ ਝੁਕਾ ਲਈਆਂ ਤੇ ਫੇਰ ਬੈਠ ਗਿਆ। ਕਹਿਣ ਲੱਗਾ, 'ਸੱਚਮੁੱਚ ਮੈਨੂੰ ਤੁਹਾਡੇ 'ਤੇ ਬੜਾ ਤਰਸ ਆਉਂਦਾ ਏ। ਜਿਵੇਂ ਤੁਸੀਂ ਸੋਚਦੇ ਓ, ਉਸ ਤਰ੍ਹਾਂ ਸੋਚ ਕੇ ਤਾਂ ਆਦਮੀ ਦਾ ਜਿਊਣਾ ਮੁਹਾਲ ਏ।'

ਹੁਣ ਮੈਨੂੰ ਪਾਦਰੀ ਦੀਆਂ ਗੱਲਾਂ ਤੋਂ ਅਕੇਵਾਂ ਹੋਣ ਲੱਗਾ ਸੀ। ਛੋਟੇ-ਜਿਹੇ ਝਰੋਖੇ ਦੇ ਹੇਠ ਮੋਢਾ ਟਿਕਾਈ ਮੈਂ ਦੂਜੇ ਪਾਸੇ ਦੇਖਦਾ ਰਿਹਾ-ਸੁਣਿਆਂ ਈ ਨਹੀਂ ਕਿ ਉਹ ਕੀ-ਕੀ ਕਹੀ ਜਾ ਰਿਹਾ ਏ। ਉਦੋਂ ਈ ਲੱਗਿਆ ਕਿ ਉਹ ਮੈਨੂੰ ਫੇਰ ਕੁਝ ਪੁੱਛ ਰਿਹਾ ਏ। ਇਸ ਵਾਰੀ ਉਸਦੀ ਆਵਾਜ਼ ਬੜੀ ਕਮਜ਼ੋਰ ਤੇ ਕੰਬਦੀ-ਜਿਹੀ ਸੀ। ਲੱਗਿਆ, ਉਹ ਸੱਚਮੁੱਚ ਦੁੱਖੀ ਹੋ ਗਿਆ ਏ। ਮੈਂ ਕੁਝ ਵਧੇਰੇ ਧਿਆਨ ਨਾਲ ਉਸਦੀਆਂ ਗੱਲਾਂ ਸੁਣਨ ਲੱਗਾ।

ਉਹ ਕਹਿ ਰਿਹਾ ਸੀ ਕਿ ਉਸਨੂੰ ਪੱਕਾ ਵਿਸ਼ਵਾਸ ਏ ਕਿ ਮੇਰੀ ਅਪੀਲ ਮੰਨ ਲਈ ਜਾਵੇਗੀ, ਪਰ ਅਪਰਾਧ ਦਾ ਜਿਹੜਾ ਬੋਝ ਮੇਰੀ ਛਾਤੀ 'ਤੇ ਲੱਦ ਦਿੱਤਾ ਗਿਆ ਏ, ਉਸ ਤੋਂ ਤਾਂ ਮੁਕਤ ਹੋਣਾ ਈ ਪਵੇਗਾ। ਉਸਦੇ ਵਿਚਾਰ ਵਿਚ ਆਦਮੀ ਦਾ ਨਿਆਂ ਕੋਈ ਨਿਆਂ ਨਹੀਂ ਏਂ, ਅਸਲੀ ਨਿਆਂ ਤਾਂ ਈਸ਼ਵਰ ਈ ਕਰਦਾ ਏ। ਉਸੇ ਦਾ ਮਹੱਤਵ ਏ। ਮੈਂ ਦੱਸਿਆ ਕਿ ਸਜ਼ਾਏ-ਮੌਤ ਤਾਂ ਮੈਨੂੰ ਆਦਮੀ ਨੇ ਈ ਦਿੱਤੀ ਏ। 'ਹਾਂ, ਮੈਂ ਮੰਨਿਆਂ, ਤੁਸੀਂ ਠੀਕ ਕਹਿ ਰਹੇ ਓਂ। ਪਰ ਕੀ ਇਸ ਨਾਲ ਤੁਹਾਡੇ ਪਾਪ ਦਾ ਨਿਬਟਾਰਾ ਹੋ ਜਾਵੇਗਾ ?' ਉਦੋਂ ਮੈਂ ਦੱਸਿਆ ਕਿ ਮੈਨੂੰ ਤਾਂ ਕਿਸੇ 'ਪਾਪ' ਦਾ ਪਤਾ ਈ ਨਹੀਂ। ਹਾਂ, ਮੈਂ ਤਾਂ ਏਨਾ ਜਾਣਦਾ ਹਾਂ ਕਿ ਮੈਨੂੰ ਫ਼ੌਜਦਾਰੀ ਦੇ ਮਾਮਲੇ 'ਚ ਮੁਜਰਿਮ ਕਰਾਰ ਦਿੱਤਾ ਗਿਆ। ਸੋ ਸਜ਼ਾ ਵੀ ਉਸ ਅਪਰਾਧ ਦੀ ਭੁਗਤ ਰਿਹਾ ਹਾਂ। ਬਸ, ਇਸ ਨਾਲੋਂ ਵੱਧ ਉਮੀਦ ਕਰਨ ਦਾ ਕਿਸੇ ਨੂੰ ਕੋਈ ਹੱਕ ਨਹੀਂ।

ਉਹ ਯਕਦਮ ਉਠ ਕੇ ਖੜ੍ਹਾ ਹੋ ਗਿਆ। ਹੁਣ ਮੈਂ ਦੇਖਿਆ ਕਿ ਇਸ ਕੋਠੜੀ ਵਿਚ ਹਿਲਣ-ਜੁਲਣ ਲਾਇਕ ਏਨੀ ਈ ਜਗ੍ਹਾ ਏ ਕਿ ਆਦਮੀ ਬਸ ਜਾਂ ਤਾਂ ਬੈਠ ਜਾਵੇ ਜਾਂ ਖੜ੍ਹਾ ਰਹੇ। ਉਹ ਮੇਰੇ ਵੱਲ ਜ਼ਰਾ ਜਿੰਨਾ ਵਧਿਆ ਤੇ ਇਸ ਤਰ੍ਹਾਂ ਰੁਕ ਗਿਆ ਜਿਵੇਂ ਕੋਲ ਆਉਣ ਦੀ ਹਿੰਮਤ ਨਾ ਹੋ ਰਹੀ ਹੋਵੇ। ਮੈਂ ਹੇਠਾਂ ਫਰਸ਼ ਉੱਤੇ ਨਿਗਾਹਾਂ ਟਿਕਾਈਆਂ ਹੋਈਆਂ ਸਨ। ਉਹ ਸਲਾਖ਼ਾਂ ਦੇ ਪਾਰ ਆਸਮਾਨ ਵੱਲ ਦੇਖਣ ਲੱਗਾ।

ਫੇਰ ਬੜੀ ਈ ਗੰਭੀਰ ਆਵਾਜ਼ ਵਿਚ ਬੋਲਿਆ, 'ਨਈਂ ਬੇਟਾ, ਇਹ ਤੁਹਾਡੀ ਭੁੱਲ ਏ। ਤੁਹਾਥੋਂ ਇਕ ਉਮੀਦ ਹੋਰ ਵੀ ਕੀਤੀ ਜਾ ਸਕਦੀ ਏ। ਤੇ ਸ਼ਾਇਦ, ਜ਼ਰੂਰ ਈ ਕੀਤੀ ਜਾਵੇਗੀ।'

'ਕੀ ਮਤਲਬ ?'

'ਤੁਹਾਥੋਂ ਕਿਸੇ ਦੇ ਦਰਸ਼ਨ ਕਰਨ ਦੀ ਉਮੀਦ ਕੀਤੀ ਜਾ ਸਕਦੀ ਏ...।'

'ਕਿਸ ਦੇ ਦਰਸ਼ਨ ਕਰਨ ਦੀ ਉਮੀਦ ?'

ਇਸ 'ਤੇ ਪਾਦਰੀ ਨੇ ਹੌਲੀ-ਹੌਲੀ ਮੇਰੀ ਕੋਠੜੀ ਵਿਚ ਚਾਰੇ-ਪਾਸੇ ਨਿਗਾਹ ਘੁਮਾਈ। ਇਸ ਵਾਰੀ ਜਦੋਂ ਉਹ ਬੋਲਿਆ ਤਾਂ ਉਸ ਦੀ ਆਵਾਜ਼ ਦੀ ਕੰਬਣੀ ਤੋਂ ਮੈਂ ਤ੍ਰਬਕਿਆ। ਉਹ ਕਹਿ ਰਿਹਾ ਸੀ-

'ਇਹ ਪੱਥਰਾਂ ਦੀਆਂ ਕੰਧਾਂ...ਮੈਂ ਇਨ੍ਹਾਂ ਦੇ ਕਣ-ਕਣ ਨੂੰ ਜਾਣਦਾ ਆਂ। ਇਹ ਪੱਥਰਾਂ ਦੀਆਂ ਕੰਧਾਂ...ਆਦਮੀ ਦੇ ਹਉਕੇ-ਸਿਸਕੀਆਂ ਦੇ ਪੀੜ-ਪਰੁੱਚੇ ਅਹਿਸਾਸ ਉੱਤੇ ਚਿਣੀਆਂ ਗਈਆਂ ਨੇ। ਜਦੋਂ-ਜਦੋਂ ਇਨ੍ਹਾਂ ਨੂੰ ਦੇਖਦਾਂ, ਮੇਰਾ ਤਨ-ਮਨ ਆਪਣੇ-ਆਪ ਕੰਬ ਕੇ ਰੋਮਾਂਚਿਤ ਹੋ ਉਠਦਾ ਏ, ਝਣਝਣਾ ਜਾਂਦਾ ਏ। ਪਰ ਵਿਸ਼ਵਾਸ ਕਰਨਾ, ਮੈਂ ਤੈਨੂੰ ਆਪਣੀ ਅੰਤਰ-ਆਤਮਾ ਦੀ ਗੱਲ ਦੱਸ ਰਿਹਾ ਹਾਂ। ਇਹ ਵੀ ਮੈਥੋਂ ਨਈ ਲੁਕਿਆ ਹੋਇਆ ਕਿ ਇਹਨਾਂ ਕੰਧਾਂ ਦੀ ਮਟਮੈਲੀ ਸਤਹਿ ਉੱਤੇ ਤੇਰੇ ਵਰਗੇ ਅਨੇਕਾਂ ਦੁਖਿਆਰੇ ਤੇ ਪਾਤਕੀ ਪ੍ਰਾਣੀਆਂ ਨੇ ਅਕਸਰ ਈ ਉਸ ਅਲੌਕਿਕ ਮੁਖ-ਮੰਡਲ ਨੂੰ ਉਭਰਦੇ ਤੇ ਰੂਪ ਗ੍ਰਹਿਣ ਕਰਦੇ ਦੇਖਿਆ ਏ। ਮੈਂ ਉਸੇ ਮੁਖ-ਮੰਡਲ ਦੀ ਗੱਲ ਕਰ ਰਿਹਾਂ...ਤੂੰ ਉਸੇ ਦੇ ਦਰਸ਼ਨ ਕਰੇਂਗਾ...।'

ਪਹਿਲਾਂ ਤਾਂ ਉਸਦੀ ਇਸ ਗੱਲ ਨਾਲ ਮੇਰਾ ਆਸਨ ਡੋਲਣ ਲੱਗਾ। ਪਰ ਫੇਰ ਮੈਂ ਉਸਨੂੰ ਦੱਸਿਆ ਕਿ ਮੈਂ ਮਹੀਨਿਆਂ ਦਾ ਇਨ੍ਹਾਂ ਕੰਧਾਂ ਨੂੰ ਘੂਰ ਰਿਹਾ ਹਾਂ ਤੇ ਜਿੰਨੀ ਚੰਗੀ ਤਰ੍ਹਾਂ ਇਹਨਾਂ ਦਾ ਸਿਆਣੂ ਹੋ ਗਿਆ ਹਾਂ, ਓਨਾਂ ਸ਼ਾਇਦ ਦੁਨੀਆਂ ਵਿਚ ਕਿਸੇ ਦਾ ਜਾਂ ਇਸ ਵਿਚਲੀ ਕਿਸੇ ਵੀ ਚੀਜ਼ ਦਾ ਸਿਆਣੂ ਨਹੀਂ ਹਾਂ। ਹਾਂ, ਇਕ ਚਿਹਰੇ ਨੂੰ ਸ਼ਾਇਦ ਕਦੀ ਜ਼ਰੂਰ ਇਹਨਾਂ ਕੰਧਾਂ ਵਿਚ ਲੱਭਣ ਦੀ ਕੋਸ਼ਿਸ਼ ਕਰਦਾ ਹੁੰਦਾ ਸੀ, ਪਰ ਉਹ ਚਿਹਰਾ ਤਾਂ ਇਛਾਵਾਂ-ਕਾਮਨਾਵਾਂ ਦੇ ਵੇਗ ਨਾਲ ਪੈਦਾ ਹੋਈ ਸੁਨਿਹਰੀ ਧੁੱਪ ਵਰਗਾ-ਮੇਰੀ ਦਾ ਚਿਹਰਾ ਸੀ। ਕਿਸਮਤ ਵਿਚ ਨਹੀਂ ਸੀ, ਸੋ ਨਹੀਂ ਦੇਖ ਸਕਿਆ। ਹੁਣ ਕੋਸ਼ਿਸ਼ ਵੀ ਛੱਡ ਦਿੱਤੀ। ਵਾਕੱਈ, ਇਨ੍ਹਾਂ ਉੱਤੇ ਮੈਂ ਕਦੀ ਕਿਸੇ ਚੀਜ਼ ਨੂੰ ਉਭਰਦੇ ਜਾਂ ਬਕੌਲ ਉਸਦੇ, 'ਰੂਪ ਗ੍ਰਹਿਣ ਕਰਦੇ' ਨਹੀਂ ਦੇਖਿਆ।

ਪਾਦਰੀ ਬੜੀਆਂ ਡੂੰਘੀਆਂ ਨਜ਼ਰਾਂ ਨਾਲ ਮੇਰੇ ਵੱਲ ਇਕਟੱਕ ਦੇਖਦਾ ਰਿਹਾ। ਮੈਂ ਕੰਧ ਨਾਲ ਢੋਅ ਲਾਈ ਹੋਈ ਸੀ ਤੇ ਰੋਸ਼ਨੀ ਮੱਥੇ 'ਤੇ ਪੈ ਰਹੀ ਸੀ। ਉਹ ਮੂੰਹ ਈ ਮੂੰਹ ਵਿਚ ਪਤਾ ਨਹੀਂ ਕੀ ਬੁੜਬੁੜ ਕਰ ਰਿਹਾ ਸੀ। ਫੇਰ ਅਚਾਨਕ ਉਸਨੇ ਪੁੱਛ ਲਿਆ, 'ਤੈਨੂੰ ਚੁੰਮ ਲਵਾਂ ਨਾ ?' ਮੈਂ ਜਵਾਬ ਦਿੱਤਾ, 'ਜੀ ਨਈਂ...' ਸੁਣ ਕੇ ਉਹ ਘੁੰਮਿਆਂ ਤੇ ਕੰਧ ਕੋਲ ਆ ਗਿਆ। (ਚਲਦਾ)

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



ਰਾਮ ਸਰੂਪ ਅਣਖੀ

# ਬਘੇਲੋ ਸਾਧਣੀ



ਗਲ਼-ਤੇੜ ਕੁੜਤੀ-ਸਲਵਾਰ ਤੇ ਸਿਰ ਦੇ ਵਾਲ਼ਾਂ ਦਾ ਬੰਦਿਆਂ ਵਾਂਗ ਜੂੜਾ ਕਰਕੇ ਦੋ ਗਜ਼ ਚਾਰਖਾਨੇ ਸਮੋਸੇ ਦਾ ਸਾਫ਼ਾ ਬੰਨਿਆ ਹੋਇਆ, ਨੱਕ-ਕੰਨ ਦੀ ਟੂਮ ਕੋਈ ਨਹੀਂ, ਪੈਰੀਂ ਮੋਡੀ ਜੱਤੀ, ਮੋਢੇ ਧਰੀ ਕੰਨ ਤੱਕ ਉੱਚੀ ਡਾਂਗ, ਇਹ ਬਘੇਲੋ ਸਾਧਣੀ ਹੈ। ਉਹਦੇ ਮੂੰਹ 'ਤੇ ਉਹਨੂੰ ਬਘੇਲ ਕੁਰ ਆਖਦੈ ਹਰ ਕੋਈ। ਅੱਗੇ ਜਾ ਰਹੀਆਂ ਦੋ ਮੱਝਾਂ ਤੇ ਇੱਕ ਵੱਛੀ, ਪਿੱਛੇ ਉਹਦਾ ਛੋਟਾ ਪੋਤਾ, ਵੱਡੇ ਮੁੰਡੇ ਦਾ, ਨੱਚਦਾ-ਟੱਪਦਾ, ਥਾਂ ਦੀ ਥਾਂ ਖੜ੍ਹਦਾ ਤੇ ਫੇਰ ਤੁਰ ਪੈਂਦਾ।

ਪਸ਼ੂ ਅਗਾਂਹ ਨਿਕਲ ਗਏ। ਬਘੇਲੋ ਸੱਥ ਵਿੱਚ ਖੜ੍ਹ ਗਈ ਹੈ। ਖੁੰਢ ਉੱਤੇ ਦੋ ਬੰਦੇ ਬੈਠੇ ਹਨ। ਉਹ ਉਨ੍ਹਾਂ ਨਾਲ ਕੋਈ ਗੱਲ ਕਰਦੀ ਹੈ। ਖੜ੍ਹੇ ਹੋਣ ਦਾ ਅੰਦਾਜ਼-ਡਾਂਗ ਦੀ ਇੱਕ ਹੁੱਜ ਖੁੰਢ ਦੇ ਓਟੇ ਨਾਲ, ਦੂਜੀ ਹੁੱਜ ਠੋਡੀ ਹੇਠ। ਡਾਂਗ ਦਾ ਸਿਰਾ ਮੁੱਠੀ ਵਿੱਚ ਘੁੱਟ ਰੱਖਿਆ ਹੈ। ਦੂਜਾ ਹੱਥ ਵੱਖੀ ਉੱਤੇ। ਬੜੇ ਠਰੰਮੇ ਨਾਲ ਗੱਲ ਕਰਦੀ ਹੈ। ਖੁੰਢ ਉੱਤੇ ਬੈਠੇ ਬੰਦੇ ਪੂਰੇ ਗੰਭੀਰ ਹਨ। ਗੱਲ ਮੁਕਾ ਕੇ ਉਹ ਮੱਝਾਂ ਮਗਰ ਤੁਰ ਪੈਂਦੀ ਹੈ। ਸੱਥ ਦੇ ਬੰਦੇ ਉਹਦੀ ਪਿੱਠ ਪਿੱਛੇ ਉਹਦੀ ਕੋਈ ਗੱਲ ਨਹੀਂ ਕਰਦੇ।

ਉਹ ਕਦੇ ਬੜੀ ਚਰਚਿਤ ਔਰਤ ਹੁੰਦੀ ਸੀ। ਹਰ ਮੂੰਹ ਉਹਦੀਆਂ ਗੱਲਾਂ ਕਰਦਾ। ਹਰ ਕੋਈ ਉਹਦੇ ਵੱਲ ਵੱਢ-ਖਾਣੀਆਂ ਅੱਖਾਂ ਨਾਲ ਝਾਕਦਾ। ਹਰ ਕੋਈ ਉਹਨੂੰ ਹੜੱਪ ਕਰ ਜਾਣਾ ਚਾਹੁੰਦਾ, ਪਰ ਹਰ ਕੋਈ ਉਹਤੋਂ ਡਰਦਾ। ਹਰ ਕੋਈ ਆਪਣੀ ਇੱਜ਼ਤ ਬਚਾ ਕੇ ਰੱਖਦਾ।

ਪੇਕਿਆਂ ਦੇ ਪਿੰਡ ਉਹ ਸਾਧ ਦੇ ਡੇਰੇ ਪੜ੍ਹਦੀ ਹੁੰਦੀ। ਹੋਰ ਮੁੰਡੇ-ਕੁੜੀਆਂ ਪੜ੍ਹਦੇ। ਸਭ ਚਿੱਟਾ ਬਾਣਾ ਪਹਿਨਦੇ। ਕੁੜੀਆਂ, ਮੁੰਡਿਆਂ ਵਾਂਗ ਰਹਿੰਦੀਆਂ, ਮੁੰਡਿਆਂ ਵਾਂਗ ਸਿਰ ਦੇ ਵਾਲਾਂ ਦਾ ਜੂੜਾ ਕਰਦੀਆਂ ਤੇ ਪੱਗਾਂ ਬੰਦੀਆਂ। ਬਘੇਲੋ ਸਾਰੀਆਂ ਕੁੜੀਆਂ ਨਾਲੋਂ ਵੱਧ ਹੁੰਦੜ-ਹੇਲ ਸੀ। ਹੱਡਾਂ-ਪੈਰਾਂ ਦੀ ਖੁੱਲ੍ਹੀ ਤੇ ਉੱਚੇ ਕੱਦ ਵਾਲੀ ਲੱਗਦੀ, ਜਿਵੇਂ ਉਹ ਕੋਈ ਭਰ ਜਵਾਨ ਤੇ ਸੋਹਣਾ ਸੁਨੱਖਾ ਮੁੰਡਾ ਹੋਵੇ। ਉਹ ਬੋਲਦੀ ਵੀ ਮੁੰਡਿਆਂ ਵਾਂਗ- 'ਮੈਂ ਨੀ ਜਾਂਦਾ ਅੱਜ, ਪਿੰਡ ਵਿੱਚ ਦੁੱਧ ਲੈਣ ਗੁਜੇ ਨੂੰ।' ਜਾਂ, 'ਬਈ ਮੈਂ ਖਾਊਂਗਾ ਪਹਿਲਾਂ, ਪਰਸ਼ਾਦਿਆਂ ਦੀ ਬੜੀ ਭੁੱਖ ਲੱਗੀ ਹੈ।'

ਡੇਰੇ ਦੇ ਮਹੰਤ ਦੀ ਉਹ ਕੁੰਜੀ ਮੁਖਤਿਆਰ ਬਣ ਗਈ। ਪੰਜ ਕਰੇ, ਪੰਜਾਹ ਕਰੇ, ਮਹੰਤ ਉਹਨੂੰ ਟੋਕਦਾ-ਵਰਜਦਾ ਨਹੀਂ ਸੀ। ਉਹ ਇੱਕ ਅੱਖੋਂ ਕਾਣਾ ਸੀ। ਖ਼ਾਸੀ ਉਮਰ ਦਾ ਹੋ ਚੁੱਕਿਆ ਸੀ। ਧਾਗੇ-ਤਵੀਤ ਦਿੰਦਾ ਤੇ ਵੈਦਗੀ ਵੀ ਕਰਦਾ। ਡੇਰੇ ਨਾਉਂ ਥੋੜ੍ਹੀ ਘਣੀ ਜ਼ਮੀਨ ਵੀ ਸੀ, ਪਰ ਪਿੰਡ ਵਿੱਚ ਮਹੰਤ ਦੀ ਮੰਨਤਾ ਬਹੁਤ ਸੀ। ਵਰਾਂਡੇ ਵਿੱਚ ਕਣਕ ਦੀਆਂ ਬੋਰੀਆਂ ਛੱਤਣ ਨੂੰ ਲੱਗੀਆਂ ਰਹਿੰਦੀਆਂ। ਦੁੱਧ-ਮੱਖਣ ਆਮ ਸੀ। ਲੰਗਰ ਚੌਵੀ ਘੰਟੇ ਖੁੱਲ੍ਹਾ ਰਹਿੰਦਾ। ਤੱਤਾ ਚਾਹੇ ਠੰਢਾ, ਪਰਸ਼ਾਦਾ ਹਰ ਸਮੇਂ ਮਿਲਦਾ। ਰਾਹੀ, ਪਾਂਧੀ ਕੋਈ ਆਉਂਦਾ, ਹਰ ਇੱਕ ਦੀ ਸੇਵਾ ਸੰਭਾਲ ਹੁੰਦੀ।

ਮਹੰਤ ਨਰੈਣ ਦਾਸ ਦਾ ਛੋਟਾ ਭਾਈ ਕਾਕੂ ਦੂਰ ਆਪਣੇ ਪਿੰਡ ਰਹਿੰਦਾ ਤੇ ਖੇਤੀਪੱਤੀ ਦਾ ਕੰਮ ਕਰਦਾ। ਮਹੰਤ ਨੇ ਹੀ ਉਹਦਾ ਵਿਆਹ ਕੀਤਾ। ਉਹਨੂੰ ਹੋਰ ਜ਼ਮੀਨ ਲੈ ਕੇ ਦਿੱਤੀ। ਕਾਕੂ ਇੱਕ ਸੀਰੀ ਰਲਾ ਕੇ ਖੱਬੀਖਾਨ ਵਾਹੀ ਕਰਦਾ ਤੇ ਫੇਰ ਕਾਕੂ ਤੋਂ ਕਾਕਾ ਸਿਉਂ ਅਖਵਾਉਣ ਲੱਗ ਪਿਆ। ਕਾਕੇ ਦੀ ਬਹੂ ਕੋਲ ਦੋ ਕੁੜੀਆਂ ਸਨ। ਉਹ ਪੰਜਾਹਾਂ ਨੂੰ ਢੁੱਕਣ ਵਾਲਾ ਸੀ। ਉਹਦੀ ਬਹੂ ਮੁੰਡਾ ਜੰਮ ਕੇ ਮਰ ਗਈ। ਦੋ ਸਾਲਾਂ ਦਾ ਹੋ ਕੇ ਫੇਰ ਮੁੰਡਾ ਵੀ ਮਰ ਗਿਆ। ਕੁੜੀਆਂ ਉਡਾਰ ਸਨ। ਬੁਰਾ ਹਾਲ ਹੋ ਗਿਆ, ਕਾਕਾ ਸਿਉਂ ਦੇ ਘਰ ਦਾ।ਵਾਹੀ ਦਾ ਕੰਮ ਖੁਚਲ ਗਿਆ। ਉਹਦੀ ਬਹੂ ਉਹਤੋਂ ਪੰਦਰਾਂ ਸੋਲਾਂ ਸਾਲ ਛੋਟੀ ਸੀ। ਇਹ ਸਾਕ ਉਦੋਂ ਵੀ ਉਹਨੂੰ ਮਸਾਂ ਹੋਇਆ ਸੀ। ਹੁਣ ਇਸ ਉਮਰ ਵਿੱਚ ਡੋਲਾ ਕਿਥੋਂ? ਨਰੈਣ ਦਾਸ ਤੋਂ ਭਾਈ ਦਾ ਦੁੱਖ ਝੱਲਿਆ ਨਹੀਂ ਜਾਂਦਾ ਸੀ। ਉਹ ਸਮਝਦਾ, ਕਾਕੂ ਦਾ ਦੁੱਖ ਉਹਦਾ ਆਪਣਾ ਦੁੱਖ ਹੈ। ਉਹ ਹੋਰਾਂ ਲੋਕਾਂ ਦੇ ਕਸ਼ਟ ਨਿਵਾਰਣ ਕਰਦਾ ਸੀ, ਉਹਦਾ ਆਪਣਾ ਮਾਂ ਜਾਇਆ ਦੁਖੀ ਕਿਉਂ ਰਹੇ? ਉਹਦਾ ਤਾਂ ਅੱਧ ਵਿਚਕਾਰ ਬੇੜਾ ਡੁੱਬ ਗਿਆ ਸੀ। ਡੇਰੇ ਦੀ ਮਹੰਤੀ ਕਿਸ ਕੰਮ?

ਤੇ ਫੇਰ ਬਘੇਲੋ ਦੇ ਮਾਪਿਆਂ ਨੇ ਮਹੰਤ ਨਰੈਣ ਦਾਸ ਉੱਤੇ ਉਪਕਾਰ ਕੀਤਾ। ਉਹ ਗਰੀਬ ਜੱਟ ਸਨ। ਜ਼ਮੀਨ ਥੋੜ੍ਹੀ ਸੀ। ਖੇਤੀ ਦਾ ਕੰਮ ਮਸਾਂ ਤੁਰਦਾ। ਜਵਾਕਾਂ ਦੀ ਪੂਰੀ ਪਾਲ। ਪੰਜ ਕੁੜੀਆਂ ਪਿੱਛੋਂ ਦੋ ਮੁੰਡੇ। ਬਘੇਲੋ ਸਭ ਤੋਂ ਵੱਡੀ। ਉਹਦਾ ਬਾਪ ਲਾਲਚ ਕਰ ਗਿਆ। ਅੰਦਰਖਾਤੇ ਉਹਨੇ ਮਹੰਤ ਤੋਂ ਪਤਾ ਨਹੀਂ ਕੀ ਕੁਝ ਲੈ ਲਿਆ ਹੋਵੇਗਾ। ਬਘੇਲੋ ਕਾਕੂ ਨੂੰ ਵਿਆਹ ਦਿੱਤੀ ਗਈ। ਜਿਵੇਂ ਗਾਂ ਦਾ ਰੱਸਾ ਕਿੱਲਿਉਂ ਖੋਲ੍ਹਕੇ ਕਿਸੇ ਤੀਜੇ ਤਿਹਾਕ ਨੂੰ ਫੜਾ ਦਿੱਤਾ ਹੋਵੇ। ਉਸ ਵੇਲੇ ਉਹਦੀ ਉਮਰ ਮਸਾਂ ਵੀਹ ਵਰਿਆਂ ਦੀ ਹੋਵੇਗੀ। ਉਹ ਤਾਂ ਜਿਵੇਂ ਗੁੰਮ-ਸੁੰਮ ਹੋ ਕੇ ਹੀ ਰਹਿ ਗਈ ਹੋਵੇ। ਕੀ ਉਭਾਸਰਦੀ ਉਹ? ਇੱਕ ਪਾਸੇ ਮਾਪਿਆਂ ਦੇ ਘਰ ਦੀ ਮੰਦਹਾਲੀ, ਦੂਜਾ ਆਪਣੇ ਗੁਰੂ ਮਹੰਤ ਨਰੈਣ ਦਾਸ ਦਾ ਨੇਕ-ਹੁਕਮ।

ਕਾਕੂ ਨੇ ਦੂਜਾ ਵਿਆਹ ਕਰਵਾ ਤਾਂ ਲਿਆ, ਚਲੋ ਰੋਟੀ ਪੱਕਦੀ ਹੋ ਗਈ। ਕੁੜੀਆਂ ਕਿੰਨੇ ਕੁ ਸਾਲ ਘਰ ਬੈਠੀਆਂ ਰਹਿੰਦੀਆਂ, ਪਰ ਉਹ ਇਸ ਉਤਾਰ ਉਮਰ ਵਿੱਚ ਮਰਦਾਂ ਜਿਹਾ ਮਰਦ ਨਹੀਂ ਰਹਿ ਗਿਆ ਸੀ। ਥੋਥ ਸੀ, ਝੂਟੀ ਜਾਂਦਾ। ਬਘੇਲੋ ਕੁੜੀਆਂ ਵਿੱਚ ਕੁੜੀ ਬਣ ਕੇ ਰਹਿੰਦੀ। ਉਨ੍ਹਾਂ ਨਾਲ ਹੱਸ ਖੇਡ ਕੇ ਦਿਨ ਨਿੱਕਲ ਜਾਂਦਾ। ਕਾਕਾ ਸੂੰ ਦਾੜ੍ਹੀ ਰੰਗ ਕੇ ਰੱਖਦਾ। ਸਿਆਲਾਂ ਵਿੱਚ ਦੁਆਈਆਂ ਪਾ ਕੇ ਪੰਜੀਰੀ ਰਲਾਉਂਦਾ। ਮਹੰਤ ਨਰੈਣ ਦਾਸ ਉਹਦੇ ਲਈ 'ਤਾਕਤ' ਦੀਆਂ ਗੋਲੀਆਂ ਭੇਜਦਾ। ਕਾਕਾ ਸਿਉਂ ਚਾਹੁੰਦਾ, ਉਹ ਮੁੜ ਕੇ ਅਠਾਰਾਂ ਬਰਸ ਦਾ ਬਣ ਜਾਵੇ। ਉਹ ਸਦਾ ਜਵਾਨ ਰਹਿਣ ਦੀ ਕੋਸ਼ਿਸ਼ ਕਰਦਾ ਰਹਿੰਦਾ। ਬਣ-ਠਣ ਕੇ ਰਹਿਣ ਲੱਗਿਆ, ਪਰ ਸੁੱਕੀ ਲੱਕੜ ਉੱਤੇ ਚਾਹੇ ਘਿਓ ਦੇ ਪੀਪੇ ਮੂਧੇ ਕਰ ਦਿਓ, ਹਰੀ ਨਹੀਂ ਹੁੰਦੀ। ਪੁਰਾਣੇ ਹੱਡਾਂ ਦਾ ਨਵੇਂ ਹੱਡ ਨਾਲ ਕਾਹਦਾ ਮੇਲ। ਤੇ ਫੇਰ ਵੱਢੀ ਬਾਂਹ ਵਾਲੇ ਜੈਮਲ ਦਾ ਉਹਨਾਂ ਦੇ ਘਰ ਪਤਾ ਨਹੀਂ ਕਦੋਂ ਆਉਣ ਜਾਣ ਹੋ ਗਿਆ ਤੇ ਉਹ ਕਿਵੇਂ ਕਾਕਾ ਸਿਉਂ ਦੇ ਐਨਾ ਨੇੜੇ ਹੋ ਗਿਆ। ਜਿਵੇਂ ਕਾਕਾ ਸਿਉਂ ਨੂੰ ਜੈਮਲ ਬਗ਼ੈਰ ਸਾਹ ਨਾ ਆਉਂਦਾ ਹੋਵੇ। ਘਰੇ ਵੀ ਉਹਦੇ ਨਾਲ, ਖੇਤੀ ਵੀ ਉਹਦੇ ਨਾਲ। ਕਾਕਾ ਸਿੰਘ ਕਿਧਰੇ ਗਰਾਂ-ਘੋਹੀ ਜਾਂਦਾ, ਜੈਮਲ ਉਹਦੇ ਨਾਲ ਹੁੰਦਾ। ਜੈਮਲ ਜਿਵੇਂ ਇਸੇ ਘਰ ਵਿੱਚ ਜੰਮਿਆ-ਪਲਿਆ ਹੋਵੇ।

ਜੈਮਲ ਦੇ ਪਿਓ ਕੋਲ ਜ਼ਮੀਨ ਥੋੜ੍ਹੀ ਸੀ। ਦਿਨ ਕੱਟੀ ਜਿਹੀ ਕਰਦਾ ਉਹ। ਜੈਮਲ ਜਦੋਂ ਦਾ ਜੁਆਨ ਹੋਇਆ, ਲੋਕਾਂ ਦੇ ਕੰਮ-ਧੰਦੇ ਕਰਦਾ ਰਹਿੰਦਾ। ਇੱਕੋ ਪੁੱਤ ਸੀ ਮਾਂ ਦਾ। ਪਿਓ ਜਦੋਂ ਥਿਵ ਗਿਆ, ਜੈਮਲ ਇਧਰੋਂ-ਉੱਧਰੋਂ ਦਾਣਾ-ਫੱਕਾ ਇਕੱਠਾ ਕਰਕੇ ਮਾਂ ਨੂੰ ਦਿੰਦਾ ਰਹਿੰਦਾ, ਘਰ ਦਾ ਗੁਜ਼ਾਰਾ ਚੱਲੀ ਜਾਂਦਾ। ਜੈਮਲ ਨੂੰ ਐਬ ਕੋਈ ਨਹੀਂ ਸੀ। ਉਹ ਸ਼ਰਾਬ ਨਹੀਂ ਪੀਂਦਾ ਸੀ। ਮੁੰਡਿਆਂ ਦੀ ਢਾਣੀ ਵਿੱਚ ਬੈਠ ਕੇ ਮੁੰਡਿਆਂ ਵਾਲੀਆਂ ਗੱਲਾਂ ਨਾ ਕਰਦਾ। ਉਹਨਾਂ ਦੀਆਂ ਗੰਦੀਆਂ ਗੱਲਾਂ ਸੁਣਦਾ ਵੀ ਨਾ, ਉੱਠ ਕੇ ਤੁਰ ਜਾਂਦਾ। ਮੁੰਡੇ ਉਹਨੂੰ 'ਮੋਨੀ ਸਾਧ' ਆਖਦੇ ਹੁੰਦੇ। ਕੰਮ ਨੂੰ ਪੂਰਾ ਜ਼ੋਰਾਵਰ ਸੀ।

ਸੰਧੂਆਂ ਦੀ ਘੁਲਾੜੀ 'ਤੇ ਉਹ ਦੋ ਰਾਤਾਂ ਦਾ ਉੱਘਾਇਆ ਸੀ। ਗੱਡਿਆਂ ਦੇ ਗੱਡੇ ਇੱਖ। ਮੁੱਕਣ ਵਿੱਚ ਹੀ ਨਹੀਂ ਸੀ ਆਉਂਦਾ। ਤੀਜੀ ਰਾਤ ਵੀ ਉਹ ਘੁਲਾੜੀ ਵਿੱਚ ਗੰਨੇ ਲਾ ਰਿਹਾ ਸੀ। ਪਤਾ ਨਹੀਂ ਕਦੋਂ ਉਹਦਾ ਖੱਬਾ ਹੱਥ ਗੰਨਿਆਂ ਦੇ ਨਾਲ ਹੀ ਵੇਲਣਿਆਂ ਵਿੱਚ ਚਲਿਆ ਗਿਆ ਤੇ ਫੇਰ ਇੱਕ ਉੱਚੀ ਦਿਲਪਾੜਵੀਂ ਚੀਕ। ਬਲਦ ਹਿੱਕਣ ਵਾਲੇ ਨੇ ਬਲਦ ਥਾਂ ਦੀ ਥਾਂ ਖੜ੍ਹਾ ਲਏ। ਉਹ ਭੱਜ ਕੇ ਜੈਮਲ ਕੋਲ ਆਇਆ। ਉਹ ਬੁਰੀ ਤਰ੍ਹਾਂ ਕਰਾਹ ਰਿਹਾ ਸੀ। ਝੂੰਬੀ ਵਿੱਚ ਗੰਡ ਦੁਆਲੇ ਬੈਠੇ ਬੰਦੇ ਭੱਜ ਕੇ ਆਏ।'

ਓਏ ਕੀ ਹੋ ਗਿਆ... ਓਏ ਕੀ ਹੋ ਗਿਆ...'ਤੇ ਫੇਰ ਬਲਦ ਪਿੱਛੇ ਨੂੰ ਮੋੜੇ ਗਏ, ਪਰ ਭਾਣਾ ਤਾਂ ਬੀਤ ਚੁੱਕਿਆ ਸੀ। ਕੂਹਣੀ ਤੱਕ ਬਾਂਹ ਗੰਨੇ ਦਾ ਫੋਕ ਬਣੀ ਪਈ ਸੀ। ਦੋ ਜਾਣੇ ਉਹਨੂੰ ਮੰਜੇ ਉੱਤੇ ਪਾ ਕੇ ਪਿੰਡ ਲੈ ਗਏ। ਬਾਂਹ ਉੱਤੇ ਸਮੋਸਾ ਬੰਨ੍ਹ ਦਿੱਤਾ ਸੀ। ਪਿੰਡ ਦੇਹੀ ਪ੍ਰਾਈਵੇਟ ਡਾਕਟਰ ਨੂੰ ਜਗਾਇਆ ਗਿਆ। ਅੱਧੀ ਰਾਤ ਹੋ ਚੁੱਕੀ ਸੀ। ਉਹਨੇ ਪੱਟੀਆਂ ਕਰ ਦਿੱਤੀਆਂ ਤੇ ਸੂਆ ਲਾ ਦਿੱਤਾ। ਦਿਨ ਚੜ੍ਹਦੇ ਤੱਕ ਉਹਨੂੰ ਘਰ ਦੀ ਕੱਢੀ ਸ਼ਰਾਬ ਪਿਆਉਂਦੇ ਰਹੇ। ਸਿਤਮ ਇਹ ਕਿ ਉਹ ਉਸ ਦਿਨ ਪਹਿਲੀ ਵਾਰ ਸ਼ਰਾਬ ਪੀ ਰਿਹਾ ਸੀ। ਫੇਰ ਵੀ ਬਾਂਹ ਦੀ ਪੀੜ ਐਨੀ, ਪਹਿਲੇ ਤੋੜ ਦੀ ਸ਼ਰਾਬ ਜਿਵੇਂ ਫੋਕਾ ਪਾਣੀ ਹੋਵੇ। ਮੁੱਕਦੀ ਗੱਲ ਸ਼ਹਿਰ ਦੇ ਸਰਕਾਰੀ ਹਸਪਤਾਲ ਜਾ ਕੇ ਉਹਦੀ ਬਾਂਹ ਕੱਟਣੀ ਪਈ। ਕੂਹਣੀ ਤੱਕ ਸਾਰੀ ਦੀ ਸਾਰੀ ਬਾਂਹ। ਮੁੰਡੇ ਦਾ ਲਹੂ ਜਿਵੇਂ ਤਿੱਪ-ਤਿੱਪ ਕਰਕੇ ਸੁੱਕ ਗਿਆ ਹੋਵੇ। ਝੱਕਰੇ ਜਿੱਡਾ ਮੂੰਹ ਬਾਂਦਰ ਦੀ ਬੂਥੀ ਨਿੱਕਲ ਆਇਆ। ਪਰ ਦਿਨ ਪਾ ਕੇ ਉਹ ਫੇਰ ਭਰਨ ਲੱਗਿਆ। ਨਵਾਂ ਹੱਡ ਸੀ, ਸਰੀਰ ਵਿੱਚ ਬੱਜ ਤਾਂ ਪੈ ਗਈ, ਪਰ ਉਹ ਇਕ ਹੱਥ ਨਾਲ ਵੀ ਪਹਿਲਾਂ ਜਿੰਨਾ ਹੀ ਕੰਮ ਕਰਦਾ। ਉਹਦੀ ਸੱਜੀ ਬਾਂਹ ਜਿਵੇਂ ਲੋਹੇ ਦੀ ਬਣੀ ਹੋਵੇ। ਇੱਕ ਬਾਂਹ ਨਾਲ ਹੀ ਉਹ ਕੌਡੀ ਖੇਡਦਾ। ਟੁੰਡੀ ਬਾਂਹਦੇ ਡੌਲੇ ਹੇਠ ਨੱਪ ਅਗਲੇ ਦੇ ਮੁਰਚੇ ਨੂੰ ਸ਼ਕੰਜੇ ਵਾਂਗ ਕਸ ਲੈਂਦਾ। ਵੱਡੀ ਉਮਰ ਦੇ ਬੰਦੇ ਉਹਨੂੰ ਸ਼ਾਬਾਸ਼ ਦਿੰਦੇ-'ਜੈਮਲ ਤਾਂ ਕਿੱਲ ਆਂਗੂੰ ਠੁਕ ਜਾਂਦੈ।'

ਬਘੇਲੋ ਨੇ ਦੋ-ਦੋ ਸਾਲ ਦੀ ਵਿੱਥ ਨਾਲ ਉੱਪਰੋ-ਥਲੀ ਤਿੰਨ ਪੁੱਤ ਜੰਮੇ। ਤਿੰਨੇ ਪਾਲ ਪੋਸ ਕੇ ਸ਼ੇਰ ਜਵਾਨ ਕੀਤੇ। ਸੌਕਣ ਦੀਆਂ ਦੋਵੇਂ ਧੀਆਂ ਦਾ ਸਾਰਾ ਬਣਤ ਬਣਾਇਆ। ਉਨ੍ਹਾਂ ਨੂੰ ਚੰਗੇ ਘਰੀਂ ਤੋਰਿਆ। ਫੇਰ ਆਪਣੇ ਪੁੱਤ ਵਿਆਹੁਣ ਲੱਗੀ। ਦਿਨ ਪੈਂਦੇ ਗਏ। ਇੱਕ-ਇੱਕ ਕਰਕੇ ਤਿੰਨੇ ਨੂੰਹਾਂ ਘਰ ਆ ਗਈਆਂ। ਫੇਰ ਪੁੱਤਾਂ ਦਾ ਪਰਿਵਾਰ ਵਧਣ ਲੱਗਿਆ। ਮੁੰਡੇ ਇੱਕੱਠੇ ਸਨ। ਮਾਂ ਦੀ ਆਗਿਆ ਵਿੱਚ ਰਹਿੰਦੇ। ਸਿਰਤੋੜ ਕਮਾਈ ਕਰਦੇ ਤੇ ਚੌਥੇ-ਪੰਜਵੇਂ ਵਰੇ ਨਵੀਂ ਭੋਇੰ ਗਹਿਣੇ-ਬੈਅ ਲੈਂਦੇ ਤੁਰੇ ਜਾਂਦੇ।

ਕਾਕਾ ਸਿੰਘ ਮਰ ਗਿਆ ਹੈ। ਤੀਜੇ ਮੁੰਡੇ ਨੂੰ ਵਿਆਹ ਕੇ ਮਰਿਆ। ਮੁੰਡਿਆਂ ਨੇ ਉਹਦਾ ਹਕਾਮਾ ਕੀਤਾ। ਦਾਨ-ਪੁੰਨ 'ਤੇ ਪੂਰਾ ਪੈਸਾ ਲਾਇਆ। ਅਗਵਾੜ ਵਿੱਚ ਕਾਕਾ ਸਿਉਂ ਦੇ ਘਰ ਦੀ ਬੱਲੇ-ਬੱਲੇ ਹੋ ਗਈ।

ਜੈਮਲ ਜਿਊਂਦਾ ਹੈ। ਉਹ ਬਘੇਲੋ ਦੇ ਘਰ ਹੀ ਰਹਿੰਦਾ ਸੀ। ਹੁਣ ਤਾਂ ਉਹ ਵੀ ਖ਼ਾਸਾ ਬੁੜਾ ਲੱਗਦਾ ਹੈ। ਬਘੇਲੋ ਦੇ ਮੁੰਡੇ ਤੇ ਨੂੰਹਾਂ ਉਹਦਾ ਪੂਰਾ ਉਕਰ-ਆਦਰ ਕਰਦੇ ਹਨ। ਚਾਚਾ-ਚਾਚਾ ਹੁੰਦੀ ਰਹਿੰਦੀ ਹੈ। ਉਹਨੂੰ ਮੰਜੇ ਤੇ ਬੈਠੇ ਨੂੰ ਰੋਟੀ-ਟੁੱਕ ਮਿਲਦਾ ਹੈ। ਘਰ ਦੀ ਇੱਕ ਅੱਡ ਬੈਠਕ ਵਿੱਚ ਉਹ ਰਹਿੰਦਾ ਹੈ। ਬੈਠਕ ਦੀ ਅਲਮਾਰੀ ਨੂੰ ਜਿੰਦਰੀ ਲਾ ਕੇ ਰੱਖਦਾ ਹੈ। ਬਘੇਲੋ ਦੇ ਪੋਤੇ ਪੋਤੀਆਂ ਜੈਮਲ ਦੇ ਅੱਗੇ-ਪਿੱਛੇ ਰਹਿੰਦੇ ਹਨ ਤੇ ਰੋ-ਪਿੱਟ ਕੇ ਉਹਦੇ ਕੋਲੋਂ ਪੈਸੇ ਲੈ ਜਾਂਦੇ ਹਨ। ਕਦੇ-ਕਦੇ ਕੋਈ ਭਤੀਜਾ ਬੈਠਕ ਵਿੱਚ ਆ ਕੇ ਉਹਤੋਂ ਕੋਈ ਨੇਕ-ਸਲਾਹ ਲੈਣ ਲੱਗਦਾ ਹੈ।

ਬਘੇਲੋ ਹੀ ਜਾਣਦੀ ਹੈ, ਰੰਡੇਪੇ ਜਿਹਾ ਸੁਹਾਗ ਉਹ ਕਿਵੇਂ ਹੰਢਾਇਆ। ਸ਼ੇਰਾਂ ਦੇ ਮੂੰਹ ਵਿੱਚ ਰਹਿ ਕੇ ਉਹ ਕਿਵੇਂ ਆਪਣੀ ਜਾਨ ਬਚਾਈ ਰੱਖਦੀ ਸੀ।

ਪਹਿਲਾਂ-ਪਹਿਲਾਂ ਤਾਂ ਇਹੀ ਦੁਰ-ਚਰਚਾ ਕਿ ਉਹ ਨੰਗੇ-ਮੂੰਹ ਰਹਿੰਦੀ ਹੈ, ਕਿਸੇ ਬੁੱਢੇ-ਠੇਰੇ ਦੀ ਕੋਈ ਸੰਗ-ਸ਼ਰਮ ਨਹੀਂ, ਪਸ਼ੂਆਂ ਨੂੰ ਬੰਦਿਆਂ ਵਾਂਗ ਗਾਲ੍ਹਾਂ ਕੱਢਦੀ ਹੈ।

ਫੇਰ ਉਹਨੂੰ ਸੁਣਾਅ-ਸੁਣਾਅ ਲੋਕ ਬੋਲੀਆਂ ਮਾਰਦੇ। ਕੋਈ ਆਖਦਾ- ਕਾਣੇ ਨੇ ਆਵਦੀ ਜੂਠੀ ਬਾਟੀ ਐਥੇ ਵਗਾਹ ਮਾਰੀ। ਚੱਟੀ ਜਾਂਦੈ ਕਾਕੂ ਧੌਲ ਦਾੜ੍ਹੀਆ।

'ਓਏ ਧੌਲ-ਦਾੜ੍ਹੀਆ ਤਾਂ ਘਰ-ਬਾਰੀ ਐ, ਬਸ। ਬਾਟੀ ਨੂੰ ਤਾਂ ਟੁੰਡਾ ਮਾਂਜਦੈ।'

'ਖੰਡ ਦੀ ਬੋਰੀ ਐ, ਤੈਨੂੰ ਕੀ ਡਰ ਐ ਕੋਈ, ਤੂੰ ਮਾਰ ਲੈ ਫੱਕਾ।' ਪਹਿਲਾ ਦੂਜੇ ਨੂੰ ਸਮਝੌਤੀ ਦਿੰਦਾ।

ਤੇ ਫੇਰ ਦੋਵੇਂ ਮੁਸਕੜੀਏਂ ਹੱਸਣ ਲੱਗਦੇ। ਬਘੇਲੋ ਕੁਝ ਨਾ ਬੋਲਦੀ, ਕੁਝ ਨਾ ਆਖਦੀ। ਜਿਵੇਂ ਉਹਨੂੰ ਕੋਈ ਗੱਲ ਸੁਣੀ ਹੀ ਨਾ ਹੋਵੇ।

ਕਦੇ ਉਹ ਖੇਤ ਨੂੰ ਜਾ ਰਹੀ ਹੁੰਦੀ, ਕਾਕਾ ਸਿਉਂ ਦਾ ਕੋਈ ਹਾਣੀ ਬੰਦਾ ਪੈਰ ਪੁੱਟ ਕੇ ਉਹਦੇ ਨਾਲ ਜਾ ਰਲਦਾ ਤੇ ਉਹਨੂੰ ਗੱਲੀਂ ਪਾ ਲੈਂਦਾ। ਏਧਰ-ਉਧਰ ਦੀਆਂ ਮਾਰ ਕੇ ਆਪਣੀ ਜਾਣ 'ਚ ਫੇਰ ਉਹ ਮਿੱਠੀ ਚਹੇਡ ਕਰਦਾ- 'ਬਘੇਲ ਕੁਰੇ, ਭਾਈ ਤਾਂ ਸਾਡਾ ਹੁਣ ਹਾਰ ਗਿਆ ਲੱਗਦੈ।'

'ਐਵੇਂ ਲੱਗਦੈ, ਓਹਿਆ ਜ੍ਹਾ ਈ ਪਿਐ। ਡਾਲ ਨੀ ਵਿਗੜਿਆ ਉਹਦਾ ਤਾਂ।' ਅਗਲੇ ਵੱਲ ਉਹ ਕੌੜੀ ਅੱਖ ਨਾਲ ਝਾਕਦੀ ਤੇ ਫੇਰ ਉਹ ਅਗਲੀ ਗੱਲ ਕਹੇ ਬਗੈਰ ਉਹਦੇ ਕੋਲੋਂ ਪਾਸਾ ਵੱਟਣ ਦੀ ਕਰਦਾ। ਉਹ ਅੱਗੇ ਜਾਂਦੇ ਆਪਣੇ ਡੰਗਰ-ਪਸ਼ੂਆਂ ਨੂੰ ਤਿੱਖੀਆਂ ਗਾਲ੍ਹਾਂ ਕੱਢਣ ਲੱਗਦੀ।

ਇੱਕ ਦਿਨ ਅਗਵਾੜ ਦਾ ਕਰੜ-ਬਰੜੀ ਦਾੜ੍ਹੀ ਵਾਲਾ ਇੱਕ ਬੰਦਾ ਉਹਨੂੰ ਕਹਿੰਦਾ- 'ਸਾਡਾ ਦੱਸ ਕੀ ਭੁੰਨ ਕੇ ਬੀਜਿਆ ਹੋਇਐ, ਸਾਡੇ ਨਾਲ ਤੂੰ ਗੱਲ ਈ ਨੀਂ ਕਰਦੀ, ਟੁੰਡਾ ਸਾਲਾ ਤੀਜੇ ਗਵਾੜੋਂ।' 'ਆਵਦੀ ਇੱਜ਼ਤ ਆਵਦੇ ਕੋਲ ਰੱਖ, ਭਲਿਆਮਾਣਸਾ।ਮੈਂ ਕੰਜਰੀ ਤਾਂ ਹੈ ਨ੍ਹੀਂ ਬਈ...ਦਾੜ੍ਹੀ ਪੱਟ ਕੇ ਹੱਥ ਵਿੱਚ ਫੜਾ ਦੂੰਗੀ।' ਉਹ ਪੈਰ ਗੱਡ ਕੇ ਖੜ੍ਹੀ ਬੋਲ ਰਹੀ ਸੀ।

ਤੇ ਫੇਰ ਹੋਰ ਇੱਕ ਦਿਨ, ਉਹ ਖੇਤੋਂ ਆ ਰਹੀ ਸੀ। ਹੱਥ ਵਿੱਚ ਡਾਂਗ, ਸਿਰ ਉੱਤੇ ਚਾਰੇ ਦੀ ਭਰੀ। ਇੱਕ ਬੰਦਾ ਉਹਦੇ ਮਗਰ-ਮਗਰ ਚੁੱਪ-ਚਪੀਤਾ ਤੁਰਿਆ ਆਵੇ। ਮਗਰੋਂ ਪੈੜ-ਚਾਲ ਸੁਣ ਕੇ ਬੁਘੇਲੋ ਨੇ ਗਰਦਨ ਭੰਵਾਈ। ਉਹ ਦੂਜੇ ਅਗਵਾੜ ਦਾ ਇੱਕ ਲੰਡਰ ਮੁੰਡਾ ਸੀ। ਪਤਾ ਨਹੀਂ ਕਿੱਧਰੋਂ ਆ ਰਿਹਾ ਸੀ। ਪਹਿਲਾਂ ਵੀ ਉਹ ਦੋ-ਤਿੰਨ ਵਾਰੀ ਉਹਦੇ ਵੱਲ ਮੈਲ਼ੀ ਅੱਖ ਨਾਲ ਝਾਕਦਾ ਉਹਨਾਂ ਦੇ ਘਰ ਮੂਹਰ ਦੀ ਲੰਘਿਆ ਸੀ। ਜਦੋਂ ਹੀ ਕੱਸੀ ਦੇ ਵੱਡੇ ਖਾਲ਼ ਕੋਲ ਉਹ ਆਈ, ਉਹ ਆਪ ਵੀ ਪਹੇ ਵਿੱਚ ਡਿੱਗ ਪਈ ਸੀ। ਮੁੰਡਾ ਉਹਦੇ ਨਾਲ ਗੁੱਥਮ-ਗੁੱਥਾ ਹੋ ਗਿਆ। ਉਹਨੂੰ ਡੌਲਿਓਂ ਫੜ ਕੇ ਖਾਲ਼ ਵੱਲ ਖਿੱਚ ਰਿਹਾ ਸੀ। ਬਘੇਲੋ ਨੇ ਬਥੇਰਾ ਗਾਲ਼ਾਂ ਕੱਢੀਆਂ, ਉੱਚੀਆਂ ਚੀਕਾਂ ਮਾਰੀਆਂ, ਬਈ ਕੋਈ ਸੁਣ ਲਵੇ। ਮੁੰਡਾ ਉਹਤੋਂ ਤਕੜਾ ਵੀ ਨਹੀਂ ਸੀ, ਪਰ ਉਹਦਾ ਖਹਿੜਾ ਨਹੀਂ ਛੱਡ ਰਿਹਾ ਸੀ। ਬਘੇਲੋ ਨੇ ਪਰ੍ਹਾਂ ਪਈ ਡਾਂਗ ਦੇਖੀ। ਆਪਣੇ-ਆਪ ਨੂੰ ਉਹਦੇ ਕੋਲੋਂ ਛੁਡਾ ਕੇ ਉਹ ਡਾਂਗ ਵੱਲ ਭੱਜੀ।ਅਗਲੇ ਬਿੰਦ ਮੁੰਡੇ ਦਾ ਮੱਥਾ ਪਾੜਿਆ ਗਿਆ ਸੀ। ਧਰਤੀ ਉੱਤੇ ਪਿਆ ਉਹ ਮੱਛੀ ਵਾਂਗ ਤੜਫ਼ ਰਿਹਾ ਸੀ। ਬਘੇਲੋ ਨੇ ਦੋ ਡਾਂਗਾਂ ਉਹਦੇ ਗਿੱਟਿਆਂ ਉੱਤੇ ਵੀ ਜੜ ਦਿੱਤੀਆਂ ਸਨ ਤੇ ਫੇਰ ਉਹਨੇ ਆਪ ਹੀ ਆਪਣੀ ਭਰੀ ਚੁੱਕੀ, ਭੁੰਜੇ ਪਈ ਡਾਂਗ ਨੂੰ ਪੈਰ ਨਾਲ ਖੜ੍ਹਾ ਕੀਤਾ, ਮੁੰਡੇ ਉੱਤੇ ਥੱਕਿਆ ਤੇ ਆਰਾਮ ਨਾਲ ਆਪਣੇ ਰਾਹ ਤੁਰਨ ਲੱਗੀ। ਉਹ ਦਿਨ ਸੋ ਉਹ ਦਿਨ, ਮੁੜਕੇ ਕੋਈ ਬੰਦਾ ਬਘੇਲੋ ਵੱਲ ਮਾੜੀ ਨਿਗਾਹ ਨਾਲ ਝਾਕਿਆ ਤੱਕ ਨਹੀਂ।

## ਕਲਮਾਂ ਦੇ ਜਜ਼ਬਾਤ



## ਨਿਰਪੱਖ ਸੋਚ ਵਾਲੇ

ਗਗਨਦੀਪ ਸਿੰਘ ਸਰਾਂ
ਮੋ.ਨੰ. 9814510030

ਅੱਜ ਸੁਬਹ ਅਖ਼ਵਾਰ ਦੇ ਪੰਨੇ ਦੇਖ ਮੈਂ ਹੈਰਾਨ ਹੋ ਗਿਆ,
ਅੱਜ ਇਹ ਅਖ਼ਵਾਰ ਨਹੀਂ ਸੀ ਲੱਗ ਰਹੀ ਮੈਂ ਪ੍ਰੇਸ਼ਾਨ ਹੋ ਗਿਆ,
ਅੱਜ ਇਸਦੇ ਵਿੱਚ ਧਰਮ ਦੇ ਨਾਂ ਕਿਸੇ ਖ਼ੂਨ ਖ਼ਰਾਬਾ ਕਰਿਆ ਹੀ ਨਹੀਂ ਸੀ,
ਫਿਰਕੂ ਸੋਚ ਦਾ ਸੂਰਜ ਕਿਸੇ ਸ਼ਹਿਰ ਤੋਂ ਚੜ੍ਹੀਆਂ ਹੀ ਨਹੀਂ,
ਕਰ ਮੁਦਿਆਂ ਦੀ ਬਰਸਾਤ ਬੱਦਲ ਕੋਈ ਵਰ੍ਹਿਆਂ ਹੀ ਨਹੀਂ,
ਜੋ ਵਜੀਰ ਨੇ ਸਭ ਮੁਖਤਿਆਰ ਜੁਮਲਾ ਉਨ੍ਹਾਂ ਤੋਂ ਕੋਈ ਬਣਿਆ ਹੀ ਨਹੀਂ,
ਕੋਈ ਮਾਂ ਦਾ ਸੋਹਣਾ ਪੁੱਤ ਨਸ਼ੇ ਨਾਲ ਮਰਿਆ ਹੀ ਨਹੀਂ,
ਜੋ ਕਰਦੇ ਸੀ ਖਬਰਾਂ ਦਾ ਵਪਾਰ ਮੁੱਲ ਉਨ੍ਹਾਂ ਕੋਈ ਕਰਿਆ ਹੀ ਨਹੀਂ,
ਜਿਨ੍ਹਾਂ ਦੀ ਸੋਚ 'ਚ ਵੀ ਸੀ ਬਲਾਤਕਾਰ ਉਨ੍ਹਾਂ ਕੋਈ ਕਾਰਾ ਕਰਿਆ ਹੀ ਨਹੀਂ,
ਜੋ ਸੀ ਕਿਸਾਨ ਇਕ ਪਾਲਣਹਾਰ ਫਾਹਾ ਲੈ ਮਰਿਆ ਹੀ ਨਹੀਂ,
ਅੱਜ ਇੱਕ ਖਾਸ ਜਿਹੀ ਖ਼ਬਰ 'ਦੀਪ' ਉੱਤੇ ਛੱਪ ਗਈ,
ਉਸ ਲਿਖਿਆ ਏ ਕੰਧ ਕੌਮਾਂ ਤੇ ਧਰਮਾਂ ਵਾਲੀ ਢੱਠ ਗਈ,
ਲੰਮੇ ਸਮੇਂ ਤੋਂ ਬੱਝੀ ਕਾਲੀ ਪੱਟੀ, ਕਾਨੂੰਨ ਦੀ ਲੱਥ ਗਈ,
ਵੱਡੇ ਅੱਖਰਾਂ 'ਚ ਛਪਿਆ ਉਹ ਵੀ ਅੱਜ ਹੈ ਲੱਥ ਗਈ,
ਜੋ ਉਗਲਦਾ ਸੀ ਜ਼ਹਿਰ ਹਾਕਮ ਬੈਠ ਦਿੱਲੀ ਤਖ਼ਤ ਉੱਤੇ,
ਪੰਜਾਬ ਉੱਤੋਂ ਵੀ ਉਸਦੀ ਨਜ਼ਰ ਹੁਣ ਹੱਟ ਗਈ,
ਮੈਂ ਵੀ ਖੁਸ਼ ਹਾਂ ਕੇ ਅੱਜ ਕੋਈ ਪੰਨਾ ਮੇਰਾ ਖ਼ੂਨੀ ਨਹੀਂ ਹੋਇਆ,
ਤੇ ਮੇਰੀ ਸਿਆਹੀ ਵੀ ਲਿਖ ਸੋਹਬਤਾ ਬੜੀ ਹੀ ਹੱਸ ਪਈ,
ਕਹਿੰਦੀ ਜੇ ਇਨਸਾਨ ਨੇ ਬਦਲਿਆ ਹੈ ਨਵਾਂ ਰਸਤਾ ਆਪਣੀ ਸੋਚ ਵਾਲਾਂ,
ਤਾਂ ਮੇਰੇ ਉਪਰੋਂ ਵੀ ਮੈਲ ਤੋਹਮਤਾਂ ਵਾਲੀ ਲੱਥ ਗਈ,
ਨਿਰਪੱਖ ਜਿਹੇ ਸੋਚ ਵਾਲੇ ਹੁਣ ਮੇਰੇ ਹੈ ਕਲਮਕਾਰ ਹੋਏ,
ਜਿਨ੍ਹਾਂ ਇਕੋ ਅੱਖੇ ਦੇਖਣ ਵਾਲੀ ਸਭ ਨੂੰ ਹੈ ਨੀਤ ਰੱਖ ਲਈ,

# ਕਾਵਿ ਸੰਸਾਰ

## ਚਲਦੇ ਚਲਦੇ 'ਅਖਬਾਰ'

ਬਲਵੰਤ ਸਾਨੀਪੁਰ ਆਸਟਰੇਲੀਆ

ਹਰ-ਰੋਜ਼ ਅਖਬਾਰ ਆਉਂਦਾ ਹੈ
ਮੈਨੂੰ ਆ ਜਗਾਉਂਦਾ ਹੈ,
ਪੜ੍ਹਨ ਲਗਦਾ ਹਾਂ ਪਹਿਲਾ ਸਫ਼ਾ
ਯੂ.ਐਨ.ਓ ਪਾਸ ਕੀਤਾ ਮਤਾ
ਬਚਾਉ, ਧਰਤ ਪਾਣੀ ਹਵਾ।
ਦੇਸ਼ਾਂ ਦੇ ਮੁਖੀਆਂ ਦੀ ਰੱਦੋਬਦਲ
ਲੋਕਾ ਤੇ ਬਜਟ ਦਾ ਭਾਰ
ਵਿਰੋਧੀ ਧਿਰ ਦਾ ਪਲਟ ਵਾਰ
ਕੁਦਰਤੀ ਕਹਿਰ,
ਟਰਨਾਡੋ, ਸੁਨਾਮੀ, ਭੁਚਾਲ਼,
ਫੱਟਦੇ ਜੁਆਰ,
ਲੋਕਾਂ ਤੇ ਕਰੋਨਾ ਦੀ ਮਾਰ
ਜੀਵਨ ਦਾ ਹੁੰਦਾ ਘਾਣ।
ਪਲਟ ਸਫਾ ਪੜ੍ਹਦਾ ਹਾਂ
ਚੋਰਾਂ, ਚੋਰਾਂ ਨੂੰ ਚੋਰੀ ਕਰਦੇ ਘੇਰਿਆ
ਰਿਸ਼ਵਤਖੋਰਾਂ, ਰਿਸ਼ਵਤ ਖੋਰ ਨੂੰ
ਰੰਗੇ-ਹੱਥੀ ਫੜਿਆ
ਵਿਗੜਦੀ ਆਰਥਿਕਤਾ ਦਾ ਰੋਣਾ ਧੋਣਾ
ਦੋਸ਼ੀ ਕੌਣ ਕੌਣ ?
ਹੜ੍ਹਾਂ ਦੇ ਮਰੇ ਲੋਕਾਂ,
ਉਜੜੇ ਘਰਾਂ
ਕਰਜ਼ਾਈ ਕਿਸਾਨਾਂ ਦੀ ਦਾਸਤਾਂ,
ਬਿਮਾਰੀਆ ਹੱਥੋ ਬੇ-ਹਾਲ ਸੰਸਾਰ,
ਭੁੱਖ-ਮਰੀ ਆਤਮ ਹੱਤਿਆਵਾਂ ਦੀਆਂ ਖਬਰਾਂ
ਆਦਮੀ ਵੱਲੋਂ ਖਿੱਚੀਆਂ ਜ਼ਮੀਨੀ ਲਕੀਰਾਂ
'ਤੇ ਠੂ-ਠਾਹ,
ਖੁੰਭਾਂ ਵਾਂਗੂੰ ਉੱਗੇ ਅਖੌਤੀ ਲੀਡਰਾਂ ਦੀਆਂ ਧਮਕੀਆਂ,
ਬੱਸਾਂ ਦੇ ਅੱਡਿਆਂ, ਰੇਲ ਦੇ ਡੱਬਿਆਂ
'ਚੋਂ ਬੰਬ ਧਮਾਕੇ,
ਮਸੂਮਾਂ ਦੇ ਮਰਦੇ ਸੁਪਨੇ ,
ਵੱਖ ਵੱਖ ਯੂਨੀਅਨਾਂ ਦੇ ਧਰਨੇ
ਭੀੜ ਵੱਲੋਂ ਪੱਥਰਾਂ
ਪੁਲਿਸ ਦੀਆਂ ਲਾਠੀਆਂ,
ਅੱਥਰੂ ਗੈਸ, ਹਵਾਈ ਫਾਇਰ
ਦੋ ਮਰੇ ਦੱਸ ਘਾਇਲ
ਭਰਾ ਵੱਲੋਂ ਭਰਾ ਦਾ ਕਤਲ
ਪਤੀ, ਮਸ਼ੂਕਾ ਨਾਲ ਮਿਲ ਮਾਰੀ ਪਤਨੀ
ਪਤਨੀ, ਮਸ਼ੂਕ ਨਾਲ ਮਿਲ ਮਾਰੇ ਪਤੀ ਦੀ ਕਹਾਣੀ
ਮਾਂ-ਬਾਪ ਪੁੱਤ ਨੂੰਹ ਦਾ ਝਗੜਾ
ਲੁੱਟਾਂ-ਖੋਹਾਂ, ਛੱਲ-ਕਪਟ, ਰਾਸ਼ੀ-ਫਲ
ਧਰਮ ਨਾਲ ਧਰਮ ਦਾ ਭੇੜ
ਨਿੱਤ ਹੁੰਦੇ ਬਲਾਤਕਾਰ।
ਆਸ਼ਕਾਂ ਦੀ ਆਸ਼ਕੀ ਦੇ ਕਿੱਸੇ।
ਤੇਜਾਬ ਨਾਲ ਸਾੜੇ ਜਾਂਦੇ ਚੇਹਰੇ।
ਨਿੱਤ ਵਾਪਰਦੇ ਹਾਦਸਿਆਂ ਦੀ ਤਰਾਸਦੀ।
ਕਿਸੇ ਵੱਲੋਂ ਕੀਤੀ ਖੁਦਕੁਸ਼ੀ।
ਫਿਲਮੀ ਦੁਨੀਆ ਦੀ ਬੇਸ਼ਰਮੀ ਦੀ ਹੱਦ।
ਕਾਰੋਬਾਰੀਆ ਦਾ ਪੰਨਾ।
ਬਜ਼ਾਰ ਦੀ ਮੰਦੀ,
ਸੋਨੇ ਦਾ ਸਿਖਰ, ਰੁਪੈ ਦਾ ਲੁੜ੍ਹਕਣਾ,
ਤਰ੍ਹਾਂ ਤਰ੍ਹਾਂ ਦੇ ਕਲਾਸੀਫਾਈਡ ਇਸ਼ਤਿਹਾਰ,
ਨੇਤਾਵਾਂ ਦੀ ਚਾਪਲੂਸੀ,
ਗੁਮਸ਼ੁਦਾ ਦੀ ਤਲਾਸ਼,
ਨਾਂ ਦੀ ਤਬਦੀਲੀ ਅੰਤਿਮ ਅਰਦਾਸ,
ਵਿਆਹ ਦਾ ਵਪਾਰ,
ਅਦਾਲਤੀ ਨੋਟਿਸ ਦੀ ਭਰਮਾਰ।
ਆਇਆ ਸਫਾ ਖੇਡ ਤੇ ਖਿਡਾਰੀ,
ਹੁਣ ਸਾਡੀ ਹਾਕੀ,
ਕਦੇ ਕਦਾਈ ਜਿੱਤੀ,
ਬਹੁਤੀ ਵਾਰੀ ਹਾਰੀ,
ਵੱਡੇ ਵੱਡੇ ਕਾਲਮ,
ਕ੍ਰਿਕਟ ਕੀਤੇ ਕਾਲੇ,
ਛੋਟੇ ਛੋਟੇ ਕਾਲਮਾਂ 'ਚ
ਬਾਕੀ ਖੇਡਾਂ ਦੇ ਨਜ਼ਾਰੇ,
ਪੜ੍ਹਦਾ ਹਾਂ ਐਥਲੀਟਾਂ ਗਲ਼
ਡੋਪਿੰਗ ਦਾ ਫੰਧਾ,
ਖੇਡਾਂ ਵੀ ਬਣੀਆ ਅੱਜ ਕੱਲ੍ਹ, ਗੋਰਖਧੰਧਾ।
ਕਵਿਤਾਵਾਂ ਕਹਾਣੀ ਇਤਿਹਾਸ ਦੀਆਂ ਲਿਖਤਾਂ
ਬਦਲਦੇ ਸੱਭਿਆਚਾਰ ਤਿੱਥ ਤਿਹਾਰ,
ਉਲਝਦੇ ਸਮਾਜਿਕ ਤਾਣੇ ਬਾਣੇ,
ਘੱਟਦੇ ਜੰਗਲ਼ ਸੜਦੇ ਪਾਣੀ,
ਹਵਾ ਵਿਚ ਲਹਿਰਦੀ ਜ਼ਹਿਰ ਦੇ ਲੇਖ,
ਅਤੇ ਆਦਿ,
ਹੋਰ ਬਹੁਤ ਲੁੱਚ-ਗੜੁੱਚ,
ਅੰਤ ਵਿਚ,
ਐਡੀਟੋਰੀਅਲ ਤੋਂ ਉੱਪਰ,
ਇਕ ਖੂੰਜੇ ਤੇ ਲਿਖਿਆ ਪੜ੍ਹਦਾ ਹਾਂ
ਅੱਜ ਦਾ ਵਿਚਾਰ
'ਤਬਦੀਲੀ ਤੋਂ ਬਗੈਰ ਤਰਕੀ ਅਸੰਭਵ ਹੈ'।

## ਫਰਕ

ਰਣਦੀਪ ਸਿੰਘ ਆਹਲੂਵਾਲੀਆ

ਵਾਕਈ,
ਬਹੁਤ ਫਰਕ ਪੈ ਗਿਆ ਏ,
ਨਵੇਂ ਰਿਸ਼ਤੇ,
ਨਵੀਂ ਜਾਣ-ਪਹਿਚਾਣ ਤੋਂ,
ਟਲਦਾ ਰਹਿੰਦਾ ਹਾਂ,
ਸ਼ਾਇਦ,
ਵਕਤ ਨੇ ਸਿਖਾ ਦਿਤਾ ਏ,
ਨਿਭਣਾ ਸੌਖਾ ਨਹੀਂ ਹੁੰਦਾ,
ਰਿਸ਼ਤਿਆਂ ਨੂੰ,
ਨਿਰੰਤਰ ਪਾਲਣਾ ਪੈਂਦਾ ਏ,
ਕਦੇ-ਕਦੇ ਲੱਗੇ,
ਨਵੇਂ ਰਿਸ਼ਤਿਆਂ ਵਾਂਗ,
ਖ਼ੁਦ ਨਾਲ ਵੀ,
ਰਸਮੀ ਜਿਹਾ ਹੋ ਰਿਹਾ ਹਾਂ,
ਅਚਾਨਕ ਹੀ,
ਐਸਾ ਨਹੀਂ ਹੋਇਆ,
ਪੂਰੇ ਪੈਂਤੀ ਸਾਲਾਂ ਦਾ,
ਸਫ਼ਰ ਏ,
ਆਪਣੇ ਜੱਦੀ ਸ਼ਹਿਰ ਨੂੰ,
ਛੱਡਣ ਤੋਂ ਬਾਦ ਦਾ,
ਜਿੱਥੇ ਰਹਿੰਦਿਆਂ,
ਅਕਸਰ ਸਟੇਸ਼ਨ 'ਤੇ ਬੈਠਿਆਂ ਵੀ,
ਲੰਘਦੀਆਂ ਰੇਲਾਂ 'ਚ,
ਬੈਠੇ ਲੋਕ,
ਬਿਨਾਂ ਕਿਸੇ ਜਾਣ-ਪਹਿਚਾਣ,
ਆਪਣੇ ਲੱਗਦੇ ਸੀ,
ਛੋਟੇ ਸ਼ਹਿਰਾਂ ਦੇ ਲੋਕ
ਵੱਡੇ ਸ਼ਹਿਰਾਂ 'ਚ,
ਬਹੁਤ ਕੁਝ ਗੁਆ ਲੈਂਦੇ ਨੇ,
ਸ਼ਾਇਦ,
ਆਪਣਾ ਸੁਭਾਅ ਵੀ....।

## ਜਿੰਦਗੀ ਦਾ ਸੱਚ

ਗਗਨਦੀਪ ਸਿੰਘ ਸਰਾਂ

ਤੁਹਾਡੇ ਚੁੱਪ ਦੀ ਜੁਬਾਨ
ਮੈਨੂੰ ਹੁਣ ਸਮਝ ਆਈ।
ਜਦੋਂ ਮੈਂ ਸ਼ਾਤ ਚਿੱਤ
ਹੋ ਕੇ ਤੁਹਾਡੇ ਅਬੋਲ
ਬੋਲ ਸੁਣੇ।
ਤੁਹਾਡੇ ਬੋਲਾਂ ਨੇ
ਮੈਨੂੰ ਸਮਝਾਇਆ
ਉੱਥੇ ਬੋਲੀ ਦਾ ਨਹੀਂ
ਜਿੱਥੇ ਕੋਈ ਤੁਹਾਨੂੰ
ਸੁਣਨਾ ਨਾ ਚਾਹੇ।
ਦੁਨੀਆਂ ਰੂਪੀ ਮਹਿਫ਼ਿਲ
'ਚ ਕੋਈ ਕਿਸੇ ਦਾ ਨਹੀਂ
ਆਪਣੇ ਹੰਝੂ ਖੁਦ ਹੀ
ਪੂੰਝਣੇ ਪੈਂਦੇ ਨੇ।
ਦਾਨੇ ਬੰਦੇ ਮੂੰਹੋਂ ਬੋਲ ਕੇ
ਕੁੱਝ ਨਹੀਂ ਕਹਿੰਦੇ
ਉਨ੍ਹਾਂ ਦੀ ਚੁੱਪ
ਤੁਹਾਡੇ ਹਰ ਸਵਾਲ
ਦਾ ਜਵਾਬ ਹੁੰਦੀ ਹੈ।
ਇਸ ਲਈ 'ਦੀਪ'
ਚੁੱਪ ਨੂੰ ਸੱਚਾ ਸਾਥੀ
ਜਾਣ ਆਪਣੀ ਜਿੰਦਗੀ
ਦਾ ਸਾਥ ਬਣਾ ਲੈ
ਕਿਓਕਿ ਚੁੱਪ ਤਾਂ ਅਨੰਤ ਹੈ
ਤੇ ਸ਼ੋਰ ਕੁੱਝ ਪਲਾਂ ਦਾ।

## ਕੌੜਾ ਸੱਚ

ਬਲਜੀਤ ਫਰਵਾਲੀ

ਦਿਲ ਦੀਆਂ ਗੱਲ
ਪਾਣੀ ਦੀਆਂ ਛੱਲ
ਅੱਖ ਦੀ ਰਮਜ਼
ਯਾਰ ਦਾ ਮਰਜ਼
ਜਾਨ ਕੱਢ ਲੈਂਦਾ
ਜਾਨ ਕੱਢ ਲੈਂਦਾ।
ਸੱਜਣ ਦਾ ਵਿਛੋੜਾ
ਅਮਲੀ ਦਾ ਤੋੜਾ
ਬੰਦਾ ਬੋੜਾ
ਨਾਰ ਕੁਪੱਤੀ
ਬੰਦਾ ਘਤੁਤੀ
ਰਾਹ ਲੱਭ ਲੈਂਦਾ ਤੇ
ਅੱਖ ਦੀ ਰਮਜ਼
ਯਾਰ ਦਾ ਮਰਜ਼
ਜਾਨ ਕੱਢ ਲੈਂਦਾ
ਜਾਨ ਕੱਢ ਲੈਂਦਾ।
ਬੰਦਾ ਵਪਾਰੀ
ਮਾੜੇ ਨਾਲ ਯਾਰੀ
ਯਾਰ ਨਾਲ ਧੋਖਾ
ਧੋਖੇ ਨਾਲ ਵਾਰ
ਝੂਠਾ ਇਕਰਾਰ ਤੇ
ਅੱਖ ਦੀ ਰਮਜ਼
ਯਾਰ ਦਾ ਮਰਜ਼
ਜਾਨ ਕੱਢ ਲੈਂਦਾ
ਜਾਨ ਕੱਢ ਲੈਂਦਾ।
ਦਿਲ ਦਾ ਦਰਦ
ਬੰਦਾ ਨਾਮਰਦ
ਬੱਚੇ ਦੀ ਭੁੱਖ
ਸੁੰਨੀ ਕੁੱਖ



ਬੰਜਰ ਜ਼ਮੀਨ
ਮਰੀ ਜ਼ਮੀਰ ਤੇ
ਅੱਖ ਦੀ ਰਮਜ਼
ਯਾਰ ਦਾ ਮਰਜ਼
ਜਾਨ ਕੱਢ ਲੈਂਦਾ
ਜਾਨ ਕੱਢ ਲੈਂਦਾ।
ਅਮਰੀਕਾ ਦੀ ਡੌਂਕੀ
ਬਾਬੇ ਦੀ ਚੌਂਕੀ
ਨੇਤਾ ਦੀ ਭਗਤੀ
ਚਿੱਟੇ ਦੀ ਸ਼ਕਤੀ
ਨੈਟ ਦਾ ਪੰਗਾ
ਜ਼ਮੀਰ ਦਾ ਨੰਗਾ ਤੇ
ਅੱਖ ਦੀ ਰਮਜ਼
ਯਾਰ ਦਾ ਮਰਜ਼
ਜਾਨ ਕੱਢ ਲੈਂਦਾ
ਜਾਨ ਕੱਢ ਲੈਂਦਾ।
ਪੁੱਤ ਪ੍ਰਦੇਸ਼
ਕੋਰਟ 'ਚ ਕੇਸ
ਪੁਲੀਸ ਨਾਲ ਯਾਰੀ
ਖੁੰਡੀ ਆਰੀ
ਮੰਜੇ ਦਾ ਬਾਣ
ਕੁਚੱਜਾ ਹਾਣ ਤੇ
ਅੱਖ ਦੀ ਰਮਜ਼
ਯਾਰ ਦਾ ਮਰਜ਼
ਜਾਨ ਕੱਢ ਲੈਂਦਾ
ਜਾਨ ਕੱਢ ਲੈਂਦਾ।

## ਕਵਿਤਾ

ਕੁਲਵਿੰਦਰ ਸਿੱਧੂ ਕਾਮੇ ਕਾ

ਸਿਉਂਕ ਵਰਗੀਆਂ ਯਾਦਾਂ
ਜਿੰਦ ਮੇਰੀ ਦਾ ਪਲੰਘ ਨਵਾਰੀ
ਗਮ ਦੇ ਵਿਹੜੇ ਡਾਹ ਗਈਆਂ
ਤੇਰੀਆਂ ਸਿਉਂਕ ਵਰਗੀਆਂ ਯਾਦਾਂ
ਵੇ ਅੰਦਰੋਂ ਅੰਦਰੀਂ ਖਾ ਗਈਆਂ।
ਦੱਸ ਕੀਹਤੋਂ ਪੱਟ ਰੰਗਾਵਾਂ
ਕਿਥੋਂ ਲੱਭਾਂ ਲਲਾਰੀ ਵੇ
ਗਮ ਤੇਰੇ ਨੇ ਫਿੱਕੀ ਪਾਤੀ
ਰੀਝਾਂ ਦੀ ਫੁਲਕਾਰੀ ਵੇ
ਕੱਢੀਆਂ ਸੀ ਜੋ ਵੇਲ ਬੂਟੀਆਂ
ਅੜਿਆ ਹੁਣ ਮੁਰਝਾ ਗਈਆਂ
ਤੇਰੀਆਂ ਸਿਉਂਕ ਵਰਗੀਆਂ ਯਾਦਾਂ
ਵੇ ਅੰਦਰੋਂ ਅੰਦਰੀਂ ਖਾ ਗਈਆਂ।
ਟੁੱਟਗੀ ਮਾਲ੍ਹ ਕੱਤੀ ਨਾ ਪੂਣੀ
ਤੱਕਲਾ ਤੰਦ ਤੋੜਦਾ ਵੇ
ਕਿਉਂ ਦੁੱਖਾਂ ਦੇ ਤਾਣੇ ਤਣਦੀ
ਜੇ ਤੂੰ ਨਾ ਮੁੱਖ ਮੋੜਦਾ ਵੇ
ਮੇਰੀ ਰੂਹ ਦੀ ਰੰਗਲੀ ਚਰਖੀ
ਤ੍ਰਿੰਝਣ ਵਿੱਚੋਂ ਚੁਕਾ ਗਈਆਂ
ਤੇਰੀਆਂ ਸਿਉਂਕ ਵਰਗੀਆਂ ਯਾਦਾਂ
ਵੇ ਅੰਦਰੋਂ ਅੰਦਰੀਂ ਖਾ ਗਈਆਂ।
ਕੀ ਕੁਲਵਿੰਦਰਾ ਕਰੀਏ
ਕੱਚ ਤੋਂ ਕੱਚੀ ਯਾਰੀ ਦਾ
ਚਾਰ ਦਿਨਾਂ ਦੀ ਚਮਕ
ਹਨੇਰਾ ਜਿੰਦਗੀ ਸਾਰੀ ਦਾ
ਹਿਜਰ ਤੇਰੇ ਦੀਆਂ ਜੋਕਾਂ
ਪੱਛ ਜਿਗਰ ਤੇ ਲਾ ਗਈਆਂ
ਤੇਰੀਆਂ ਸਿਉਂਕ ਵਰਗੀਆਂ ਯਾਦਾਂ
ਵੇ ਅੰਦਰੋਂ ਅੰਦਰੀਂ ਖਾ ਗਈਆਂ।

## ਮਿੱਟੀ ਦਾ ਬਾਵਾ

ਹੈਪੀ ਚੌਧਰੀ



ਓਏ 'ਮਿੱਟੀ ਦੇ ਬਾਵੇ' ਕੀ ਭਰਵਾਸੇ ਤੇਰੇ,
ਆਹ ਮਿੱਟੀ ਦੇ ਈ ਰੌਲ਼ੇ, ਚਾਰੇ ਪਾਸੇ ਤੇਰੇ,
ਇਹ ਮਿੱਟੀ ਦੇ ਝਗੜੇ ਅਤੇ ਮਿੱਟੀ ਐ ਲੜਦੀ ,
ਫਿਰ ਗੱਲ ਗੱਲ ਤੇ ਸ਼ਿਕਵੇ ਵੀ ਮਿੱਟੀ ਐ ਕਰਦੀ,
ਇਹ ਵੈਸੇ ਤਾਂ ਮੋਹਾਂ ਦੇ ਭਰਦੀ ਕਲ਼ਾਵੇ,
ਪਰ ਬਾਗੀ ਸੁਭਾਅ ਐ, ਨਾਂ ਦਾਬੇ 'ਚ ਆਵੇ,
ਇਹ ਮਿੱਟੀ ਦੇ ਪੁਤਲੇ, ਤਮਾਸ਼ੇ ਅਜਬ ਨੇ,
ਕਰਾਮਾਤਾਂ ਮਿੱਟੀ, ਗ਼ਜ਼ਬ ਨੇ, ਗ਼ਜ਼ਬ ਨੇ,
ਕਦੇ ਇਹ ਕਹਾਉਂਦੀ ਐ ਜੇਤੂ ਸਿਕੰਦਰ,
ਕਦੇ ਇਹ ਵਲੀ, ਕਦੇ ਬਣਦੀ ਕਲੰਦਰ,
ਤੇ ਮਿੱਟੀ ਦੀਆਂ ਖੇਡਾਂ ਇਹ ਮਿੱਟੀ ਹੀ ਖੇਡੇ,
ਇਹ ਮਿੱਟੀ ਹੀ ਮਿੱਟੀ ਨੂੰ ਮਾਰੇ ਪਈ ਠੇਡੇ,
ਫਿਰ ਸਮਝੇ ਖ਼ੁਦਾ ਖ਼ੁਦ ਨੂੰ, ਬੁੱਤ ਜਦ ਇਹ ਬਣਦੀ,
ਤੇ ਆਕੜ 'ਚ ਤਣਕੇ, ਇਹ ਬਣਦੀ ਇਹ ਠਣਦੀ,
ਇਹਦੇ ਕੰਮ ਕਾਰਨਾਮੇ, ਹਰ ਗੁਣੀਏ 'ਚ ਪੂਰੇ,
ਹੈ ਖ਼ਸਲਤ ਹੀ ਇਸਦੀ, ਇਹ ਮਾੜੇ ਨੂੰ ਘੂਰੇ,
ਇਹ ਹਉਮੈ ਦਾ ਚਾਰਾ, ਜੋ ਖਾ ਕੇ ਐ ਤੁਰਦੀ,
ਹੈ ਅੰਜਾਮ-ਏ ਮਿੱਟੀ, ਇਹ ਅੰਤੇ ਨੂੰ ਭੁਰਦੀ,
ਕਦੇ ਤੇ ਇਹ ਮਿੱਟੀ 'ਰੁਦਨ' ਵੀ ਹੈ ਕਰਦੀ,
ਇਸ ਮਿੱਟੀ ਦੇ ਅਸ਼ਕੇ ਇਹ ਮਿੱਟੀ ਤੇ ਮਰਦੀ,
'ਹੈਪੀ' ਇਹਨੇ ਉਡਣਾ, ਫ਼ਨਾਹ ਹੋ ਹਵਾਵਾਂ,
ਇਹ ਸ਼ਾਲਾ ਰਹੇ ਹੱਸਦੀ, ਦੁਆਵਾਂ ਦੁਆਵਾਂ.
ਇਹ ਹੱਸਦੀ ਰਹੇ ਵੱਸਦੀ, ਦੁਆਵਾਂ ਦੁਆਵਾਂ..।



ਪਹਿਰਾਵਾ

ਬਹਾਦਰ ਸਿੰਘ ਗੋਸਲ

# ਕੁੜਤੇ ਪਜਾਮੇ ਦੀ ਸ਼ੌਕੀਨ ਨੌਜਵਾਨ ਪੀੜ੍ਹੀ



ਅੱਜ ਕੱਲ੍ਹ ਪੰਜਾਬ ਵਿਚ ਜਦੋਂ ਕਿਸੇ ਧਾਰਮਿਕ, ਸਮਾਜਿਕ ਜਾਂ ਰਾਜਨੀਤਕ ਸਮਾਗਮ ਵਿੱਚ ਜਾਣ ਦਾ ਮੌਕਾ ਮਿਲਦਾ ਹੈ ਤਾਂ ਦੇਖਣ ਵਿੱਚ ਆਉਂਦਾ ਹੈ ਕਿ ਬਹੁਤ ਸਾਰੇ ਬੱਚੇ ਜਾਂ ਨੌਜਵਾਨ ਚਿੱਟੇ-ਕੁੜਤੇ ਪਜਾਮਿਆਂ ਵਿੱਚ ਨਜ਼ਰ ਆਉਂਦੇ ਹਨ। ਛੋਟੇ ਬੱਚੇ ਨੂੰ ਜਦੋਂ ਚਿੱਟੇ ਕੁੜਤੇ ਪਜਾਮੇ ਅਤੇ ਸਿਰ 'ਤੇ ਸੋਹਣੀ ਦਸਤਾਰ ਅਤੇ ਪੈਰਾਂ ਵਿੱਚ ਦੇਸੀ ਜੁੱਤੀ ਪਾਈ ਦੇਖਦੇ ਹਾਂ ਤਾਂ ਪੰਜਾਬੀ ਪਹਿਰਾਵੇ ਦੀ ਪੂਰੀ ਠਾਠ ਨਜ਼ਰ ਆਉਂਦੀ ਹੈ। ਇਨ੍ਹਾਂ ਬੱਚਿਆਂ ਨੂੰ ਭਾਵੇਂ ਇਹ ਨਹੀਂ ਪਤਾ ਕਿ ਇਹ ਪਜਾਮੇ-ਕੁੜਤੇ ਸਾਡੇ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੀ ਅਮੁੱਲ ਦੇਣ ਹਨ, ਉਹ ਤਾਂ ਕੇਵਲ ਇਹ ਕੱਪੜੇ ਪਾ ਕੇ ਆਪਣੇ ਆਪ ਨੂੰ ਨਿਵੇਕਲਾ ਦਿਖਣ ਦਾ ਮਾਣ ਮਹਿਸੂਸ ਕਰਦੇ ਹਨ।

ਜੇ ਅਸੀਂ 50-60 ਸਾਲ ਪਹਿਲਾਂ ਵਾਲੇ ਪੰਜਾਬ 'ਤੇ ਨਜ਼ਰ ਮਾਰੀਏ ਤਾਂ ਪੰਜਾਬ ਦੇ ਪਿੰਡਾਂ ਵਿੱਚ ਲੋਕ ਕੁੜਤਾ ਪਜਾਮਾ ਹੀ ਜ਼ਿਆਦਾ ਪਾਉਂਦੇ ਸਨ ਕੇਵਲ ਕੁਝ ਪੜ੍ਹੇ-ਲਿਖੇ ਲੋਕ ਹੀ ਕੋਟ-ਪੈਂਟ ਪਹਿਨਣ ਦੇ ਆਦੀ ਸਨ। ਪੰਜਾਬ ਦੇ ਪਿੰਡਾਂ ਦੇ ਮਰਦ ਤਾਂ ਦੇਸੀ ਪਜਾਮੇ ਕੁੜਤੇ ਦੇ ਕਾਇਲ ਸਨ। ਸਾਧਾਰਨ ਅਤੇ ਸਾਦਾ ਪਹਿਰਾਵਾ ਸਰੀਰ ਲਈ ਵੀ ਕਸ਼ਟਮਈ ਨਹੀਂ ਸੀ ਹੁੰਦਾ। ਦੂਜਾ ਇਹ ਪਹਿਰਾਵਾ ਸਸਤਾ ਅਤੇ ਲੋਕ ਪੱਖੀ ਹੁੰਦਾ ਸੀ। ਪੰਜਾਬ ਦੇ ਪਿੰਡਾਂ ਦੇ ਲੋਕ ਤਾਂ ਠੇਠ ਪੰਜਾਬੀ ਵਿੱਚ ਇਸ ਨੂੰ ਕੁੜਤਾ ਪਜਾਮਾ ਨਾ ਆਖ ਕੇ ਤੰਬੀ-ਝੱਗਾ ਕਿਹਾ ਕਰਦੇ ਸਨ। ਉਨ੍ਹਾਂ ਦਿਨਾਂ ਵਿੱਚ ਪਿੰਡਾਂ ਵਿੱਚ ਦਰਜ਼ੀ ਵੀ ਦੇਸੀ ਹੁੰਦੇ ਸਨ ਅਤੇ ਉਹ ਤੰਬੀ-ਝੱਗਾ ਬੜੀ ਛੇਤੀ ਸਿਲਾਈ ਕਰ ਦਿੰਦੇ ਸਨ।

ਵਿਆਹਾਂ ਸ਼ਾਦੀਆਂ ਜਾਂ ਮੇਲੇ ਦੇ ਸਮੇਂ ਪਿੰਡਾਂ ਵਿੱਚ ਨਵੇਂ-ਨਵੇਂ ਤੰਬੀ-ਝੱਗੇ ਸਿਲਾਉਣ ਦਾ ਰੁਝਾਨ ਸੀ। ਪੇਂਡੂ ਵਿਆਹਾਂ ਸਮੇਂ ਤਾਂ ਸਭ ਕੱਪੜੇ ਘਰ 'ਤੇ ਹੀ ਸਿਲਾਏ ਜਾਂਦੇ ਸਨ, ਜਿਸ ਨੂੰ ਪਰਿਵਾਰ ਇੱਕ ਵੱਡਾ ਕੰਮ ਸਮਝਦਾ ਸੀ ਕਿਉਂਕਿ ਸਾਰੇ ਪਰਿਵਾਰ ਨੇ ਹੀ ਨਵੇਂ ਕੱਪੜੇ ਬਣਵਾਉਣੇ ਹੁੰਦੇ ਸਨ। ਇਸ ਮੰਤਵ ਲਈ ਦਰਜ਼ੀ ਨੂੰ ਹਫ਼ਤਾ-ਹਫ਼ਤਾ ਭਰ ਘਰ 'ਤੇ ਹੀ ਬਿਠਾਇਆ ਜਾਂਦਾ ਸੀ। ਦਰਜ਼ੀ ਵੀ ਖੁਸ਼ੀ ਖੁਸ਼ੀ ਵਿਆਹ ਦੇ ਕੱਪੜੇ ਤਿਆਰ ਕਰਦਾ ਅਤੇ ਮਰਦਾਂ ਲਈ ਵਿਸ਼ੇਸ਼ ਪਜਾਮੇ ਕੁੜਤੇ ਬਣਾਉਂਦਾ।

ਇਸ ਤਰ੍ਹਾਂ ਨਵੇਂ ਪਜਾਮੇ-ਕੁੜਤੇ ਬਣਨ ਸਮੇਂ ਪਜਾਮੇ ਲਈ ਨਾਲੇ ਦੀ ਅਤਿਅੰਤ ਲੋੜ ਪੈਂਦੀ ਜਿਸ ਨੇ ਨਵੇਂ ਪੰਜਾਬੀ ਸੱਭਿਆਚਾਰ ਨੂੰ ਜਨਮ ਦਿੱਤਾ। ਪਿੰਡਾਂ ਦੀਆਂ ਔਰਤਾਂ ਜਾਂ ਮੁਟਿਆਰਾਂ ਤ੍ਰਿਝਣਾਂ ਵਿੱਚ ਨਵੇਂ ਨਵੇਂ ਰੰਗਦਾਰ ਨਾਲੇ ਬੁਣਨ ਦਾ ਕੰਮ ਕਰਦੀਆਂ ਅਤੇ ਕਈ ਤਾਂ ਨਾਲੇ ਬਣਾਉਣ ਵਿੱਚ ਸਾਰੇ ਪਿੰਡ ਵਿੱਚ ਮਸ਼ਹੂਰ ਹੋ ਜਾਂਦੀਆਂ। ਨਾਲੇ ਬੁਣਨਾ ਵੀ ਇੱਕ ਕਲਾ ਸੀ ਜਿਸ ਲਈ ਘਰਾਂ ਦੀਆਂ ਧੀਆਂ-ਭੈਣਾਂ ਨੂੰ ਖਾਸ ਮਿਹਨਤ ਕਰਨੀ ਪੈਂਦੀ ਸੀ ਅਤੇ ਨਵੇਂ-ਨਵੇਂ ਗੁਰ ਸਿੱਖਣੇ ਪੈਂਦੇ ਸਨ। ਇਹ ਨਾਲੇ ਖ਼ਾਸ ਕਿਸਮ ਦੇ ਅੱਡਿਆਂ 'ਤੇ ਬਣਾਏ ਜਾਂਦੇ ਸਨ ਅਤੇ ਮੁਟਿਆਰਾਂ ਆਪਣੇ ਵਿਆਹਾਂ ਦੇ ਦਾਜ ਲਈ ਵੱਡੀ ਗਿਣਤੀ ਵਿੱਚ ਨਾਲੇ ਤਿਆਰ ਕਰਦੀਆਂ ਜਿਨ੍ਹਾਂ ਦੀ ਪ੍ਰਦਰਸ਼ਨੀ ਬਰਾਤ ਵਾਲੇ ਦਿਨ, ਦਾਜ ਦੇ ਸਾਮਾਨ ਦੇ ਨਾਲ ਹੀ ਕੀਤੀ ਜਾਂਦੀ। ਇਸ ਤਰ੍ਹਾਂ ਪਜਾਮੇ ਅਤੇ ਨਾਲੇ ਦਾ ਮੇਲ ਪੱਕਾ ਹੀ ਬਣ ਗਿਆ। ਕਹਿਣ ਦਾ ਭਾਵ ਕਿ ਨਾਲੇ ਬਿਨਾਂ ਪਜਾਮਾ ਜਾਂ ਤੰਬੀ ਕਿਸੇ ਕੰਮ ਦੀ ਨਾ ਰਹਿੰਦੀ। ਜਿਉਂ ਜਿਉਂ ਸਿੱਖਿਆ ਦਾ ਪਸਾਰ ਵਧਦਾ ਗਿਆ, ਤੰਬੀ-ਝੱਗੇ ਨੇ ਵੀ ਆਪਣੇ ਨਾਂ ਬਦਲ ਕੇ ਪਜਾਮਾ ਕੁੜਤਾ ਕਰ ਲਏ। ਅਮੀਰ ਲੋਕ ਤਾਂ ਉਸ ਸਮੇਂ ਵੀ ਚਿੱਟੇ ਪਜਾਮੇ ਕੁੜਤੇ ਦੇ ਬਹੁਤ ਸ਼ੌਕੀਨ ਸਨ, ਪਰ ਅਜਿਹੇ ਲੋਕਾਂ ਦੀ ਗਿਣਤੀ ਬਹੁਤ ਘੱਟ ਸੀ ਕਿਉਂਕਿ ਅਜਿਹੇ ਚਿੱਟ ਕੱਪੜੀਏ ਮਰਦਾਂ ਨੂੰ ਦੇਖ ਕੇ ਪਿੰਡਾਂ ਦੇ ਬਜ਼ੁਰਗ ਆਮ ਹੀ ਕਹਿ ਬੈਠਦੇ ਸੀ 'ਚਿੱਟੇ ਕੱਪੜੇ ਚਾਰੇ ਲੜ ਖਾਲੀ ਨਵਿਆਂ ਸ਼ੌਕੀਨਾਂ ਦੇ।'

> ਜੇ ਅਸੀਂ 50-60 ਸਾਲ ਪਹਿਲਾਂ ਵਾਲੇ ਪੰਜਾਬ 'ਤੇ ਨਜ਼ਰ ਮਾਰੀਏ ਤਾਂ ਪੰਜਾਬ ਦੇ ਪਿੰਡਾਂ ਵਿੱਚ ਲੋਕ ਕੁੜਤਾ ਪਜਾਮਾ ਹੀ ਜ਼ਿਆਦਾ ਪਾਉਂਦੇ ਸਨ ਕੇਵਲ ਕੁਝ ਪੜ੍ਹੇ-ਲਿਖੇ ਲੋਕ ਹੀ ਕੋਟ-ਪੈਂਟ ਪਹਿਨਣ ਦੇ ਆਦੀ ਸਨ। ਪੰਜਾਬ ਦੇ ਪਿੰਡਾਂ ਦੇ ਮਰਦ ਤਾਂ ਦੇਸੀ ਪਜਾਮੇ ਕੁੜਤੇ ਦੇ ਕਾਇਲ ਸਨ। ਸਾਧਾਰਨ ਅਤੇ ਸਾਦਾ ਪਹਿਰਾਵਾ ਸਰੀਰ ਲਈ ਵੀ ਕਸ਼ਟਮਈ ਨਹੀਂ ਸੀ ਹੁੰਦਾ। ਦੂਜਾ ਇਹ ਪਹਿਰਾਵਾ ਸਸਤਾ ਅਤੇ ਲੋਕ ਪੱਖੀ ਹੁੰਦਾ ਸੀ। ਪੰਜਾਬ ਦੇ ਪਿੰਡਾਂ ਦੇ ਲੋਕ ਤਾਂ ਠੇਠ ਪੰਜਾਬੀ ਵਿੱਚ ਇਸ ਨੂੰ ਕੁੜਤਾ ਪਜਾਮਾ ਨਾ ਆਖ ਕੇ ਤੰਬੀ-ਝੱਗਾ ਕਿਹਾ ਕਰਦੇ ਸਨ। ਉਨ੍ਹਾਂ ਦਿਨਾਂ ਵਿੱਚ ਪਿੰਡਾਂ ਵਿੱਚ ਦਰਜ਼ੀ ਵੀ ਦੇਸੀ ਹੁੰਦੇ ਸਨ ਅਤੇ ਉਹ ਤੰਬੀ-ਝੱਗਾ ਬੜੀ ਛੇਤੀ ਸਿਲਾਈ ਕਰ ਦਿੰਦੇ ਸਨ।

ਬੜਾ ਲੰਬਾ ਸਮਾਂ ਪੰਜਾਬੀ ਸੱਭਿਆਚਾਰ ਨੇ ਇਨ੍ਹਾਂ ਪਜਾਮਿਆਂ-ਕੁੜਤਿਆਂ ਦਾ ਆਨੰਦ ਮਾਣਿਆ, ਪਰ ਪਿੰਡਾਂ ਵਿੱਚ ਪੜ੍ਹਾਈ ਦਾ ਪਸਾਰ ਵਧਣ ਨਾਲ ਨੌਜਵਾਨਾਂ ਜਾਂ ਸਕੂਲੀ ਵਿਦਿਆਰਥੀਆਂ ਖਾਸ ਕਰਕੇ ਕਾਲਜੀਏਟ ਮੁੰਡਿਆਂ ਨੂੰ ਸ਼ਰਟਾਂ ਅਤੇ ਪੈਂਟਾਂ ਨੇ ਘੇਰ ਲਿਆ। ਪੜ੍ਹੇ ਲਿਖੇ ਮੁੰਡਿਆਂ ਨੇ ਸਾਡੇ ਦੇਸੀ ਪਜਾਮਿਆਂ ਨੂੰ ਤਿਲਾਂਜਲੀ ਹੀ ਦੇ ਦਿੱਤੀ, ਭਾਵੇਂ ਉਹ ਅੰਗਰੇਜ਼ੀ ਪਹਿਰਾਵਾ ਪਹਿਨਣ ਸਮੇਂ ਔਖੇ ਵੀ ਰਹਿੰਦੇ ਸਨ, ਪਰ ਆਪਣੇ ਆਪ ਨੂੰ ਆਧੁਨਿਕ ਦੱਸਣ ਦੇ ਚੱਕਰ ਵਿੱਚ ਉਹ ਸਾਡੇ ਦੇਸੀ-ਤੰਬੀ-ਝੱਗਿਆਂ ਨੂੰ ਭੁੱਲ ਹੀ ਗਏ। ਪ੍ਰਾਇਮਰੀ ਸਕੂਲਾਂ ਵਿੱਚ ਵੀ ਸਰਕਾਰ ਨੇ ਨਵੀਂ ਪਿਰਤ ਪਾ ਦਿੱਤੀ ਕਿ ਬੱਚੇ ਖਾਕੀ ਨਿੱਕਰਾਂ ਜਾਂ ਖਾਕੀ ਪੈਂਟਾਂ ਪਾ ਕੇ ਸਕੂਲ ਆਉਣਗੇ। ਸਕੂਲੀ ਨਿਆਣੇ ਵਿਚਾਰੇ ਤੰਬੀ ਝੱਗੇ ਤੋਂ ਵਾਂਝੇ ਹੋ ਕੇ ਤੰਗ-ਤੰਗ ਨਿੱਕਰਾਂ ਜਾਂ ਪੈਂਟਾਂ ਨੂੰ ਉੱਪਰ-ਥੱਲੇ ਕਰਨ ਵਿੱਚ ਹੀ ਉਲਝੇ ਰਹਿੰਦੇ। ਇਹ ਸਮਾਂ ਵਿਦਿਆ ਦੇ ਵਿਕਾਸ ਦਾ ਸੀ, ਇਸ ਲਈ ਪੰਜਾਬੀ ਪਹਿਰਾਵਾਂ ਸਾਡੇ ਤੋਂ ਦੂਰ ਹੁੰਦਾ ਚਲਾ ਗਿਆ। ਕਿਹਾ ਜਾਂਦਾ ਹੈ ਕਿ ਅੰਗਰੇਜ਼ਾਂ ਵੱਲੋਂ ਲੰਬਾ ਸਮਾਂ ਸਾਨੂੰ ਗੁਲਾਮ ਰੱਖ ਕੇ, ਸਾਡੀ ਆਜ਼ਾਦੀ ਹੀ ਨਹੀਂ ਸੀ ਖੋਹੀ ਸਗੋਂ ਸਾਡੇ ਸੱਭਿਆਚਾਰ, ਬੋਲੀ, ਪਹਿਰਾਵੇ ਅਤੇ ਖਾਣ ਪੀਣ ਨੂੰ ਵੀ ਬਦਲ ਕੇ ਰੱਖ ਦਿੱਤਾ। ਕਹਿੰਦੇ ਹਨ ਕਿ 'ਦੂਰ ਦੇ ਢੋਲ ਸੁਹਾਵਣੇ' ਲੱਗਦੇ ਹਨ, ਇਸ ਲਈ ਪੰਜਾਬੀ ਲੋਕ ਵੀ ਅੰਗਰੇਜ਼ਾਂ ਦੀ ਨਕਲ ਵਿੱਚ ਲੱਗ ਗਏ। ਪੰਜਾਬੀ ਦੇਸੀ ਪਹਿਰਾਵਾ ਬਹੁਤ ਪਿੱਛੇ ਰਹਿ ਗਿਆ। ਅੰਗਰੇਜ਼ਾਂ ਦੇ ਸਮੇਂ ਭਾਵੇਂ ਗਾਂਧੀ ਜੀ ਨੇ ਅੰਗਰੇਜ਼ਾਂ ਦੀ ਵਿਰੋਧਤਾ ਕਰਨ ਸਮੇਂ ਵਿਦੇਸ਼ੀ ਵਸਤਾਂ ਅਤੇ ਅੰਗਰੇਜ਼ੀ ਪਹਿਰਾਵੇ ਦਾ ਵਿਰੋਧ ਕੀਤਾ ਅਤੇ ਅੰਦੋਲਨ ਕੀਤੇ, ਪਰ ਲੋਕਾਂ ਦਾ ਝੁਕਾਅ ਅੰਗਰੇਜ਼ੀ ਪਹਿਰਾਵੇ ਵੱਲ ਵਧਦਾ ਗਿਆ। ਇੱਕ ਸਮਾਂ ਅਜਿਹਾ ਵੀ ਆਇਆ ਕਿ ਸਾਡੇ ਆਜ਼ਾਦ ਦੇਸ਼ ਵਿੱਚ ਦਫ਼ਤਰਾਂ ਵਿੱਚ ਹਰ ਇੱਕ ਬਾਬੂ, ਸਕੂਲੀ ਅਤੇ ਕਾਲਜਾਂ ਦੇ ਮੁੰਡੇ ਕਦੇ ਵੀ ਪਜਾਮੇ ਕੁੜਤੇ ਵਿੱਚ ਨਜ਼ਰ ਨਾ ਆਉਂਦੇ। ਬੜੀ ਵੱਡੀ ਸੱਭਿਆਚਾਰਕ ਅਤੇ ਸਮਾਜਿਕ ਤਬਦੀਲੀ ਆ ਚੁੱਕੀ ਸੀ, ਪਰ ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਪਹਿਰਾਵਾ ਹੀ ਕਿਸੇ ਕੌਮ ਦੀ ਅਸਲੀ ਪਛਾਣ ਹੁੰਦਾ ਹੈ। ਪੰਜਾਬੀ ਲੋਕ ਉਨ੍ਹਾਂ ਦੇ ਪਹਿਰਾਵੇ ਤੋਂ ਹੀ ਜਾਣੇ ਜਾਂਦੇ ਹਨ।



ਪੰਜਾਬੀ ਲੋਕਾਂ ਦੀ ਇਹ ਗ਼ਲਤੀ ਹੀ ਕਹੀ ਜਾ ਸਕਦੀ ਹੈ ਕਿ ਉਹ ਆਪਣੇ ਅਮੀਰ ਵਿਰਸੇ ਨੂੰ ਭੁੱਲ ਕੇ ਰੀਸੋ-ਰੀਸ ਅੰਗਰੇਜ਼ੀ ਪਹਿਰਾਵੇ ਦੇ ਮਗਰ ਪੈ ਗਏ ਭਾਵੇਂ ਉਹ ਜਾਣਦੇ ਸਨ ਕਿ ਪੰਜਾਬੀ ਪਹਿਰਾਵਾ ਸਾਧਾਰਨ, ਸਾਦਾ ਅਤੇ ਸਸਤਾ ਹੈ। ਇਸ ਰੀਸ ਨੇ ਸਾਰਾ ਪੰਜਾਬ ਹੀ ਮਗਰ ਲਗਾ ਲਿਆ ਅਤੇ ਖ਼ਾਸ ਕਰਕੇ ਨੌਜਵਾਨ ਮੁੰਡੇ ਤਾਂ ਅੰਗਰੇਜ਼ੀ ਡਰੈੱਸ ਵੱਲ ਪੂਰੇ ਹੀ ਖਿੱਚੇ ਗਏ। ਕਿਹਾ ਜਾਂਦਾ ਹੈ ਕਿ ਮੱਛੀ ਪੱਥਰ ਚੱਟ ਕੇ ਮੁੜਦੀ ਹੈ, ਇਹੀ ਹਾਲ ਹੋਇਆ ਸਾਡੇ ਪੰਜਾਬੀ ਪਹਿਰਾਵੇ ਦਾ। ਸਾਲਾਂ-ਬੱਧੀ ਅੰਗਰੇਜ਼ੀ ਪਹਿਰਾਵੇ ਨੂੰ ਪਹਿਨ ਕੇ ਜਦੋਂ ਸਕੂਨ ਨਾ ਮਿਲਿਆ ਤਾਂ ਹੁਣ ਨੌਜਵਾਨਾਂ ਨੇ ਮੁੜ ਪੰਜਾਬੀ ਪਹਿਰਾਵੇ ਨੂੰ ਪਸੰਦ ਕਰਨਾ ਸ਼ੁਰੂ ਕਰ ਦਿੱਤਾ ਹੈ ਤਾਂ ਹੀ ਤਾਂ ਅੱਜ ਦੇ ਨੇਤਾ ਵੀ ਚਿੱਟੇ ਪਜਾਮੇ-ਕੁੜਤੇ ਨੂੰ ਪਹਿਨ ਕੇ ਆਪਣੀ ਵੱਖਰੀ ਦਿੱਖ ਦਾ ਪ੍ਰਦਰਸ਼ਨ ਕਰਦੇ ਹਨ। ਉਹੀ ਸਾਲਾਂ ਪਹਿਲਾਂ ਪਹਿਨੇ ਗਏ ਕੁੜਤੇ ਪਜਾਮੇ ਪੰਜਾਬੀ ਨੌਜਵਾਨਾਂ ਦੀ ਪਹਿਲੀ ਪਸੰਦ ਬਣਨ ਲੱਗੇ ਹਨ। ਹੁਣ ਤਾਂ ਆਲਮ ਇਹ ਹੈ ਕਿ ਇਨ੍ਹਾਂ ਨੂੰ ਵੇਚਣ ਲਈ ਨਵੀਆਂ ਦੁਕਾਨਾਂ ਖੋਲ੍ਹੀਆਂ ਜਾ ਰਹੀਆਂ ਹਨ। ਰਾਜਨੀਤੀਵਾਨ ਤਾਂ ਪੰਜਾਬੀ ਕੁੜਤੇ-ਪਜਾਮੇ 'ਤੇ ਕੋਈ ਰੰਗਦਾਰ ਵਾਸਕਟ ਪਾ ਕੇ ਆਪਣੇ ਵੱਡੇ ਨੇਤਾ ਹੋਣ ਦੀ ਗਵਾਹੀ ਕਰਵਾ ਲੈਂਦੇ ਹਨ। ਗਲੀਆਂ ਬਾਜ਼ਾਰਾਂ ਵਿੱਚ ਵੀ ਨਵੀਂ ਪੀੜ੍ਹੀ ਦੇ ਨੌਜਵਾਨ ਹੁਣ ਚਿੱਟੇ ਪਜਾਮੇ-ਕੁੜਤੇ ਪਾ ਕੇ ਆਪਣੀ ਵੱਖਰੀ ਟੌਹਰ ਦਿਖਾਉਂਦੇ ਹਨ। ਕੁਦਰਤੀ ਗੱਲ ਹੈ ਕਿ ਪੁਰਖਿਆ ਵੱਲੋਂ ਅਪਣਾਇਆ ਗਿਆ ਆਪਣਾ ਵਿਰਸਾ ਮਨੋ ਖੁਸ਼ੀ ਤਾਂ ਜ਼ਰੂਰ ਪ੍ਰਦਾਨ ਕਰਦਾ ਹੀ ਹੈ। ਚਲੋ ਬਹਾਨਾ ਕੋਈ ਵੀ ਹੋਵੇ ਸਾਡੀ ਨੌਜਵਾਨ ਪੀੜ੍ਹੀ ਫੈਸ਼ਨ ਦੇ ਬਹਾਨੇ ਹੀ ਪੁਰਾਣੇ ਵਿਰਸੇ ਵੱਲ ਨੂੰ ਮੁੜਨ ਲੱਗੀ ਹੈ।

Website Design & Development
→ ਛੋਟੇ-ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
→ ਈ-ਕਾਮਰਸ ਅਤੇ ਆਨਲਾਈਨ ਸਟੋਰਜ਼ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✓ WEB DEVELOPMENT
✓ WEB DESIGNING
✓ WEB RE-DESIGN
✓ LOGO DESIGN
✓ SEO SERVICES
✓ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
Mob.: +91-8437636421
webmediaart24@gmail.com
www, webmediaart.com

ਸਭਿਆਚਾਰ

ਸੁਖਮੰਦਰ ਸਿੰਘ ਤੂਰ



# ਗਿੱਧਾ ਮਨ-ਪ੍ਰਚਾਵੇ ਅਤੇ ਸਮਾਜਿਕ ਭਾਈਚਾਰਕ ਸਾਂਝ ਦਾ ਸਾਧਨ

ਗਿੱਧਾ ਸਦਾ ਹੀ ਪੰਜਾਬ ਦੇ ਪੇਂਡੂ ਜਨ-ਜੀਵਨ ਦੇ ਵੱਖ-ਵੱਖ ਮੌਕਿਆਂ ਨਾਲ ਸਬੰਧਿਤ ਰਿਹਾ ਹੈ। ਅਜਿਹੇ ਹਰ ਮੌਕੇ ਉੱਪਰ ਅਨੇਕਾਂ ਰਸਮਾਂ ਨਿਭਾਈਆਂ ਜਾਂਦੀਆਂ ਹਨ ਅਤੇ ਮੌਕੇ ਨਾਲ ਸਬੰਧਿਤ ਸਮਾਜਿਕ ਵਰਗ ਦੀਆਂ ਔਰਤਾਂ ਵੱਲੋਂ ਮਿਲ ਕੇ ਗਿੱਧਾ ਪਾਉਣਾ ਵੀ ਇਨ੍ਹਾਂ ਮੌਕਿਆਂ ਦੇ ਜਸ਼ਨ ਦਾ ਹਿੱਸਾ ਬਣਦਾ ਹੈ। ਇਹ ਖਾਸ ਮੌਕੇ ਹਨ- ਵਿਆਹ, ਮੁੰਡੇ ਦੀ ਛਟੀ, ਮੰਗਣਾ ਆਦਿ। ਇਸ ਤੋਂ ਇਲਾਵਾ ਤੀਆਂ ਅਤੇ ਲੋਹੜੀ ਵਰਗੇ ਤਿਉਹਾਰਾਂ ਨਾਲ ਵੀ ਇਹ ਰਸਮ ਜੁੜੀ ਹੋਈ ਹੈ।

ਗਿੱਧੇ ਦਾ ਸਥਾਨ ਵਧੇਰੇ ਕਰਕੇ ਘਰ ਦਾ ਵਿਹੜਾ ਹੀ ਹੁੰਦਾ ਹੈ ਪਰ ਤੀਆਂ ਮੌਕੇ ਇਹ ਸਥਾਨ ਪਿੰਡੋਂ ਬਾਹਰ ਖੁੱਲ੍ਹੀ ਜਗ੍ਹਾ ਹੁੰਦੀ ਹੈ। ਘਰਾਂ ਦੇ ਵਿਹੜਿਆਂ ਦਾ ਗਿੱਧਾ ਦੇਰ ਸ਼ਾਮ ਨੂੰ ਸ਼ੁਰੂ ਹੋ ਕੇ ਅੱਧੀ ਰਾਤ ਤੱਕ ਚੱਲਦਾ ਹੈ। ਤੀਆਂ ਦਾ ਗਿੱਧਾ ਆਮ ਕਰਕੇ ਦਿਨ ਢਲੇ ਸ਼ੁਰੂ ਹੋ ਕੇ ਸ਼ਾਮ ਨੂੰ ਹਨੇਰਾ ਹੋਣ ਤੱਕ ਚੱਲਦਾ ਹੈ। ਔਰਤਾਂ ਅਤੇ ਲੜਕੀਆਂ ਘਰਾਂ ਦੇ ਵਿਹੜਿਆਂ ਵਿਚ ਇਕੱਠੀਆਂ ਹੋ ਜਾਂਦੀਆਂ ਹਨ। ਵਿਆਹ ਮੌਕੇ ਸਬੰਧਿਤ ਪਰਿਵਾਰ ਵੱਲੋਂ ਆਂਢ-ਗੁਆਂਢ ਅਤੇ ਸਕੇ-ਸਬੰਧੀਆਂ ਨੂੰ ਵਿਸ਼ੇਸ਼ ਤੌਰ 'ਤੇ ਗਿੱਧੇ ਦਾ ਸੱਦਾ ਭੇਜਿਆ ਜਾਂਦਾ ਹੈ। ਗਿੱਧਾ ਸ਼ੁਰੂ ਕਰਨ ਤੋਂ ਪਹਿਲਾਂ ਕੋਈ ਖਾਸ ਧਾਰਮਿਕ ਰਸਮ ਨਹੀਂ ਕੀਤੀ ਜਾਂਦੀ। ਬਸ, ਗਿੱਧੇ ਦਾ ਮਾਹੌਲ ਬਣਦਿਆਂ ਹੀ ਇਕੱਠੀਆਂ ਹੋਈਆਂ ਸੁਆਣੀਆਂ ਵਿਚੋਂ ਕੋਈ ਸਵਾਗਤੀ ਲਹਿਜੇ ਵਿਚ ਦੂਸਰੀਆਂ ਨੂੰ ਮੁਖਾਤਬ ਹੁੰਦੀ ਹੋਈ ਸੱਦਾ ਦਿੰਦੀ ਹੈ ਕਿ ਚੱਲੋ ਹੁਣ ਗਿੱਧਾ ਪਾ ਲਈਏ! ਇਸ਼ਾਰਾ ਮਿਲਦਿਆਂ ਹੀ ਤਿਆਰੀ ਵਿਚ ਆਈਆਂ ਸੁਆਣੀਆਂ ਕੁਝ ਥਾਂ ਵਿਹਲੀ ਕਰਕੇ ਗੋਲ ਜਿਹਾ ਦਾਇਰਾ ਬਣਾ ਲੈਂਦੀਆਂ ਹਨ। ਸਭ ਤੋਂ ਪਹਿਲਾਂ ਇਕ ਔਰਤ ਦਾਇਰੇ ਅੰਦਰ ਖਾਲੀ ਜਗ੍ਹਾ ਵਿਚ ਆ ਕੇ ਬੋਲੀ ਪਾਉਂਦੀ ਹੈ। ਇਹ ਬੋਲੀ ਉੱਚੀ ਹੇਕ ਵਿਚ ਛੋਟੇ ਆਕਾਰ ਦੀ, ਦੋ ਜਾਂ ਤਿੰਨ ਸਤਰਾਂ ਵਿਚ ਹੁੰਦੀ ਹੈ ਅਤੇ ਨਾਲ ਹੀ ਇਹ ਔਰਤ ਹੱਥਾਂ ਨਾਲ ਤਾੜੀ ਮਾਰਨ ਦਾ ਐਕਸ਼ਨ ਵੀ ਕਰਦੀ ਹੈ ਜਿਸ ਨੂੰ ਬੋਲੀ ਚੁੱਕਣਾ ਕਿਹਾ ਜਾਂਦਾ ਹੈ।



ਐਨ ਇਸ ਸਮੇਂ ਇਕ ਹੋਰ ਔਰਤ ਉਸ ਦਾ ਸਾਥ ਦੇਣ ਲਈ ਅੱਗੇ ਆ ਜਾਂਦੀ ਹੈ ਅਤੇ ਇਹ ਦੋਵੇਂ ਔਰਤਾਂ ਆਹਮੋ-ਸਾਹਮਣੇ ਵਾਲੀ ਪੁਜ਼ੀਸ਼ਨ ਵਿਚ ਆ ਕੇ ਘੁੰਮਣ-ਘੇਰੀ ਜਿਹੀ ਬਣਾਉਂਦੀਆਂ, ਤਾਲ ਵਿਚ ਤਾੜੀ ਮਾਰਦੀਆਂ ਸਰੀਰਕ ਮੁਦਰਾਵਾਂ ਦਿਖਾਉਂਦੀਆਂ ਹਨ ਅਤੇ ਨਾਲ ਹੀ ਬੋਲੀ ਦੀ ਅਖ਼ੀਰਲੀ ਸਤਰ ਦਾ ਦੁਹਰਾਉ ਵੀ ਜਾਰੀ ਰੱਖਦੀਆਂ ਹਨ। ਇਸ ਮੌਕੇ ਤੱਕ ਹੋਰ ਔਰਤਾਂ ਦੇ ਸ਼ਾਮਲ ਹੋਣ ਨਾਲ ਘੇਰਾ ਹੋਰ ਵਿਸ਼ਾਲ ਹੋ ਜਾਂਦਾ ਹੈ ਅਤੇ ਖੜ੍ਹੀਆਂ ਔਰਤਾਂ ਵਿਚੋਂ ਬਹੁਤੀਆਂ ਬੋਲੀ ਦੇ ਦੁਹਰਾਉ ਅਤੇ ਤਾੜੀ ਮਾਰਨ ਵਿਚ ਸ਼ਾਮਲ ਹੋ ਜਾਂਦੀਆਂ ਹਨ। ਹੇਠ ਲਿਖੀ ਬੋਲੀ ਪਾਉਣ ਨਾਲ ਗਿੱਧਾ ਸ਼ੁਰੂ ਹੁੰਦਾ ਹੈ :

ਬੋਲੀ ਪਾਵਾਂ, ਸ਼ਗਨ ਮਨਾਵਾਂ
ਸ਼ਗਨਾਂ ਦੇ ਦਿਨ ਆਏ ਸ਼ਾਮ ਜੀ,
ਕਿੱਥੇ ਕੁ ਡੇਰੇ ਲਾਏ, ਸ਼ਾਮ ਜੀ।
ਜਾਂ
ਹਰਿਆ ਹਰਿਆ ਹਰਿਆ,
ਨੀ ਵਿਹੜਾ ਸ਼ਗਨਾਂ ਨਾਲ ਭਰਿਆ
ਜਾਂ
ਧਾਈਏ ਧਾਈਏ ਧਾਈਏ,
ਰੱਬ ਦਾ ਨਾਂ ਲੈ ਕੇ
ਪੈਰ ਗਿੱਧੇ ਵਿਚ ਪਾਈਏ।

ਇਸ ਪਿੱਛੋਂ ਕੁਝ ਹੋਰ ਔਰਤਾਂ ਗਿੱਧੇ ਵਿਚ ਸ਼ਾਮਲ ਹੋ ਕੇ ਇਸ ਨੂੰ ਵਿਸ਼ਾਲ ਰੂਪ ਦੇ ਦਿੰਦੀਆਂ ਹਨ ਅਤੇ ਨਾਲ ਹੀ ਕੋਈ ਹੋਰ ਔਰਤ ਘੇਰੇ ਵਿਚ ਆ ਕੇ ਦੂਸਰੀ ਬੋਲੀ ਸ਼ੁਰੂ ਕਰ ਦਿੰਦੀ ਹੈ। ਬੋਲੀ ਪਾਉਣ ਮੌਕੇ ਉਹ ਵੀ ਇਕੱਲੀ ਹੀ ਹੁੰਦੀ ਹੈ ਪਰ ਅਖੀਰਲੀ ਸਤਰ ਦੇ ਦੁਹਰਾਉ ਕਰਨ ਵੇਲੇ ਤੱਕ ਉਸ ਨਾਲ ਇਕ ਹੋਰ ਔਰਤ ਆ ਜੁੜਦੀ ਹੈ। ਦੋਵੇਂ ਪਹਿਲੇ ਜੁੱਟ ਵਾਂਗ ਤਾੜੀ ਅਤੇ ਅੱਡੀ ਦੇ ਤਾਲ ਨਾਲ ਬੋਲੀ ਦੀ ਅਖੀਰਲੀ ਸਤਰ ਦਾ ਦੁਹਰਾਉਣ ਕਰਦੀਆਂ ਹੋਈਆਂ ਸਾਦਾ ਜਿਹਾ ਨਾਚ ਦਿਖਾਉਂਦੀਆਂ ਹਨ। ਬਾਕੀ ਔਰਤਾਂ ਨਾਲ-ਨਾਲ ਗਾਉਣ ਅਤੇ ਤਾੜੀ ਮਾਰਨ ਵਿਚ ਸ਼ਾਮਲ ਹੁੰਦੀਆਂ ਹਨ। ਤਾੜੀ ਦੂਰ-ਦੂਰ ਤੱਕ ਸੁਣਦੀ ਹੈ : ਨੇੜੇ-ਤੇੜੇ ਸਭ ਪਤਾ ਲੱਗ ਜਾਂਦਾ ਹੈ ਕਿ ਖੁਸ਼ੀ ਦਾ ਕੋਈ ਪ੍ਰੋਗਰਾਮ ਚੱਲ ਰਿਹਾ ਹੈ :-

ਖੱਟ ਕੇ ਲਿਆਂਦੀ ਕਾਂ ਟੂਟੀ,
ਅਸਾਂ ਵੀਰ ਵਿਆਹਿਆ,
ਰੱਬ ਨੇ ਲਾਈ ਬੂਟੀ।
ਜਾਂ
ਬੱਲੇ ਬੱਲੇ,
ਬਈ ਵੀਰ ਘਰ ਪੁੱਤ ਜੰਮਿਆ,
ਚੰਨ ਚੜ੍ਹਿਆ ਬਾਪ ਦੇ ਵਿਹੜੇ।

ਇਸ ਪਿੱਛੋਂ ਔਰਤਾਂ ਵਾਰੀ ਵਾਰੀ ਗਿੱਧੇ ਵਿਚ ਆਪੋ-ਆਪਣਾ ਹਿੱਸਾ ਪਾਉਣ ਲਈ ਅੱਗੇ ਆਉਂਦੀਆਂ ਰਹਿੰਦੀਆਂ ਹਨ ਅਤੇ ਮਾਹੌਲ ਪੂਰੀ ਤਰ੍ਹਾਂ ਭਖ ਜਾਂਦਾ ਹੈ। ਇਸ ਦੌਰਾਨ ਗਿੱਧੇ ਦਾ ਕਲਾਤਮਕ ਪਹਿਲੂ ਭਾਰੂ ਹੋ ਜਾਂਦਾ ਹੈ। ਗਿੱਧੇ ਵਿਚ ਔਰਤਾਂ ਤੋਂ ਇਲਾਵਾ ਮਰਦ ਵੀ ਦਰਸ਼ਕ ਦੇ ਰੂਪ ਵਿਚ ਸ਼ਾਮਲ ਹੋ ਜਾਂਦੇ ਹਨ। ਗਿੱਧੇ ਵਿਚ ਹਰ ਉਮਰ ਦੀਆਂ ਔਰਤਾਂ ਇਕੋ ਜਿਹੇ ਜੋਸ਼ ਅਤੇ ਭਾਵਨਾਵਾਂ ਨਾਲ ਸ਼ਾਮਲ ਹੁੰਦੀਆਂ ਹਨ। ਸ਼ੁਰੂ ਸ਼ੁਰੂ ਵਿਚ ਦੋ-ਚਾਰ ਬੋਲੀਆਂ ਪਿਛੋਂ ਬੋਲੀਆਂ ਦਾ ਹੜ੍ਹ ਆ ਜਾਂਦਾ ਹੈ :-

ਹਰਾ ਹਰਾ ਸਾਗ ਚਲਾਈ ਦਾ ਵੇ,
ਲਾਵਾਂ ਲਈਆਂ ਤੇ ਲੈਣ ਕਿਉਂ ਨਹੀਂ ਆਈਦਾ ਵੇ।

ਗਿੱਧਾ ਜਦੋਂ ਜ਼ੋਬਨ 'ਤੇ ਪਹੁੰਚ ਜਾਂਦਾ ਹੈ ਤਾਂ ਇਸ ਵਿਚ ਕੁਝ ਤਮਾਸ਼ਾ ਐਕਸ਼ਨ ਵੀ ਸ਼ਾਮਲ ਹੋ ਜਾਂਦੇ ਹਨ। ਤਮਾਸ਼ੇ ਦੀਆਂ ਤਿੰਨ ਵੰਨਗੀਆਂ ਹੁੰਦੀਆਂ ਹਨ। ਪਹਿਲੀ ਵੰਨਗੀ ਦੇ ਬੋਲ ਲਗਭਗ ਬੋਲੀਆਂ ਵਰਗੇ ਹੁੰਦੇ ਹਨ। ਪਹਿਲਾਂ ਇਕ ਜਾਂ ਦੋ ਸਤਰਾਂ ਬੋਲੀਆਂ ਜਾਂਦੀਆਂ ਹਨ ਅਤੇ ਫਿਰ ਪਿੱਛੇ ਪਿੱਛੇ ਔਰਤਾਂ ਦਾ ਇਕੱਠ ਬੋਲਦਾ ਹੈ। ਇਉਂ ਅੱਗੜ-ਪਿੱਛੜ ਬੋਲਣ ਦਾ ਸਿਲਸਿਲਾ ਕਾਫੀ ਦੇਰ ਤੱਕ ਚੱਲਦਾ ਰਹਿੰਦਾ ਹੈ। ਇਸ ਦੌਰਾਨ ਔਰਤਾਂ ਦੀਆਂ ਸਰੀਰਕ ਮੁਦਰਾਵਾਂ ਵੀ ਬੋਲਾਂ ਦੇ ਨਾਲ ਨਾਲ ਹੀ ਸ਼ੁਰੂ ਹੋ ਜਾਂਦੀਆਂ ਹਨ।

ਇਹ ਗਿੱਧੇ ਦਾ ਸਿਖਰ ਹੁੰਦਾ ਹੈ। ਇਸ ਸਮੇਂ ਤਮਾਸ਼ੇ ਦੀ ਦੂਸਰੀ ਵੰਨਗੀ ਸ਼ੁਰੂ ਹੁੰਦੀ ਹੈ। ਇਸ ਵੰਨਗੀ ਵਿਚ ਝਾਕੀਆਂ ਵੀ ਪੇਸ਼ ਕੀਤੀਆਂ ਜਾਂਦੀਆਂ ਹਨ, ਕੁਝ ਵਾਰਤਾਲਾਪ ਵੀ ਸ਼ਾਮਲ ਕਰ ਲਏ ਜਾਂਦੇ ਹਨ। ਇੱਥੇ ਆ ਕੇ ਨਾਚ ਦਾ ਅੰਸ਼ ਕਾਫੀ ਘਟ ਜਾਂਦਾ ਹੈ ਅਤੇ ਨਾਟਕੀ ਅੰਸ਼ ਭਾਰੂ ਹੋ ਜਾਂਦਾ ਹੈ। ਇਸ ਨੂੰ ਸਵਾਂਗ ਵੀ ਆਖਿਆ ਜਾਂਦਾ ਹੈ ਜੋ ਹਾਸੇ-ਠੱਠੇ ਨਾਲ ਭਰਪੂਰ ਹੁੰਦਾ ਹੈ। ਤੀਸਰੀ ਵੰਨਗੀ ਵਿਚ ਨਾਚ ਦਾ ਅੰਸ਼ ਤਾਂ ਲੱਗਭਗ ਖਤਮ ਹੋ ਜਾਂਦਾ ਹੈ ਅਤੇ ਨਾਟਕੀ ਪੇਸ਼ਕਾਰੀ ਵਿਚ ਕੁਝ ਅਸ਼ਲੀਲਤਾ ਵੀ ਆ ਜਾਂਦੀ ਹੈ। ਇਸ ਵਿਚ ਹਾਸਾ-ਠੱਠਾ ਵੀ ਨੀਵੀਂ ਪੱਧਰ ਦਾ ਹੋ ਜਾਂਦਾ ਹੈ।

ਇੱਥੇ ਆ ਕੇ ਗਿੱਧਾ ਸਮਾਪਤੀ ਵੱਲ ਵਧਣਾ ਸ਼ੁਰੂ ਹੋ ਜਾਂਦਾ ਹੈ, ਔਰਤਾਂ ਹੌਲੀ ਹੌਲੀ ਆਪੋ-ਆਪਣੇ ਘਰ ਪਰਤਣ ਲੱਗਦੀਆਂ ਹਨ ਅਤੇ ਅਖੀਰਲੇ ਸਮੂਹ ਵਿਚੋਂ ਕੋਈ ਇਕ ਔਰਤ ਇਹ ਆਖ ਦਿੰਦੀ ਹੈ ਕਿ ਚਲੋ ਬੱਸ ਕਰੋ, ਹੁਣ ਘਰੀਂ ਜਾ ਕੇ ਸੌਂਈਏ, ਸਵੇਰੇ ਉੱਠ ਕੇ ਕੰਮ ਵੀ ਕਰਨੇ। ਹੌਲੀ ਹੌਲੀ ਗਿੱਧੇ ਦਾ ਪਿੜ ਖਾਲੀ ਹੋ ਜਾਂਦਾ ਹੈ। ਘਰ ਵਾਲੇ ਗਿੱਧੇ ਵਿਚ ਸ਼ਾਮਲ ਸਭ ਔਰਤਾਂ ਨੂੰ ਵਿੱਤ ਮੁਤਾਬਕ ਭਾਜੀ/ਮਠਿਆਈ ਦਿੰਦੇ ਹਨ। ਇਉਂ ਜੀਵਨ ਦੇ ਮਹੱਤਵਪੂਰਨ ਮੌਕਿਆਂ ਨਾਲ ਸਬੰਧਿਤ ਸਮਾਜਿਕ ਰਸਮ ਨਾਲ ਸ਼ੁਰੂ ਹੋਇਆ ਗਿੱਧਾ ਮਨ-ਪ੍ਰਚਾਵੇ ਅਤੇ ਸਮਾਜਿਕ ਭਾਈਚਾਰਕ ਸਾਂਝ ਦਾ ਸਾਧਨ ਹੋ ਨਿਬੜਦਾ ਹੈ।



## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਨੂੰ ਸਮਰਪਿਤ 22 ਸਤੰਬਰ 'ਤੇ ਵਿਸ਼ੇਸ਼

ਬਾਬਰ ਵਾਣੀ
ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਬਾਬਰ ਦੇ ਜ਼ੁਲਮ ਵਿਰੁਧ ਸਤਿਗੁਰੂ ਨਾਨਕ ਦਾ ਸੰਘਰਸ਼

> "ਬਾਬਰ ਨੇ 1525 ਵਿਚ ਪੰਜਾਬ ਦੇ ਗਵਰਨਰ ਦੌਲਤ ਖਾਂ ਲੋਧੀ ਨੂੰ ਕਰਾਰੀ ਹਾਰ ਦਿੱਤੀ। ਬਾਬਰ ਨੇ ਪੰਜਾਬ ਨੂੰ ਆਪਣੇ ਅਧੀਨ ਕਰ ਲਿਆ। ਦਿੱਲੀ ਦਾ ਸੁਲਤਾਨ ਇਬਰਾਹਿਮ ਲੋਧੀ ਇਕ ਲੱਖ ਦੀ ਸੈਨਾ ਨਾਲ ਬਾਬਰ ਵੱਲ ਵਧਿਆ। ਅਪ੍ਰੈਲ 21, 1526 ਨੂੰ ਪਾਣੀਪਤ ਦੇ ਮੈਦਾਨ ਵਿਚ ਸੁਲਤਾਨ ਇਬਰਾਹਿਮ ਲੋਧੀ ਦੀ ਸੈਨਾ ਨੇ ਹਮਲਾ ਕਰ ਦਿੱਤਾ। ਬਾਬਰ ਦੀ ਸੈਨਾ ਨੇ ਚੜ੍ਹਾਈ ਕਰ ਦਿੱਤੀ। ਦਿੱਲੀ ਦੀ ਸੇਨਾ ਵਿਚ ਘਬਰਾਹਟ ਪੈ ਗਈ। ਬਾਬਰ ਨੇ ਸੈਨਾ ਨੂੰ ਪਿਛਲੇ ਪਾਸੇ ਤੋਂ ਘੇਰਨ ਲਈ ਕਿਹਾ। ਸਾਹਮਣੇ ਤੋਂ ਗੋਲੇ ਵਰਸਾਉਣੇ ਸ਼ੁਰੂ ਕਰ ਦਿੱਤੇ। ਉਸਤਾਦ ਅਲੀ ਅਤੇ ਮੁਸਤਫ਼ਾ ਦੇ ਬਾਰੂਦੀ ਹਮਲੇ ਅਤੇ ਨੇਜ਼ਿਆਂ ਨਾਲ ਰਣ ਖੇਤਰ ਗਰਮਾ ਗਿਆ। ਲਾਸ਼ਾਂ ਦੇ ਢੇਰ ਲੱਗ ਗਏ। ਕੁਝ ਹੀ ਸਮੇਂ ਵਿਚ ਬਾਬਰ ਜੇਤੂ ਰਿਹਾ।"

ਮੁਗਲ ਰਾਜ ਦਾ ਬਾਨੀ ਬਾਦਸ਼ਾਹ ਬਾਬਰ ਇਕ ਕਵੀ, ਵਿਦਵਾਨ, ਜਮਾਂਦਰੂ ਬਹਾਦਰ ਜਰਨੈਲ, ਜਿਸਮਾਨੀ ਬਲਵਾਨ, ਕਸਰਤ ਅਭਿਆਸੀ, ਘੋੜ ਸਵਾਰ, ਤੈਰਾਕ, ਸ਼ਿਕਾਰੀ, ਬੁਲੰਦ ਹੌਂਸਲਾ, ਖੁਸ਼ਦਿਲ ਅਤੇ ਦਿਆਲੂ ਸ਼ਾਸਕ ਸੀ। ਬਾਬਰ ਨੇ ਬੜੀਆਂ ਘਰੇਲੂ ਮੁਸ਼ਕਲਾਂ ਵਿਚੋਂ ਲੰਘ ਕੇ ਮੁਗਲ ਸਾਮਰਾਜ ਦੀ ਨੀਂਹ ਰੱਖੀ ਜੋ ਤਿੰਨ ਸਦੀਆਂ ਤੱਕ ਕਾਬਜ ਰਹੀ। ਬਾਬਰ ਦਾ ਪਿਛੋਕੜ ਮੰਗੋਲੀਆ ਦੇ ਬਰਲਾਸ ਕਬੀਲੇ ਤੋਂ ਹੈ। ਜਿਸ ਦੇ ਲੋਕਾਂ ਤੇ ਤੁਰਕ ਅਤੇ ਫਾਰਸੀ ਸੱਭਿਆਚਾਰ ਦਾ ਪ੍ਰਭਾਵ ਸੀ। ਮੰਗੋਲੀਆ ਦਾ ਧਰਮ ਇਸਲਾਮ ਸੀ। ਬਾਬਰ ਦਾ ਜਨਮ 23 ਫਰਵਰੀ 1483 ਵਿਚ ਫਰਗਾਨਾ ਦੇ ਸ਼ਹਿਰ ਅੰਦੀਜਾਨ ਵਿਚ ਹੋਇਆ ਜੋ ਹੁਣ ਉਬੇਜਿਕਸਤਾਨ ਵਿਚ ਹੈ। ਉਸ ਦੇ ਪਿਤਾ ਉਮਰ ਸ਼ੇਖ ਮਿਰਜਾ ਫਰਗਾਨਾ ਘਾਟੀ ਦੇ ਸ਼ਾਸਕ ਸਨ। ਮਾਤਾ ਦਾ ਨਾਉਂ ਕਤਲਗ ਨਿਗਾਰ ਖਾਨਮ ਸੀ। ਉਹ 12 ਸਾਲ ਦੀ ਉਮਰ ਵਿਚ ਸ਼ਾਸਕ ਬਣਿਆ। ਉਸ ਦੀ ਮਾਤ ਭਾਸ਼ਾ ਚੁਗਤਾਈ ਸੀ। ਚੁਗਤਾਈ ਵਿਚ ਆਪਣੀ ਜੀਵਨੀ 'ਬਾਬਰਨਾਮਾ' ਲਿਖੀ। ਉਹ ਫਾਰਸੀ ਵਿਚ ਵੀ ਨਿਪੁੰਨ ਸੀ। ਬਾਬਰ ਦੇ ਦਾਇਰੇ ਵਿਚ ਤੁਰਕ ਅਤੇ ਫਾਰਸੀ ਲੋਕ ਸਨ। ਉਸ ਦੀ ਫੌਜ ਵਿਚ ਤੁਰਕ, ਫਾਰਸੀ, ਪਸ਼ਤੋ, ਬਰਲਾਸ ਅਤੇ ਮੱਧ ਏਸ਼ੀਆ ਕਬੀਲੇ ਦੇ ਸਨ। ਬਾਬਰ ਇਕ ਸ਼ਕਤੀਸ਼ਾਲੀ ਪੁਰਸ਼ ਸੀ। ਉਸ ਨੇ ਰਸਤੇ ਵਿਚ ਆਏ ਦਰਿਆ ਤੈਰ ਕੇ ਪਾਰ ਕੀਤੇ। ਗੰਗਾ ਨੂੰ ਉਸ ਨੇ ਦੋ ਵਾਰ ਪਾਰ ਕੀਤਾ।

ਬਾਬਰ ਦੀ ਰਾਜ ਸਥਾਪਤ ਕਰਨ ਦੀ ਇੱਛਾ ਵੇਲੇ ਭਾਰਤ ਛੋਟੇ ਛੋਟੇ ਰਾਜਾਂ ਵਿਚ ਵੰਡਿਆ ਹੋਇਆ ਸੀ। ਉਹ ਇਕ ਦੂਸਰੇ ਦੇ ਵਿਰੁਧ ਕਿਰਪਾਨ ਕੱਢੀ ਰੱਖਦੇ ਸਨ। ਕੋਈ ਕੇਂਦਰੀ ਮਜ਼ਬੂਤ ਸ਼ਕਤੀ ਨਹੀਂ ਸੀ। ਵੰਡੇ ਹੋਏ ਭਾਰਤ ਵਿਚ ਦਿੱਲੀ, ਪੰਜਾਬ, ਸਿੰਧ, ਬੰਗਾਲ, ਜੋਨਪੁਰ, ਗੁਜਰਾਤ, ਮੇਵਾੜ, ਰਾਜਪੂਤਾਨਾ, ਖੰਦੇਸ਼, ਦੱਖਣ ਕਸ਼ਕੀਰ ਅਤੇ ਪਾਣੀਪਤ ਆਦਿ। ਬਾਬਰ ਨੇ ਭਾਰਤ ਤੇ ਪਹਿਲਾ ਹਮਲਾ 1519 ਵਿਚ ਕੀਤਾ। ਇਸ ਹਮਲੇ ਵਿਚ ਉਸ ਨੇ ਬਜੌਰ ਅਤੇ ਭੇਰਾ ਜਿੱਤੇ। ਦੂਸਰੇ ਹਮਲੇ ਵਿਚ ਪਿਸ਼ਾਵਰ ਤੱਕ ਪੁੱਜਾ। ਤੀਸਰੇ ਹਮਲੇ ਵਿਚ ਸਿਆਲਕੋਟ ਅਤੇ ਸਯੱਦਪੁਰ ਤੇ ਕਬਜਾ ਕੀਤਾ। ਕੁਝ ਹੀ ਸਾਲਾਂ ਵਿਚ ਉਹ ਕਾਬਲ ਤੇ ਕਾਬਜ ਹੋਇਆ। ਇਸ ਵੇਲੇ ਆਲਮ ਖਾਂ ਅਤੇ ਦੌਲਤ ਖਾਂ ਨੇ ਉਸ ਨੂੰ ਭਾਰਤ ਤੇ ਹਮਲਾ ਕਰਨ ਦਾ ਸੱਦਾ ਦਿੱਤਾ। ਉਹ 1524 ਵਿਚ ਭਾਰਤ ਵੱਲ ਵਧਿਆ। ਉਹ ਭੇਰੇ ਤੋਂ ਲਾਹੌਰ ਪੁੱਜਾ। ਉਸ ਨੇ ਦਿੱਲੀ ਨੂੰ ਹਰਾਇਆ ਅਤੇ ਕਾਬਲ ਪਰਤ ਗਿਆ।

ਬਾਬਰ ਨੇ 1525 ਵਿਚ ਪੰਜਾਬ ਦੇ ਗਵਰਨਰ ਦੌਲਤ ਖਾਂ ਲੋਧੀ ਨੂੰ ਕਰਾਰੀ ਹਾਰ ਦਿੱਤੀ। ਬਾਬਰ ਨੇ ਪੰਜਾਬ ਨੂੰ ਆਪਣੇ ਅਧੀਨ ਕਰ ਲਿਆ। ਦਿੱਲੀ ਦਾ ਸੁਲਤਾਨ ਇਬਰਾਹਿਮ ਲੋਧੀ ਇਕ ਲੱਖ ਦੀ ਸੈਨਾ ਨਾਲ ਬਾਬਰ ਵੱਲ ਵਧਿਆ। ਅਪ੍ਰੈਲ 21, 1526 ਨੂੰ ਪਾਣੀਪਤ ਦੇ ਮੈਦਾਨ ਵਿਚ ਸੁਲਤਾਨ ਇਬਰਾਹਿਮ ਲੋਧੀ ਦੀ ਸੈਨਾ ਨੇ ਹਮਲਾ ਕਰ ਦਿੱਤਾ। ਬਾਬਰ ਦੀ ਸੈਨਾ ਨੇ ਚੜ੍ਹਾਈ ਕਰ ਦਿੱਤੀ। ਦਿੱਲੀ ਦੀ ਸੇਨਾ ਵਿਚ ਘਬਰਾਹਟ ਪੈ ਗਈ। ਬਾਬਰ ਨੇ ਸੈਨਾ ਨੂੰ ਪਿਛਲੇ ਪਾਸੇ ਤੋਂ ਘੇਰਨ ਲਈ ਕਿਹਾ। ਸਾਹਮਣੇ ਤੋਂ ਗੋਲੇ ਵਰਸਾਉਣੇ ਸ਼ੁਰੂ ਕਰ ਦਿੱਤੇ। ਉਸਤਾਦ ਅਲੀ ਅਤੇ ਮੁਸਤਫ਼ਾ ਦੇ ਬਾਰੂਦੀ ਹਮਲੇ ਅਤੇ ਨੇਜਿਆਂ ਨਾਲ ਰਣ ਖੇਤਰ ਗਰਮਾ ਗਿਆ। ਲਾਸ਼ਾਂ ਦੇ ਢੇਰ ਲੱਗ ਗਏ। ਕੁਝ ਹੀ ਸਮੇਂ ਵਿਚ ਬਾਬਰ ਜੇਤੂ ਰਿਹਾ। ਸੁਲਤਾਨ ਇਬਰਾਹਿਮ ਲੋਧੀ ਹਜ਼ਾਰ ਸੈਨਿਕਾਂ ਨਾਲ ਮਾਰਿਆ ਗਿਆ। ਪਾਣੀਪਤ ਦੀ ਲੜਾਈ ਦਾ ਵਿਸ਼ੇਸ਼ ਮਹੱਤਵ ਹੈ ਕਿ ਦਿੱਲੀ ਦੀ ਸਲਤਨਤ ਦਾ ਅੰਤ ਹੋਇਆ ਤੇ ਭਾਰਤ ਵਿਚ ਮੁਗਲ ਰਾਜ ਦੀ ਸਥਾਪਤੀ ਹੋਈ।

ਪਾਣੀਪਤ ਦੀ ਜਿੱਤ ਤੋਂ ਬਾਅਦ ਉੱਤਰੀ ਭਾਰਤ ਵਿਚ ਮੇਵਾੜ ਦੇ ਰਾਣਾ ਸਾਂਗਾ ਨਾਲ ਯੁੱਧ ਹੋਇਆ। ਉਹ ਵੀ ਇਕ ਵੀਰ ਬਹਾਦਰ ਯੋਧਾ ਸੀ। ਉਸ ਕੋਲ ਵੱਡੀ ਸੈਨਾ ਸੀ। ਯੁੱਧ ਕਨਵਾਹ ਦੇ ਮੈਦਾਨ ਵਿਚ ਹੋਇਆ। ਰਾਣਾ ਸਾਂਗਾ ਦੇ ਨਾਲ ਸੁਲਤਾਨ ਮਹਿਮੂਦ ਅਤੇ ਹਸਨ ਖਾਂ ਮੇਵਾੜੀ ਦੀ ਸੈਨਾ ਵੀ ਆਣ ਰਲੀ। ਯੁੱਧ ਕਨਵਾਹ ਦੇ ਮੈਦਾਨ ਵਿਚ ਹੋਇਆ। ਰਾਜਪੂਤਾਂ ਦੇ ਅਣਖ ਅਤੇ ਬਹਾਦਰੀ ਦੇ ਚਰਚੇ ਸਨ। ਮੁਗਲ ਸੈਨਿਕਾਂ ਦੇ ਹੌਂਸਲੇ ਢਹਿੰਦੇ ਜਾ ਰਹੇ ਸਨ। ਬਾਬਰ ਨੇ ਆਪਣੇ ਸੈਨਿਕਾਂ ਨੂੰ ਇਸਲਾਮ ਦੇ ਝੰਡੇ ਹੇਠ ਲੜਨ ਲਈ ਲਾਮਬੰਦ ਕਰ ਲਿਆ। ਉਹ ਮਰ ਮਿਟਣ ਲਈ ਤਿਆਰ ਹੋ ਗਏ। ਮਾਰਚ 17, 1527 ਨੂੰ ਕਨਵਾਹ ਰਣ ਖੇਤਰ ਵਿਚ ਯੁੱਧ ਹੋਇਆ। ਬਾਬਰ ਨੇ ਪਾਣੀਪਤ ਵਾਲੀ ਯੁੱਧ ਨੀਤੀ ਅਪਣਾਈ। ਰਾਣਾ ਸਾਂਗਾ ਦੀ ਸੰਯੁਕਤ ਫੌਜ ਚਾਰ ਭਾਗਵਾਂ ਵਿਚ ਵੰਡੀ ਹੋਈ ਸੀ। ਬਾਬਰ ਨੇ ਸੱਜੀ ਬਾਹੀ ਤੋਂ ਹਲਮਾ ਕੀਤਾ। ਘਮਸਾਨ ਦੇ ਯੁੱਧ ਵਿਚ ਉਸਤਾਦ ਅਲੀ ਦੇ ਬਾਰੂਦੀ ਤੋਪ ਦੇ ਗੋਲਿਆ ਨੇ ਦੁਸ਼ਮਣ ਨੂੰ ਭਾਜੜ ਪਾ ਦਿੱਤੀ। ਉਹ ਚਾਰੋਂ ਪਾਸਿਆਂ ਤੋਂ ਨੱਠਣ ਲੱਗੇ। ਰਾਣਾ ਸਾਂਗਾ ਵੀ ਜ਼ਖ਼ਮੀ ਹੋ ਕੇ ਰਣ ਖੇਤਰ ਵਿਚੋਂ ਭੱਜ ਗਿਆ। ਬਾਬਰ ਜੇਤੂ ਰਿਹਾ।

ਬਾਬਰ ਉਤਰੀ ਭਾਰਤ ਵਿਚ ਮੁਗਲ ਰਾਜ ਸਥਾਪਤ ਕਰਨ ਵਿਚ ਸਫ਼ਲ ਰਿਹਾ। ਉਸ ਦੀ ਸ਼ਕਤੀ ਨੂੰ ਚਿਤਾਵਨੀ ਦੇਣ ਵਾਲਾ ਕੋਈ ਨਹੀਂ ਸੀ। ਬਾਬਰ ਇਕ ਦਿਆਲੂ ਜੋ ਦੋਸਤੀ ਅਤੇ ਰਿਸ਼ਤਿਆਂ ਦੀ ਕਦਰ ਕਰਦਾ ਸੀ ਅਤੇ ਮਦਦ ਵੀ ਕਰਦਾ ਸੀ। ਉਸ ਦੀ ਸੁੰਦਰਤਾ ਅਤੇ ਸ਼ਖਸੀਅਤ ਪ੍ਰਭਾਵਸ਼ਾਲੀ ਸੀ। ਜੰਗੀ ਹੁਨਰ ਉਸ ਨੂੰ ਵਿਰਾਸਤ ਵਿਚ ਮਿਲਿਆ ਸੀ। ਮੁਸ਼ਕਲਾਂ ਦੀਆਂ ਘੜੀਆਂ ਵਿਚ ਵੀ ਅਡੋਲ ਸ਼ਾਂਤ ਅਤੇ ਆਤਮ ਵਿਸ਼ਵਾਸ਼ ਵਿਚ ਰਹਿੰਦਾ ਸੀ। ਉਹ ਜਮੀਨ ਨਾਲ ਜੁੜਿਆ ਹੋਇਆ ਬਾਦਸ਼ਾਹ ਸੀ। ਉਹ ਕਵੀ ਸੰਗੀਤ ਪ੍ਰੇਮੀ ਅਤੇ ਕੁਦਰਤ ਦੀ ਕਦਰ ਕਰਦਾ ਸੀ। ਉਸ ਨੇ ਬਹੁਤ ਸਾਰੇ ਬਾਗ਼ ਅਤੇ ਇਮਾਰਤਾਂ ਦਾ ਨਿਰਮਾਣ ਕੀਤਾ। ਉਸ ਦੀ ਜ਼ਿੰਦਗੀ ਦਾ ਸਾਰਾ ਸਮਾਂ ਯੁੱਧਾਂ ਜਿੱਤਾਂ ਵਿਚ ਬੀਤਿਆ। ਉਹ ਆਪਣੇ ਰਾਜ ਪ੍ਰਬੰਧ ਲਈ ਦੂਸਰਿਆਂ ਤੇ ਨਿਰਭਰ ਸੀ। ਬਹੁਤ ਸਾਰੇ ਪ੍ਰਬੰਧਕ ਉਸ ਦੀ ਆਗਿਆ ਵੀ ਨਹੀਂ ਮੰਨਦੇ ਸਨ। ਮਾਲੀ ਤੌਰ 'ਤੇ ਕਮਜ਼ੋਰ ਰਿਹਾ। ਇਸ ਲਈ ਉਸ ਦੇ ਪੁੱਤਰ ਹਿਮਾਂਯੂ ਨੂੰ ਗੱਦੀ ਮਿਲਣ ਤੇ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਹਿਮਾਂਯੂ ਸ਼ੇਰ ਸ਼ਾਹ ਸੂਰੀ ਹੱਥੋਂ ਹਾਰ ਗਿਆ (1540-1555) ਅਤੇ ਸਾਲ ਗੱਦੀ ਤੋਂ ਵਾਂਝਾ ਰਿਹਾ। ਫਿਰ ਵੀ ਬਾਬਰ ਨੂੰ ਇਤਹਿਾਰ ਵਿਚ ਮੁਗਲ ਰਾਜ ਦਾ ਬਾਨੀ ਬਹਾਦਰ ਨਾਇਕ ਮੰਨਿਆ ਜਾਂਦਾ ਰਿਹਾ ਹੈ।

47 ਸਾਲ ਦੀ ਉਮਰ ਵਿਚ ਉਸ ਦੀ ਮੌਤ ਆਗਰਾ ਵਿਖੇ 26 ਦਸੰਬਰ, 1530 ਵਿਚ ਹੋਈ। ਉਸ ਨੂੰ ਆਗਰੇ ਵਿਚ ਦਫ਼ਨਾਇਆ ਗਿਆ। ਫਿਰ 1539 ਵਿਚ ਉਸ ਦੀ ਯਾਦਗਾਰ ਕਾਬਲ ਵਿਚ ਬਣੀ।

ਬਾਬਰ ਵਾਣੀ : ਬਾਬਰ ਦੇ ਹਮਲਿਆਂ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਗੁਰੂ ਨਾਨਕ ਦੇਵ ਜੀ ਤੀਸਰੀ ਉਦਾਸੀ ਦੇ ਵਿਚ ਐਮਨਾਬਾਦ ਪੁੱਜੇ ਸਨ। ਬਾਬਰ ਦੇ ਫੌਜੀਆਂ ਹੱਥੋਂ ਜੋ ਦੁਰਗਤੀ ਸੈਦਪੁਰ ਨਿਵਾਸੀਆਂ ਦੀ ਅੱਖੀਂ ਵੇਖੀ ਬਾਬਰ ਵਾਣੀ ਵਿਚ ਹੈ। ਕਿ ਖੁਰਾਸਾਨ ਦੀ ਹਵਾਲਗੀ ਕਿਸੇ ਹੋਰ ਨੂੰ ਕਰਕੇ ਬਾਬਰ ਮੁਗਲ ਨੇ ਹਮਲਾ ਕਰਕੇ ਹਿੰਦੁਸਤਾਨ ਨੂੰ ਆ ਸਹਿਮ ਪਾਇਆ। ਜਿਹੜੇ ਲੋਕ ਆਪਣੇ ਫਰਜ ਭੁੱਲ ਕੇ ਰੰਗਰਲੀਆਂ ਵਿਚ ਪੈ ਜਾਂਦੇ ਹਨ, ਉਨ੍ਹਾਂ ਨੂੰ ਸਜ਼ਾ ਭੁਗਤਣੀ ਹੀ ਪੈਂਦੀ ਹੈ। ਇਸ ਬਾਰੇ ਕਰਤਾਰ ਆਪਣੇ 'ਤੇ ਇਤਰਾਜ਼ ਨਹੀਂ ਆਉਣ ਦੇਂਦਾ। ਸੋ ਫਰਜ ਭੁਲਾ ਕੇ ਵਿਕਾਰਾਂ ਵਿਚ ਮਸਤ ਅਤੇ ਪਠਾਣ ਹਾਕਮਾਂ ਨੂੰ ਦੰਡ ਦੇਣ ਲਈ ਕਰਤਾਰ ਨੇ ਮੁਗਲ ਬਾਬਰ ਨੂੰ ਯਮਰਾਜ ਬਣਾ ਕੇ ਹਿੰਦੁਤਸਾਨ ਤੇ ਚਾੜ੍ਹ ਦਿੱਤਾ। ਪਰ ਹੇ ਕਰਤਾਰ! ਬਦ ਮਸਤ ਪਠਾਣ ਹਾਕਮਾਂ ਦੇ ਨਾਲ ਗਰੀਬ ਨਿਹੱਥੇ ਲੋਕ ਭੀ ਪਿਸ ਗਏ ਇਤਨੀ ਮਾਰ ਪਈ ਕਿ ਉਹ ਹਾਇ-ਹਾਇ ਪੁਕਾਰ ਉੱਠੇ। ਕੀ ਇਹ ਸਭ ਕੁਝ ਵੇਖ ਕੇ ਤੈਨੂੰ ਉਨ੍ਹਾਂ 'ਤੇ ਤਰਸ ਨਹੀਂ ਆਇਆ।

ਹੇ ਕਰਤਾਰ, ਤੂੰ ਸਭਨਾਂ ਹੀ ਜੀਵਾਂ ਦੀ ਸਾਰ ਰੱਖਣ ਵਾਲਾ ਹੈ। ਜੇ ਕੋਈ ਜੋਰਾਵਰ, ਜੋਰਾਵਰ ਨੂੰ ਮਾਰ ਕੁਟਾਈ ਕਰੇ ਤਾਂ ਵੇਖਣ ਵਾਲਿਆਂ ਦੇ ਮਨ ਵਿਚ ਗੁੱਸਾ ਗਿਲਾ ਨਹੀਂ ਹੁੰਦਾ। ਕਿਉਂਕਿ ਦੋਵੇਂ ਧਿਰਾਂ ਇਕ ਦੂਜੇ ਨੂੰ ਕਰਾਰੇ ਹੱਥ ਵਿਖਾ ਲੈਂਦੇ ਹਨ। ਰਹਾਉ॥

ਪਰ ਜੇ ਕੋਈ ਸ਼ੇਰ ਵਰਗਾ ਜੋਰਾਵਰ ਗਾਈਆਂ ਦੇ ਵਗ ਵਰਗੇ ਕਮਜ਼ੋਰ ਨਿਹੱਥਿਆਂ 'ਤੇ ਹੱਲ੍ਹਾ ਕਰਕੇ ਮਾਰਨ ਨੂੰ ਆਪਣੇ ਤਾਂ ਇਸ ਦੀ ਪੂਛ ਵਗ ਦੇ ਖਸਮ ਨੂੰ ਹੁੰਦੀ ਹੇ। ਤਾਹੀਏ, ਹੇ ਕਰਤਾਰ! ਮੈਂ ਤੇਰੇ ਅੱਗੇ ਪੁਕਾਰ ਕਰਦਾ ਹਾਂ, ਕੁੱਤੇ ਓਪਰੇ ਕੁੱਤਿਆਂ ਨੂੰ ਵੇਖ ਕੇ ਜ਼ਰ ਨਹੀਂ ਸਕਦੇ। ਪਾੜ ਖਾਂਦੇ ਹਨ, ਇਸੇ ਤਰ੍ਹਾਂ ਮਨੁੱਖ ਨੂੰ ਪਾੜ ਖਾਣ ਵਾਲੇ ਇਨ੍ਹਾਂ ਮਨੁੱਖ ਰੂਪ ਮੁਗਲ ਕੁੱਤਿਆਂ ਨੇ ਤੇਰੇ ਬਣਾਏ ਸੋਹਣੇ ਬੰਦਿਆਂ ਨੂੰ ਮਾਰ ਮਾਰ ਕੇ ਮਿੱਟੀ ਵਿਚ ਰੋਲ ਦਿੱਤਾ ਹੇ। ਮਰੇ ਪਿਆਂ ਦੀ ਕੋਈ ਸਾਰ ਹੀ ਨਹੀਂ ਲੈਂਦਾ।



ਹੇ ਕਰਤਾਰ! ਤੇਰੀ ਰਜ਼ਾ ਹੀ ਤੂੰ ਹੀ ਜਾਦੇ। ਤੂੰ ਆਪ ਹੀ ਸਬੰਧ ਜੋੜ ਕੇ ਆਪ ਹੀ ਇਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਕੇ ਆਪੇ ਵਿਚੋਂ ਵਿਛੋੜ ਦਿੱਤਾ ਹੈ। ਵੇਖ ਹੇ ਕਰਤਾਰ, ਇਹ ਤੇਰੀ ਤਾਕਤ ਦਾ ਕ੍ਰਿਸ਼ਮਾ ਹੈ।

ਧੰਨ-ਪਦਾਰਥ ਹਕੂਮਤ ਦੇ ਨਸ਼ੇ ਵਿਚ ਮਨੁੱਖ ਆਪਣੀ ਹਸਤੀ ਨੂੰ ਭੁੱਲ ਜਾਂਦਾ ਹੈ ਤੇ ਬੜੀ ਆਕੜ ਵਿਖਾ ਵਿਖਾ ਕੇ ਹੋਰਨਾਂ ਨੂੰ ਦੁੱਖ ਦੇਂਦਾ ਹੈ। ਪਰ ਇਹ ਨਹੀਂ ਸਮਝਦਾ ਕਿ ਜੇ ਕੋਈ ਮਨੁੱਖ ਆਪਣੇ ਆਪ ਨੂੰ ਵੱਡਾ ਅਖਵਾ ਲਵੇ ਅਤੇ ਮਨ-ਮਾਨੀਆਂ, ਰੰਗ-ਰਲੀਆਂ ਮਾਣ ਲਵੇ ਤਾਂ ਉਹ ਖਸਮ ਪ੍ਰਭੂ ਦੀਆਂ ਨਜ਼ਰਾਂ ਵਿਚ ਇਕ ਕੀੜਾ ਹੀ ਦਿਸਦਾ ਹੈ। ਜੇ ਧਰਤੀ ਤੋਂ ਦਾਣੇ ਚੁਗ ਚੁਗ ਕੇ ਨਿਰਬਾਹ ਕਰਦਾ ਹੈ। ਹਾਊਮੇ ਦੀ ਬਸਮਸਤੀ ਵਿਚ ਉਹ ਮਨੁੱਖ ਜ਼ਿੰਦਗੀ ਅਜਾਈਂ ਹੀ ਗਵਾ ਲੈਂਦਾ ਹੈ।

ਹੇ ਨਾਨਕ! ਜਿਹੜਾ ਮਨੁੱਖ ਵਿਕਾਰਾਂ ਵਲੋਂ ਆਪਾ ਮਾਰ ਕੇ ਆਤਮਿਕ ਜੀਵਨ ਜਿਉਂਦਾ ਹੈ ਤੇ ਪ੍ਰਭੂ ਦਾ ਨਾਮ ਸਿਮਰਦਾ ਹੈ। ਉਹੀ ਇੱਥੋਂ ਕੁਝ ਖੱਟਦਾ ਹੈ। ਅੰਗ-360

ਹੇ ਅਕਾਲ ਪੁਰਖ ! ਬਿਪਤਾ ਵੇਲੇ ਸਾਰੇ ਜੀਵਾਂ ਦੀ ਤੈਨੂੰ ਹੀ ਨਮਸਕਾਰ ਹੈ। ਹੋਰ ਕਿਹੜਾ ਆਸਰਾ ਹੋ ਸਕਦਾ ਹੈ? ਹੇ ਆਦਿ ਪੁਰਖ! ਤੇਰੇ ਭਾਣਿਆਂ ਦਾ ਸਾਨੂੰ ਭੇਤ ਨਹੀਂ ਮਿਲਦਾ। ਤੂੰ ਇਹ ਭਾਣੇ ਆਪ ਹੀ ਕਰਕੇ ਆਪ ਹੀ ਵੇਖ ਰਿਹਾ ਹੈ। ਰਹਾਉ॥

ਜਿਨ੍ਹਾਂ ਸੁੰਦਰੀਆਂ ਦੇ ਸਿਰ 'ਤੇ ਕੇਸਾਂ ਦੇ ਵਿਚਕਾਰਲੇ ਚੀਰ ਦੀ ਸੰਧੂਰ ਪਾ ਕੇ ਕਾਲੇ ਕੇਸਾਂ ਦੀਆਂ ਪੱਟੀਆਂ ਹੁਣ ਤੱਕ ਸ਼ੋਭਦੀਆਂ ਆ ਰਹੀਆਂ ਹਨ, ਉਨ੍ਹਾਂ ਦੇ ਮੂੰਹ ਵਿਚ ਮਿੱਟੀ ਪੈ ਰਹੀ ਹੈ। ਜਿਹੜੀਆਂ ਪਹਿਲਾਂ ਆਪਣੇ ਮਹੱਲਾਂ ਵਿਚ ਵਸਦੀਆਂ ਸਨ, ਹੁਣ ਉਨ੍ਹਾਂ ਨੂੰ ਉਨ੍ਹਾਂ ਦੇ ਮਹੱਲਾਂ ਦੇ ਕਿਤੇ ਨੇੜੇ ਵੀ ਢੁਕਣ ਨਹੀਂ ਦਿੱਤਾ ਜਾਂਦਾ।

ਜਦੋਂ ਉਹ ਸੁੰਦਰੀਆਂ ਵਿਆਹੀਆਂ ਆਈਆਂ ਸਨ, ਉਨ੍ਹਾਂ ਦੇ ਕੋਲ ਉਨ੍ਹਾਂ ਦੇ ਲਾੜੇ ਸੋਹਣੇ ਲੱਗ ਰਹੇ ਸਨ। ਉਹ ਪਾਲਕੀਆਂ ਵਿਚ ਚੜ੍ਹ ਕੇ ਆਈਆਂ ਸਨ। ਉਨ੍ਹਾਂ ਦੀਆਂ ਬਾਹਾਂ 'ਤੇ ਹਾਥੀ ਦੰਦ ਦੇ ਚੂੜੇ ਸਜੇ ਹੋਏ ਸਨ। ਸਹੁਰੇ ਘਰ ਆਈਆਂ ਦੇ ਉੱਤੋਂ ਸ਼ਗਨਾਂ ਦਾ ਪਾਣੀ ਵਾਰਿਆ ਜਾਂਦਾ ਸੀ। ਸ਼ੀਸ਼ਿਆਂ ਜੜ੍ਹੇ ਪੱਖੇ ਉਨ੍ਹਾਂ ਦੇ ਕੋਲ ਉਨ੍ਹਾਂ ਦੇ ਹੱਥਾਂ ਵਿਚ ਲਿਸ਼ਕ ਰਹੇ ਸਨ।

ਸਹੁਰੇ ਘਰ ਆ ਕੇ ਬੈਠੀਆਂ ਨੂੰ ਇਕ ਇਕ ਲੱਖ ਰੁਪਿਆ ਸ਼ਗਨਾਂ ਦਾ ਲੈਂਦੀਆਂ ਸਨ। ਖਲੋਤੀਆਂ ਪੀ ਲੈਂਦੀਆਂ ਸਨ। ਗਿਰੀ ਛੁਹਾਰੇ ਪਾਂਦੀਆਂ ਸਨ ਅਤੇ ਸੋਹਣੀਆਂ ਸੇਜ਼ਾਂ ਮਾਣਦੀਆਂ ਸਨ। ਅੱਜ ਉਨ੍ਹਾਂ ਦੇ ਗਲ਼ ਵਿਚ ਜਾਲਮਾਂ ਨੇ ਰੱਸੀਆਂ ਪਾਈਆਂ ਹੋਈਆਂ ਹਨ। ਉਨ੍ਹਾਂ ਨੇ ਗਲ ਵਿਚ ਪਏ ਮੋਤੀਆਂ ਦੇ ਹਾਰ ਟੁੱਟ ਰਹੇ ਹਨ। ਉਨ੍ਹਾਂ ਦਾ ਧਨ ਜੋਬਨ ਜਿਨ੍ਹਾਂ ਨੇ ਉਨ੍ਹਾਂ ਸੁੰਦਰੀਆਂ ਨੂੰ ਨਸ਼ਾ ਚਾੜ੍ਹਿਆ ਹੋਇਆ ਸੀ। ਅੱਜ ਦੋਵੇਂ ਹੀ ਉਨ੍ਹਾਂ ਦੇ ਵੈਰੀ ਬਣੇ ਹੋਏ ਹਨ। ਬਾਬਰ ਨੇ ਜ਼ਾਲਮ ਸਿਪਾਹੀਆਂ ਨੂੰ ਹੁਕਮ ਦੇ ਰੱਖਿਆ ਹੈ। ਉਹ ਉਨ੍ਹਾਂ ਦੀ ਇੱਜਤ ਗਵਾ ਕੇ ਉਨ੍ਹਾਂ ਨੂੰ ਲੈ ਜਾ ਰਹੇ ਹਨ। ਜੀਵਾਂ ਦੇ ਕੁਝ ਵਸ ਨਹੀਂ। ਜੇ ਉਸ ਪ੍ਰਮਾਤਮਾ ਨੂੰ ਚੰਗਾ ਲੱਗੇ ਤਾਂ ਆਪਣੇ ਪੈਦਾ ਕੀਤੇ ਜੀਵਾਂ ਨੂੰ ਵਡਿਆਈ ਆਦਰ ਦੇਂਦਾ ਹੈ। ਜੇ ਉਸ ਦੀ ਰਜ਼ਾ ਹੋਵੇ ਤਾਂ ਸਜ਼ਾ ਦੇਂਦਾ ਹੈ।

ਜੇ ਪਹਿਲਾਂ ਹੀ ਆਪੋ ਆਪਣੇ ਫਰਜ ਨੂੰ ਚੇਤੇ ਕਰਦੇ ਰਹੀਏ, ਚੇਤੇ ਰੱਖੀਏ ਤਾਂ ਅਜਿਹੀ ਸਜ਼ਾ ਕਿਉਂ ਮਿਲੇ? ਇਥੋਂ ਦੇ ਹਾਕਮਾਂ ਨੇ ਅੱਸੂ ਵਿਚ ਤਮਾਸ਼ਿਆਂ ਦੇ ਚਾਅ ਵਿਚ ਆਪਣਾ ਫਰਜ਼ ਭੁਲਾ ਦਿੱਤਾ ਸੀ। ਹੁਣ ਜਦੋਂ ਬਾਬਰ ਦੀ ਦੁਹਾਈ ਫਿਰੀ ਤਾਂ ਹੋਰ ਪ੍ਰਜਾ ਤਾਂ ਕਿਤੇ ਰਹੀ ਕੋਈ ਪਠਾਣ-ਸ਼ਹਿਜਾਦਾ ਵੀ ਕਿਤੋਂ ਮੰਗ ਪਿੰਨ ਕੇ ਰੋਟੀ ਨਹੀਂ ਖਾ ਸਕਦਾ।

ਸੈਦਪੁਰ ਦੀਆਂ ਇਸਤਰੀਆਂ ਦਾ ਇਹ ਹਾਲ ਹੋ ਰਿਹਾ ਹੈ ਕਿ ਜਾਲਮਾਂ ਦੇ ਪੰਜੇ ਵਿਚ ਆ ਕੇ ਮੁਸਲਮਾਨੀਆਂ ਦੇ ਨਿਮਾਜ ਦੇ ਵਕਤ ਖੁਝ ਰਹੇ ਹਨ। ਹਿੰਦੂਤਵੀਆਂ ਦਾ ਪੂਜਾ ਦਾ ਸਮਾਂ ਜਾ ਰਿਹਾ ਹੈ। ਜਿਹੜੀਆਂ ਅੱਗੇ ਨਹਾ ਕੇ ਟਿੱਕੇ ਲਾ ਕੇ ਸੁੱਚੇ ਚੌਂਕੇ ਵਿਚ ਬੈਠਦੀਆਂ ਸਨ। ਹੁਣ ਨਾਂਹ ਉਹ ਇਸ਼ਨਾਨ ਕਰਕੇ ਟਿੱਕੇ ਲਾ ਸਕਦੀਆਂ ਹਨ, ਨਾ ਹੀ ਉਨ੍ਹਾਂ ਦੇ ਸੁੱਚੇ ਚੌਂਕੇ ਰਹਿ ਗਏ ਹਨ। ਜਿਨ੍ਹਾਂ ਨੇ ਧੰਨ ਦੌਲਤ ਦੇ ਨਸ਼ੇ ਵਿਚ ਕਦੇ ਰਾਮ ਨੂੰ ਚੇਤੇ ਨਹੀਂ ਸੀ ਕੀਤਾ। ਹੁਣ ਜ਼ਾਲਮ ਬਾਬਰ ਸਿਪਾਹੀਆਂ ਨੂੰ ਖੁਸ਼ ਕਰਨ ਲਈ ਉਨ੍ਹਾਂ ਨੂੰ ਖੁਦਾ ਖੁਦਾ ਭੀ ਆਖਣਾ ਨਹੀਂ ਮਿਲਦਾ।

ਬਾਬਰ ਦੀ ਕਤਲੇਆਮ ਤੇ ਕੈਦ ਵਿਚੋਂ ਜਿਹੜੇ ਕੋਈ ਵਿਰਲੇ ਮਨੁੱਖ ਬਚ ਕੇ ਆਪੋ ਆਪਣੇ ਘਰ ਆਉਂਦੇ ਹਨ, ਉਹ ਇਕ ਦੂਜੇ ਦੀ ਸੁੱਖ ਸਾਂਦ ਪੁੱਛਦੇ ਹਨ। ਅਨੇਕਾਂ ਦੇ ਸਾਕ ਸਬੰਧੀ ਮਾਰੇ ਅਤੇ ਕੈਦ ਕੀਤੇ ਗਏ। ਉਨ੍ਹਾਂ ਦੀ ਕਿਸਮਤ ਵਿਚ ਇਹੀ ਬਿਪਤਾ ਲਿਖੀ ਪਈ ਸੀ। ਉਹ ਇਕ ਦੂਜੇ ਪਾਸ ਬੈਠ ਕੇ ਆਪੋ ਆਪਣੇ ਦੁੱਖ ਰੋਂਦੇ ਹਨ। ਰੋ ਰੋ ਕੇ ਆਪਣਾ ਦੁੱਖ ਦੱਸਦੇ ਹਨ।

(ਬਾਕੀ ਸਫ਼ਾ 31 'ਤੇ)

## ਕਰੋਨਾ ਦੀ ਮਹਾਂਮਾਰੀ ਤੋਂ ਬਾਅਦ ਫਰੀਜਨੋ ਕੈਲੀਫੋਰਨੀਆ 'ਚ

# ਪਹਿਲਾ ਅੰਤਰਰਾਸ਼ਟਰੀ ਕਬੱਡੀ ਕੱਪ

## *ਸ਼ਹੀਦ ਉਧਮ ਸਿੰਘ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬਾਂ ਵਲੋਂ ਸਮੂਹ ਖੇਡ ਕਲੱਬਾਂ, ਖੇਡ ਪ੍ਰੇਮੀਆ ਦੇ ਸਹਿਯੋਗ ਨਾਲ*

## 9 ਅਕਤੂਬਰ ਦਿਨ ਐਤਵਾਰ ਨੂੰ



ਕਰੋਨਾਵਾਇਰਸ ਦੀ ਭਿਆਨਕ ਮਹਾਮਾਰੀ ਬਿਮਾਰੀ ਤੋਂ ਬਾਦ ਫਰੀਜਨੋ ਕੈਲੀਫੋਰਨੀਆ ਵਿੱਚ ਪਹਿਲਾ ਅੰਤਰਰਾਸ਼ਟਰੀ ਕਬੱਡੀ ਕੱਪ ਸ਼ਹੀਦ ਉਧਮ ਸਿੰਘ ਸ਼ਹੀਦ ਭਗਤ ਸਿੰਘ ਅਤੇ ਸਮੂਹ ਖੇਡ ਕਲੱਬਾਂ ਖੇਡ ਪ੍ਰੇਮੀਆਂ ਦੇ ਸਹਿਯੋਗ ਨਾਲ 9 ਅਕਤੂਬਰ ਦਿਨ ਐਤਵਾਰ ਨੂੰ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੀ ਅਗਵਾਈ ਵਿੱਚ ਕਰਵਾਇਆ ਜਾ ਰਿਹਾ ਹੈ ਜਿਥੇ ਦੁਨੀਆ ਦੇ ਸੁਪਰ ਸਟਾਰ ਕਬੱਡੀ ਦੇ ਖਿਡਾਰੀ ਭਾਗ ਲੈਣਗੇ। ਇਹ ਅੰਤਰਰਾਸ਼ਟਰੀ ਕਬੱਡੀ ਕੱਪ ਦੁਨੀਆ ਦੀ ਇੱਕ ਆਲੇ ਦਰਜੇ ਦੀ ਗਰਾਊਂਡ Chukchansi Park ਫਰੀਜਨੋ ਕੈਲੀਫੋਰਨੀਆ ਦੇ ਵੱਡੇ ਸਟੇਡੀਅਮ ਵਿੱਚ ਹੋਣਗੇ ਜਿਸਦਾ ਐਡਰੈਸ 1800 Tulare St, Fresno, CA 93721 ਹੈ। ਇਸ ਬਾਰੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦੇ ਹੋਏ ਪ੍ਰਬੰਧਕ ਵੀਰਾਂ ਨੇ ਦੱਸਿਆ ਕਿ ਇਹ ਕਰੋਨਾ ਦੀ ਮਹਾਂਮਾਰੀ ਤੋਂ ਬਾਅਦ ਫਰੀਜਨੋ ਵਿੱਚ ਪਹਿਲਾ ਅੰਤਰਰਾਸ਼ਟਰੀ ਕਬੱਡੀ ਕੱਪ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਯੂ ਐਸ ਏ ਦੀ ਅਗਵਾਈ 'ਚ ਸ਼ਹੀਦ ਉਧਮ ਸਿੰਘ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬਾਂ ਵਲੋਂ ਸਮੂਹ ਖੇਡ ਕਲੱਬਾਂ, ਖੇਡ ਪ੍ਰੇਮੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ।




ਅਮਰੀਕਾ ਦੇ ਕੈਲੀਫੋਰਨੀਆ ਵਿਖੇ ਇਸ ਸਟੇਡੀਅਮ ਵਿਚ ਇਹ ਅੰਤਰਰਾਸ਼ਟਰੀ ਕਬੱਡੀ ਕੱਪ ਖੇਡਿਆ ਜਾਵੇਗਾ।

## ਹੋਰ ਜਾਣਕਾਰੀ ਲਈ ਸੰਪਰਕ ਕਰੋ 559-479-1804

**1800 Tulare St, Fresno, CA 93721**

# ਸਨਮਾਨ ਅਤੇ ਪੈਸਾ . . . !



ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
9478561356

ਤਹਿ ਦਿਲੋਂ ਕਿਸੇ ਦਾ ਮਾਣ ਕਰਨਾ 'ਸਨਮਾਨ' ਹੁੰਦਾ ਹੈ। ਕਿਸੇ ਦੇ ਕੀਤੇ ਜਾ ਰਹੇ ਜਾਂ ਕੀਤੇ ਗਏ ਸ਼ੁਭ ਕਾਰਜਾਂ ਨੂੰ ਦੂਸਰਿਆਂ ਪਾਸੋਂ ਸਨਮਾਨ ਮਿਲਣਾ ਬਹੁਤ ਜ਼ਰੂਰੀ ਹੈ ਤੇ ਚੰਗੀ ਗੱਲ ਹੈ : ਕਿਉਂ ਜੋ ਕਾਰਜਰਤ ਸਮਰਪਿਤ ਵਿਅਕਤੀਤਵ ਖ਼ੁਸ਼ੀ ਦਾ ਅਨੁਭਵ ਕਰ ਸਕੇ ਅਤੇ ਭਵਿੱਖ ਵਿੱਚ ਸਮਾਜ ਦੇ ਪ੍ਰਤੀ ਅਤੇ ਆਪਣੇ ਕਿੱਤੇ ਦੇ ਪ੍ਰਤੀ ਹੋਰ ਵਧੇਰੇ ਦ੍ਰਿੜ੍ਹਤਾ ਨਾਲ ਤੇ ਸਮਰਪਿਤ ਹੋ ਕੇ ਤਿਆਗ ਭਾਵਨਾ ਹਿਰਦੇ 'ਚ ਵਸਾ ਕੇ ਆਪਣੇ ਦੇਸ਼ ਤੇ ਸਮਾਜ ਲਈ ਵਧੀਆ ਕਾਰਜ ਉਪਰਾਲੇ ਕਰਦਾ ਰਹੇ। ਸਨਮਾਨ ਇੱਕ ਤਰ੍ਹਾਂ ਦੀ ਹੱਲਾਸ਼ੇਰੀ ਤੇ ਉਤਸ਼ਾਹ ਹੁੰਦਾ ਹੈ : ਪਰ ਅਕਸਰ ਕਈ ਵਾਰ ਦੇਖਣ ਤੇ ਮਹਿਸੂਸ ਕਰਨ ਵਿੱਚ ਆਉਂਦਾ ਹੈ ਕਿ ਆਮ-ਜਨ ਕਿਸੇ ਨੂੰ ਮਿਲੇ ਸਨਮਾਨ ਨੂੰ ਪੈਸੇ/ਰੁਪਿਆਂ ਨਾਲ ਜੋੜ ਕੇ ਹੀ ਦੇਖਦੇ ਹਨ। ਜੋ ਕਿ ਮੇਰੇ ਅਨੁਸਾਰ ਸਹੀ ਨਹੀਂ ਹੈ। ਮੇਰੇ ਨਾਲ ਵੀ ਪਿਛਲੇ ਦਿਨੀਂ ਅਜਿਹਾ ਹੀ ਹੋਇਆ, ਜਦੋਂ ਮੈਨੂੰ ਸਿੱਖਿਆ ਤੇ ਸਮਾਜ ਦੇ ਖੇਤਰ ਵਿੱਚ ਕੀਤੇ ਕਾਰਜਾਂ ਲਈ ਪੰਜਾਬ ਸਰਕਾਰ ਵੱਲੋਂ 'ਸਟੇਟ ਐਵਾਰਡ' ਪ੍ਰਦਾਨ ਕੀਤਾ ਗਿਆ। ਮੇਰੇ ਕਈ ਸਾਥੀ, ਸਹਿ- ਕਰਮੀ, ਰਿਸ਼ਤੇਦਾਰ, ਅਧਿਆਪਕ-ਸਾਥੀ, ਮਿੱਤਰ, ਹਿਤੈਸ਼ੀ ਆਦਿ ਜਦੋਂ ਵੀ ਮੈਨੂੰ ਵਧਾਈ ਦਿੰਦੇ ਜਾਂ ਮਿਲਦੇ ਤਾਂ ਇਹੋ ਪੁੱਛਦੇ, 'ਕਿੰਨੇ ਪੈਸੇ ਮਿਲੇ ? ਕਿੰਨੀਆਂ ਇੰਕਰੀਮੈਂਟਾਂ ਮਿਲੀਆਂ ? ਕਿੰਨੇ ਸਾਲ ਦਾ ਨੌਕਰੀ ਵਿੱਚ ਵਾਧਾ ਹੋਇਆ ? ਕਿੰਨਾ ਕੈਸ਼ ਮਿਲਿਆ ?' ਜਦੋਂ ਮੈਂ ਇਨ੍ਹਾਂ ਨੂੰ ਦੱਸਿਆ ਕਿ ਸਨਮਾਨ ਤਾਂ ਕਿਸੇ ਦੀ ਇੱਜ਼ਤ ਹੁੰਦੀ ਹੈ। ਤੁਸੀਂ 'ਸਟੇਟ ਐਵਾਰਡ' ਨੂੰ ਪੈਸੇ ਨਾਲ ਜੋੜ ਕੇ ਕਿਉਂ ਦੇਖਦੇ ਹੋ ? ਤੇ ਸਮਝਾਇਆ ਤਾਂ ਅਕਸਰ ਜਵਾਬ ਮਿਲਿਆ ਕਿ ਫੇਰ 'ਸਟੇਟ ਐਵਾਰਡ' ਦਾ ਕੀ ਫ਼ਾਇਦਾ ? ਮੈਂ ਅਜਿਹੇ ਇਨਸਾਨਾਂ ਦੀ ਸੰਕੀਰਣ, ਰੂੜੀਵਾਦੀ, ਪਦਾਰਥਵਾਦੀ, ਭੌਤਿਕਵਾਦੀ ਤੇ ਸੌੜੀ- ਸੋਚ ਅੱਗੇ ਨਿਰਉੱਤਰ ਹੋ ਕੇ 'ਚੁੱਪ' ਰਹਿਣਾ ਹੀ ਵਾਜਬ ਸਮਝਿਆ। ਮੈਨੂੰ ਇਹ ਗੱਲ ਸੁਣ ਕੇ ਦੇਖ ਕੇ ਬਹੁਤ ਦੁੱਖ ਹੋਇਆ ਕਿ ਅੱਜ ਦਾ ਇਨਸਾਨ ਆਪਣੀ ਸੋਚਣੀ ਵਿੱਚ ਕਿੰਨਾ ਨੀਵਾਂ ਹੋ ਗਿਆ ਹੈ ! ਕਿ ਅੱਜ ਮਾਣ-ਸਨਮਾਨ, ਇੱਜ਼ਤ, ਤੁਹਾਡੀ ਕਾਰਜਪ੍ਰਣਾਲੀ, ਤੁਹਾਡੇ ਸਮਾਜਿਕ-ਰੁਤਬੇ, ਤੁਹਾਡੀ ਸ਼ਖ਼ਸੀਅਤ, ਸਰਕਾਰਾਂ ਵੱਲੋਂ ਦਿੱਤੇ ਸਨਮਾਨਾਂ ਜਾਂ ਸਨਮਾਨ-ਚਿੰਨ੍ਹਾਂ ਨੂੰ ਅੱਜ ਦਾ ਭੌਤਿਕਵਾਦੀ ਮਨੁੱਖ ਕੇਵਲ ਤੇ ਕੇਵਲ ਪੈਸਿਆਂ/ਰੁਪਿਆਂ/ਭੌਤਿਕ ਪਦਾਰਥਾਂ ਨਾਲ ਜੋੜ ਕੇ ਦੇਖਦਾ ਹੈ। ਹੱਦ ਤੋਂ ਵੱਧ ਦੁੱਖ ਉਦੋਂ ਪਹੁੰਚਦਾ ਹੈ, ਜਦੋਂ ਸਾਡੇ ਅਧਿਆਪਕ ਸਾਥੀ ਹੀ ਸਨਮਾਨ ਨੂੰ ਪੈਸੇ ਨਾਲ ਜੋੜ ਕੇ ਦੇਖਣ ਲੱਗ ਪਏ। ਧਨ/ਰਾਸ਼ੀ/ਇੰਕਰੀਮੈਂਟਾਂ ਜਾਂ ਨੌਕਰੀ ਵਿੱਚ ਵਾਧਾ ਕਿਸੇ ਸਨਮਾਨਿਤ ਕਰਮਚਾਰੀ ਨੂੰ ਦੇਣਾ ਜਾਂ ਨਾ ਦੇਣਾ ਸਰਕਾਰ ਦੇ



ਫ਼ੈਸਲੇ 'ਤੇ ਨਿਰਭਰ ਕਰਦਾ ਹੈ। ਪਰ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਸਨਮਾਨ ਦਾ ਪੈਸੇ ਨਾਲ ਕੋਈ ਸੰਬੰਧ ਹੈ ਹੀ ਨਹੀਂ। ਅਸੀਂ ਆਪਣੇ ਅਧਿਆਪਕਾਂ, ਵੱਡੇ-ਵਡੇਰਿਆਂ, ਮਾਤਾ- ਪਿਤਾ ਜੀ, ਸੰਤਾਂ ਜਾਂ ਮਹਾਂਪੁਰਸ਼ਾਂ ਦੀ ਸੇਵਾ ਤੇ ਸਨਮਾਨ ਕਰਦੇ ਹਾਂ : ਕੀ ਅਸੀਂ ਉਨ੍ਹਾਂ ਨੂੰ ਪੈਸੇ ਹੀ ਦਿੰਦੇ ਹਾਂ ? ਕੀ ਪੈਸਿਆਂ ਦੇ ਨਾਲ਼ ਹੀ ਉਨ੍ਹਾਂ ਦਾ ਸਨਮਾਨ ਕੀਤਾ ਜਾ ਸਕਦਾ ਹੈ ? ਨਹੀਂ ! ਨਹੀਂ ! ਨਹੀਂ ! ਅਜਿਹਾ ਨਹੀਂ ਹੈ ! ਸਨਮਾਨ ਤਾਂ ਉਤਸ਼ਾਹ ਭਰੇ ਦੋ ਸ਼ਬਦ ਵੀ ਹੋ ਸਕਦੇ ਹਨ। ਇਹ ਪਿਆਰ ਭਰੇ ਦੋ ਮਿੱਠੇ-ਹੱਲਾਸ਼ੇਰੀ ਉਤਸ਼ਾਹ ਭਰਪੂਰ ਦੋ ਸ਼ਬਦ ਅਤੇ ਹਾਵ-ਭਾਵ ਵੀ ਹੋ ਸਕਦੇ ਹਨ। ਸਨਮਾਨ ਤਾਂ ਕਿਸੇ ਨੂੰ ਧਿਆਨ ਨਾਲ ਸੁਣ ਕੇ ਵੀ ਕੀਤਾ ਜਾ ਸਕਦਾ ਹੈ। ਸਨਮਾਨ ਤਾਂ ਕਿਸੇ ਦੇ ਚਰਨਾਂ ਨੂੰ ਛੂਹ ਕੇ ਵੀ ਕੀਤਾ ਜਾ ਸਕਦਾ ਹੈ। ਸਨਮਾਨ ਕਿਸੇ ਨੂੰ ਕੋਈ ਵਸਤੂ/ਤੋਹਫਾ ਭੇਂਟ ਕਰਕੇ ਵੀ ਕੀਤਾ ਜਾ ਸਕਦਾ ਹੈ। ਦਿਲੋਂ ਕਿਸੇ ਦਾ ਸਤਿਕਾਰ ਕਰਕੇ ਵੀ ਕਿਸੇ ਨੂੰ ਸਨਮਾਨ ਦਿੱਤਾ ਜਾ ਸਕਦਾ ਹੈ। ਇੱਜ਼ਤ-ਪਿਆਰ ਤੇ ਸਤਿਕਾਰ ਨਾਲ ਪਲ਼ਾਇਆ ਹੋਇਆ ਚਾਹ ਦਾ ਇੱਕ ਕੱਪ ਵੀ ਕਿਸੇ ਦਾ ਸਨਮਾਨ ਹੋ ਸਕਦਾ। ਕ੍ਰਾਂਤੀਕਾਰੀ ਰਾਸ਼ਟਰੀ ਸੰਤ ਮੁਨੀ ਸ੍ਰੀ ਤਰੁਣ ਸਾਗਰ ਜੀ ਮਹਾਰਾਜ ਕਹਿੰਦੇ ਹਨ , ਪੈਸੇ ਨੂੰ ਦਿਮਾਗ ਵਿੱਚ ਨਹੀਂ ਰੱਖਣਾ ਚਾਹੀਦਾ। ਉਨ੍ਹਾਂ ਅਨੁਸਾਰ :

'ਪੈਸਾ ਜੇਬ ਮੇਂ ਹੈ ਤੋ ਪੈਸੇ ਹਾਥ ਕਾ ਮੈਲ ਹੈ,
ਔਰ ਪੈਸਾ ਦਿਮਾਗ ਮੇਂ ਹੈ,
ਤੋ ਪੈਸੇ ਕੇ ਸਾਮਨੇ ਰਿਸ਼ਤੇ-ਨਾਤੇ ਸਭ ਫੇਲ੍ਹ ਹੈਂ'

ਮੁੱਕਦੀ ਗੱਲ ਇਹੋ ਹੈ ਕਿ ਚੰਗਾ ਕਾਰਜ ਕਰਨ ਵਾਲੇ ਇਨਸਾਨ ਦਾ ਘਰ ਤੇ ਸਮਾਜ ਵਿੱਚ ਸਤਿਕਾਰ ਹੋਣਾ ਚਾਹੀਦਾ ਹੈ। ਕੋਈ ਵੀ ਇਨਸਾਨ ਪੈਸੇ, ਧਨ, ਭੌਤਿਕ ਪਦਾਰਥਾਂ ਦਾ ਭੁੱਖਾ ਨਹੀਂ ਹੁੰਦਾ। ਪੈਸਾ, ਧਨ, ਸੋਨਾ, ਗਹਿਣਾ ਇਹ ਤਾਂ ਅਸਮਾਜਿਕ ਤੇ ਅਸੱਭਿਅਕ ਲੋਕਾਂ ਕੋਲ ਵੀ ਹੋ ਸਕਦੇ ਹਨ ਤੇ ਹੁੰਦੇ ਵੀ ਹਨ, ਪਰ ਇੱਜ਼ਤ, ਸਤਿਕਾਰ ਤੇ ਸਨਮਾਨ ਕੇਵਲ ਕਿਸੇ ਖ਼ਾਸ, ਮਿਹਨਤੀ, ਸਮਰਪਿਤ ਅਤੇ ਚੰਗੇ ਇਨਸਾਨ ਨੂੰ ਹੀ ਪਰਮਪਿਤਾ ਪ੍ਰਮਾਤਮਾ ਦੇ ਹੁਕਮ, ਉਸ ਦੇ ਭਾਣੇ ਅਤੇ ਉਸਦੀ ਇੱਛਾ ਸ਼ਕਤੀ ਨਾਲ ਹੀ ਪ੍ਰਾਪਤ ਹੁੰਦੇ ਹਨ। ਸਨਮਾਨ ਪੈਸੇ/ਧਨ ਨਾਲ ਖਰੀਦੇ ਨਹੀਂ ਜਾ ਸਕਦੇ, ਸਨਮਾਨ ਪ੍ਰਮਾਤਮਾ ਦੀ ਰਜ਼ਾ ਨਾਲ ਚੰਗੇ ਕਰਮਾਂ ਸਦਕਾ ਇਨਸਾਨੀਅਤ ਧਰਮ ਨਿਭਾ ਕੇ ਅਤੇ ਲੋੜਵੰਦਾਂ ਦੀ ਸਹਾਇਤਾ ਕਰਕੇ ਹੀ ਮਿਲਦੇ ਹਨ। ਜੇਕਰ ਉਹ ਚੰਗਾ ਕਾਰਜ ਕਰਨ ਵਾਲਾ ਕੋਈ ਆਮ ਇਨਸਾਨ ਨਾ ਹੋ ਕੇ ਸਗੋਂ ਕੌਮ ਦਾ ਨਿਰਮਾਤਾ ਅਧਿਆਪਕ/ਗੁਰੂ ਹੈ ਤਾਂ ਇਹ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ ਕਿ ਉਸ ਦਾ ਸਨਮਾਨ ਜ਼ਰੂਰ ਹੋਵੇ। ਪਰ ਜਿੱਥੋਂ ਤੱਕ ਗੱਲ ਹੈ ਸਨਮਾਨ ਨੂੰ ਪੈਸੇ ਨਾਲ ਜੋੜ ਕੇ ਦੇਖਣ ਦੀ ਇਹ ਅੱਜ ਦੇ ਇਨਸਾਨ ਦੀ ਸੌੜੀ ਤੇ ਸੰਕੀਰਨ ਸੋਚ 'ਤੇ ਜ਼ਰੂਰ ਪ੍ਰਸ਼ਨ ਚਿੰਨ੍ਹ ਖੜ੍ਹਾ ਕਰਦੀ ਹੈ ਤੇ ਪਤਨ ਵੱਲ ਵਧ ਰਹੇ ਮਨੁੱਖ ਦੀ ਭੌਤਿਕਤਾਵਾਦੀ ਤੇ ਪਦਾਰਥਵਾਦੀ ਇੱਛਾ ਨੂੰ ਜੱਗ ਜ਼ਾਹਰ ਕਰਦੀ ਹੈ।

'ਖ਼ੁਦਾ ਤੋ ਮਿਲਤਾ ਹੈ,
ਇੰਨਸਾਂ ਨਹੀਂ ਮਿਲਤਾ,
ਯਹ ਚੀਜ਼ ਵੋਹ ਹੈ,
ਜੋ ਦੇਖੀ ਕਹੀਂ-ਕਹੀਂ ਮੈਂਨੇ।'







## ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ

ਕਰਨ ਦਾ ਫ਼ੈਸਲਾ ਕੀਤਾ ਸੀ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਇਸ ਕਾਨੂੰਨ (ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ 2014) ਦੀ ਹੋਂਦ ਤੋਂ ਪਹਿਲਾਂ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਦੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਦੀ ਕਮਾਨ ਸੰਭਾਲਦੀ ਸੀ। ਤਕਰੀਬਨ 15 ਲੱਖ ਦੀ ਸਿੱਖ ਅਬਾਦੀ ਵਾਲੇ ਸੂਬੇ ਹਰਿਆਣੇ ਤੋਂ ਸ਼੍ਰੋਮਣੀ ਕਮੇਟੀ ਦੇ ਮਾਲੀ ਖ਼ਜ਼ਾਨੇ ਦਾ ਵੀ ਵੱਡਾ ਹਿੱਸਾ ਆਉਂਦਾ ਸੀ। ਪਰ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਤੋਂ ਬਾਅਦ ਹੁਣ ਹਰਿਆਣਾ ਦੇ ਗੁਰਦੁਆਰਿਆਂ ਦਾ ਪ੍ਰਬੰਧ ਕਮੇਟੀ ਹੱਥੋਂ ਖੁੰਝ ਗਿਆ।

### ਬਾਦਲ ਦਲ ਸੁਪਰੀਮ ਕੋਰਟ ਦੇ ਫੈਸਲੇ ਤੋਂ ਔਖਾ

ਸੁਪਰੀਮ ਕੋਰਟ ਵਲੋਂ ਵੱਖਰੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਾਨਤਾ ਦੇਣ ਦੇ ਦਿੱਤੇ ਅਹਿਮ ਫ਼ੈਸਲੇ 'ਤੇ ਤਿੱਖੀ ਪ੍ਰਤੀਕਿਰਿਆ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਸਿੱਖ ਕੌਮ ਲਈ ਮਾਰੂ ਫ਼ੈਸਲਾ ਦੇ ਕੇ ਸਿੱਖ ਦੁਸ਼ਮਣਾਂ ਦੁਆਰਾ ਇਤਿਹਾਸ ਵਿਚ ਕੀਤੇ ਗਏ ਜਬਰ ਨੂੰ ਯਾਦ ਕਰਵਾ ਦਿੱਤਾ ਹੈ। ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਇਸ ਧੱਕੇਸ਼ਾਹੀ ਦਾ ਡਟ ਕੇ ਵਿਰੋਧ ਕਰਨ ਲਈ ਇਕਜੁੱਟ ਹੋਣ ਦਾ ਸੱਦਾ ਦਿੰਦਿਆਂ ਆਖਿਆ ਕਿ ਸਿੱਖ ਪੰਥ ਨੇ ਲਾਮਿਸਾਲ ਕੁਰਬਾਨੀਆਂ ਦੇ ਕੇ ਸ਼੍ਰੋਮਣੀ ਕਮੇਟੀ ਦਾ ਗਠਨ ਕੀਤਾ ਸੀ, ਜਿਸ ਨੂੰ ਤੋੜਨਾ ਸਾਡੇ ਸ਼ਹੀਦਾਂ ਦਾ ਵੀ ਘੋਰ ਅਪਮਾਨ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੀ ਸੁਣਵਾਈ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਹੁੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਨਾਂਹਪੱਖੀ ਭੂਮਿਕਾ ਨਿਭਾਈ ਸੀ।

### ਬਾਦਲਾਂ ਦਲ ਲਈ ਵੱਡੀਆਂ ਚੁਣੌਤੀਆਂ

ਸ਼੍ਰੋਮਣੀ ਅਕਾਲੀ ਦਲ ਨੂੰ ਰਾਜਸੀ ਖੇਤਰ ਦੇ ਨਾਲ-ਨਾਲ ਧਾਰਮਿਕ ਖੇਤਰ ਦੀਆਂ ਚੁਣੌਤੀਆਂ ਨੇ ਵੀ ਘੇਰ ਲਿਆ ਹੈ। ਸੁਪਰੀਮ ਕੋਰਟ ਵੱਲੋਂ ਹਰਿਆਣਾ ਦੀ ਵੱਖਰੀ ਸ਼੍ਰੋਮਣੀ ਕਮੇਟੀ ਨੂੰ ਮਾਨਤਾ ਦੇਣ ਨਾਲ ਪਾਰਟੀ ਨੂੰ ਹੀ ਨਹੀਂ ਸਗੋਂ ਪਾਰਟੀ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਨੂੰ ਵੀ ਵੱਡਾ ਝਟਕਾ ਲੱਗਿਆ ਹੈ। ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦਾ ਜਥੇਬੰਦਕ ਢਾਂਚਾ ਭੰਗ ਕੀਤਾ ਹੋਇਆ ਹੈ। ਇਸ ਮੁੱਦੇ 'ਤੇ ਪਾਰਟੀ ਪ੍ਰਧਾਨ ਵੱਲੋਂ ਸੀਨੀਅਰ ਆਗੂਆਂ ਦੀ ਮੀਟਿੰਗ ਬੁਲਾਈ ਜਾ ਰਹੀ ਹੈ। ਅਕਾਲੀ ਦਲ ਨੂੰ ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਵਿਚ ਵੀ ਵੱਖਰੀਆਂ ਗੁਰਦੁਆਰਾ ਕਮੇਟੀਆਂ ਦੀ ਮੰਗ ਉਠਣ ਦਾ ਖ਼ਦਸ਼ਾ।

ਸੁਪਰੀਮ ਕੋਰਟ ਦਾ ਹੁਕਮ ਆਉਣ ਤੋਂ ਬਾਅਦ ਸ੍ਰੀ ਬਾਦਲ ਨੇ ਪਾਰਟੀ ਦੇ ਚੋਣਵੇਂ ਆਗੂਆਂ ਨਾਲ ਹਰਿਆਣਾ ਦੀ ਵੱਖਰੀ ਕਮੇਟੀ ਦੇ ਹੋਂਦ 'ਵਿਚ ਆਉਣ ਨਾਲ ਸ਼੍ਰੋਮਣੀ ਕਮੇਟੀ ਨੂੰ ਵੱਜੀ ਸੱਟ ਦੇ ਨਾਲ-ਨਾਲ ਦਲ ਨੂੰ ਸਿਆਸੀ ਤੌਰ 'ਤੇ ਖੜ੍ਹੀਆਂ ਹੋਣ ਵਾਲੀਆਂ ਚੁਣੌਤੀਆਂ ਬਾਰੇ ਵੀ ਚਰਚਾ ਕੀਤੀ ਗਈ। ਪਾਰਟੀ ਦੇ ਸੀਨੀਅਰ ਆਗੂਆਂ ਦੇ ਇੱਕ ਧੜੇ ਦਾ ਕਹਿਣਾ ਹੈ ਕਿ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ

ਸਿਆਸੀ ਪਾਰਟੀਆਂ ਖ਼ਾਸ ਕਰ ਕਾਂਗਰਸ ਅਤੇ ਭਾਜਪਾ ਦੇ ਦਖ਼ਲ ਦੇ ਮੁੱਦੇ 'ਤੇ ਸੰਘਰਸ਼ ਵਿੱਢਿਆ ਜਾ ਸਕਦਾ ਹੈ। ਇਸੇ ਤਰ੍ਹਾਂ ਕੁਝ ਆਗੂਆਂ ਦਾ ਕਹਿਣਾ ਹੈ ਕਿ ਕਾਨੂੰਨੀ ਪੱਖ ਵਿਚਾਰਨ ਤੋਂ ਬਾਅਦ ਹੀ ਅਗਲੀ ਰਣਨੀਤੀ ਉਲੀਕੀ ਜਾਵੇ। ਸ਼੍ਰੋਮਣੀ ਅਕਾਲੀ ਦਲ ਨੂੰ ਲੰਘੇ ਮਹੀਨਿਆਂ ਦੌਰਾਨ ਹੀ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ 'ਤੇ ਵਿਰੋਧੀ ਧੜੇ ਦਾ ਕਬਜ਼ਾ ਹੋਣ ਤੋਂ ਬਾਅਦ ਕੌਮੀ ਰਾਜਧਾਨੀ ਵਿੱਚ ਵੱਡੀ ਸੱਟ ਵੱਜੀ ਸੀ। ਤਾਜ਼ਾ ਹਾਲਾਤ ਦੇਖੇ ਜਾਣ ਤਾਂ ਅਕਾਲੀ ਦਲ ਦੇ ਹਰਿਆਣਾ ਵਿਚਲੇ ਆਧਾਰ ਨੂੰ ਖੋਰਾ ਲੱਗਣਾ ਸੰਭਵ ਹੈ।

ਪੰਜਾਬ ਵਿੱਚ ਜਦੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਾਂਝੀ ਸਰਕਾਰ ਸੀ ਤਾਂ ਸਾਲ 2014 ਵਿੱਚ ਹਰਿਆਣਾ ਦੀ ਤਤਕਾਲੀ ਕਾਂਗਰਸ ਸਰਕਾਰ ਨੇ ਵੱਖਰੀ ਐੱਚਜੀਪੀਸੀ ਦਾ ਗਠਨ ਕਰ ਦਿੱਤਾ ਸੀ। ਇਸ ਮਾਮਲੇ 'ਤੇ ਸ਼੍ਰੋਮਣੀ ਅਕਾਲੀ ਦਲ ਨੇ ਸੰਘਰਸ਼ ਦਾ ਐਲਾਨ ਕੀਤਾ ਸੀ ਪਰ ਭਾਜਪਾ ਦੇ ਦਖ਼ਲ ਤੋਂ ਬਾਅਦ ਕਾਨੂੰਨੀ ਕਾਰਵਾਈ ਨੂੰ ਤਰਜ਼ੀਹ ਦਿੱਤੀ। ਪਾਰਟੀ ਸੂਤਰਾਂ ਦਾ ਦੱਸਣਾ ਹੈ ਕਿ ਹਰਿਆਣਾ ਵਿੱਚ ਭਾਜਪਾ ਸਰਕਾਰ ਦੇ ਗਠਨ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਆਗੂਆਂ ਨੇ ਹਰਿਆਣਾ ਕਮੇਟੀ ਦਾ ਵਿਵਾਦ ਖ਼ਤਮ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਮਾਨਤਾ ਦੇਣ ਦੀ ਮੰਗ ਕੀਤੀ, ਜੋ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨਜ਼ਰਅੰਦਾਜ਼ ਕਰ ਦਿੱਤੀ। ਬਾਦਲ ਪਰਿਵਾਰ 'ਤੇ ਇਹ ਵੀ ਦੋਸ਼ ਲੱਗਦੇ ਰਹੇ ਹਨ ਕਿ ਪਾਰਟੀ, ਪੰਜਾਬ ਜਾਂ ਪੰਥਕ ਮੁੱਦਿਆਂ ਦਾ ਹੱਲ ਕਰਾਉਣ ਲਈ ਕੇਂਦਰ ਸਰਕਾਰ 'ਤੇ ਦਬਾਅ ਪਾਉਣ ਦੀ ਥਾਂ ਬਾਦਲ ਪਰਿਵਾਰ ਨੇ ਹਰਸਿਮਰਤ ਕੌਰ ਬਾਦਲ ਨੂੰ ਵਜ਼ੀਰੀ ਦਿਵਾਉਣ ਨੂੰ ਹੀ ਤਰਜ਼ੀਹ ਦਿੱਤੀ। ਪੰਜਾਬ ਵਿੱਚ ਸੱਤਾ ਤਬਦੀਲੀ ਨੇ ਵੀ ਅਕਾਲੀ ਦਲ ਲਈ ਸਿਆਸੀ ਖੇਤਰ ਦੇ ਨਾਲ ਧਾਰਮਿਕ ਖੇਤਰ ਵਿੱਚ ਮੁਸੀਬਤਾਂ ਖੜ੍ਹੀਆਂ ਕੀਤੀਆਂ। ਸੂਬੇ ਵਿੱਚ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਸੁਪਰੀਮ ਕੋਰਟ ਵਿੱਚ ਹਰਿਆਣਾ ਦੀ ਵੱਖਰੀ ਕਮੇਟੀ ਦੇ ਵਿਰੋਧ ਦਾ ਫ਼ੈਸਲਾ ਲਿਆ ਸੀ ਪਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਇਸ ਮਾਮਲੇ ਨੂੰ ਪੁੱਠਾ ਗੇੜ ਦੇ ਦਿੱਤਾ ਸੀ। ਸ਼੍ਰੋਮਣੀ ਅਕਾਲੀ ਦਲ ਦਲ ਲਈ ਸਾਲ 2017 ਵਿੱਚ ਸੱਤਾ ਤੋਂ ਲਾਂਭੇ ਹੋਣ ਤੋਂ ਬਾਅਦ ਲਗਾਤਾਰ ਚੁਣੌਤੀਆਂ ਵਧਦੀਆਂ ਜਾ ਰਹੀਆਂ ਹਨ। ਇਸ ਵਾਰ ਪਾਰਟੀ ਦੇ ਵਿਧਾਇਕਾਂ ਦੀ ਗਿਣਤੀ ਮਹਿਜ਼ ਤਿੰਨ ਰਹਿ ਗਈ ਹੈ ਤੇ ਵੋਟ ਬੈਂਕ ਨੂੰ ਵੀ ਵੱਡਾ ਖੋਰਾ ਲੱਗਿਆ ਹੈ। ਇਸੇ ਤਰ੍ਹਾਂ ਵਿਰੋਧੀ ਪਾਰਟੀਆਂ ਵੱਲੋਂ ਕੇਂਦਰ ਸਰਕਾਰ 'ਤੇ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਲਈ ਦਬਾਅ ਬਣਾਇਆ ਜਾ ਰਿਹਾ ਹੈ।

****

## ਜਥੇਦਾਰ ਦਾਦੂਵਾਲ ਵੱਲੋਂ ਖੱਟਰ ਨਾਲ ਮੁਲਾਕਾਤ

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨਾਲ ਸੰਪਰਕ ਕੀਤਾ ਗਿਆ ਤਾਂ ਉਹ ਕੋਈ ਢੁਕਵਾਂ ਜਵਾਬ ਨਹੀਂ ਦੇ ਸਕੇ, ਪਰ ਉਨ੍ਹਾਂ ਦਾਅਵਾ ਕੀਤਾ ਕਿ ਇਸ ਸੰਬੰਧ ਵਿਚ ਜੋ ਵੀ ਮੈਂਬਰ ਫੈਸਲਾ ਕਰਨਗੇ, ਉਸ ਨੂੰ ਹੀ ਲਾਗੂ ਕੀਤਾ ਜਾਵੇਗਾ। ਦੱਸਣਯੋਗ ਹੈ ਕਿ ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਿੱਟ ਖਾਰਿਜ ਕੀਤੇ ਜਾਣ ਦੇ ਫ਼ੈਸਲੇ ਤੋਂ ਬਾਅਦ ਦੇਰ ਸ਼ਾਮ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਚੰਡੀਗੜ੍ਹ ਵਿਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਮੁਲਾਕਾਤ ਕੀਤੀ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਆਖਿਆ ਕਿ ਸੁਪਰੀਮ ਕੋਰਟ ਦਾ ਫ਼ੈਸਲਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਕ ਵਿੱਚ ਆਉਣ ਨਾਲ ਹਰਿਆਣਾ ਦੀ ਸਿੱਖ ਸੰਗਤ ਵਿੱਚ ਖ਼ੁਸ਼ੀ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨਾਲ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੂਬੇ ਦੇ ਇਤਿਹਾਸਕ ਗੁਰਦੁਆਰਿਆਂ ਸਣੇ ਕਮੇਟੀ ਦੇ ਅਧੀਨ ਚੱਲਣ ਵਾਲੇ ਸਕੂਲ, ਕਾਲਜ ਤੇ ਹੋਰ ਆਦਾਰਿਆਂ ਦੀ ਸੰਭਾਲ ਦਾ ਮੌਕਾ ਮਿਲੇਗਾ। ਉਨ੍ਹਾਂ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਮਗਰੋਂ ਹਰਿਆਣਾ ਦੀ ਸੰਗਤ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਹਰਿਆਣਾ ਅਤੇ ਕੇਂਦਰ ਸਰਕਾਰ ਦੇ ਨਾਲ-ਨਾਲ ਅਦਾਲਤ ਵਿੱਚ ਹਰਿਆਣਾ ਦਾ ਪੱਖ ਰੱਖਣ ਵਾਲੇ ਵਕੀਲਾਂ ਦਾ ਵੀ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਜਲਦ ਹੀ ਹਰਿਆਣਾ ਵਿੱਚ ਸਿੱਖ ਸੰਗਤ ਵੱਲੋਂ ਵੱਡਾ ਸਮਾਗਮ ਕੀਤਾ ਜਾਵੇਗਾ। ਇਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਸਣੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਲਈ ਸਹਿਯੋਗ ਕਰਨ ਵਾਲਿਆਂ ਦਾ ਸਨਮਾਨ ਕੀਤਾ ਜਾਵੇਗਾ। ਖੱਟਰ ਨੇ ਸੁਪਰੀਮ ਕੋਰਟ ਵੱਲੋਂ ਸੁਣਾਏ ਗਏ ਫ਼ੈਸਲੇ 'ਤੇ ਸਿੱਖ ਸੰਗਤ ਨੂੰ ਵਧਾਈ ਦਿੱਤੀ। ਵੱਖਰੀ ਕਮੇਟੀ ਦੇ ਬਾਨੀ ਪ੍ਰਧਾਨ ਜਥੇ. ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਜਿਸ ਨੂੰ ਸੰਗਤ ਤੇ ਮੈਂਬਰ ਪ੍ਰਧਾਨ ਬਣਾਉਣਗੇ, ਉਹ ਸਾਰਿਆਂ ਨੂੰ ਸਵੀਕਾਰ ਹੋਵੇਗਾ।

***

## ਤਾਇਵਾਨ 'ਤੇ ਜੇ ਚੀਨ ਨੇ ਹਮਲਾ ਕੀਤਾ...

ਸ਼ਾਂਤੀ ਨਾਲ ਨਿਪਟਾਉਣ ਦਾ ਪੱਖ ਪੂਰਦਾ ਹੈ ਪਰ ਇਸ ਵਿਚ ਸਪੱਸ਼ਟ ਨਹੀਂ ਹੈ ਕਿ ਜੇ ਚੀਨ ਹਮਲਾ ਕਰੇਗਾ ਤਾਂ ਅਮਰੀਕਾ ਤਾਇਵਾਨ ਦੀ ਰੱਖਿਆ ਕਰੇਗਾ। ਬਾਈਡਨ ਦੇ ਬਿਆਨ 'ਤੇ ਹਾਲੇ ਚੀਨ ਵੱਲੋਂ ਕੋਈ ਬਿਆਨ ਨਹੀਂ ਦਿੱਤਾ ਗਿਆ ਹੈ। ਉਥੇ ਹੀ, ਇਸ 'ਤੇ ਤਾਇਵਾਨ ਦੇ ਵਿਦੇਸ਼ ਮੰਤਰਾਲੇ ਨੇ ਅਮਰੀਕੀ ਰਾਸ਼ਟਰਪਤੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਮਰੀਕੀ ਸਰਕਾਰ ਤਾਇਵਾਨ ਦੀ ਰੱਖਿਆ ਦੇ ਆਪਣੇ ਵਾਅਦੇ 'ਤੇ ਖੜ੍ਹਾ ਹੈ। ਮੰਨਿਆ ਜਾ ਰਿਹਾ ਹੈ ਕਿ ਬਾਈਡਨ ਦੇ ਬਿਆਨ ਨਾਲ ਤਾਇਵਾਨ ਸਟ੍ਰੇਟ ਵਿਚ ਤਣਾਅ ਵਧ ਸਕਦਾ ਹੈ।

## ਪਾਕਿਸਤਾਨ ਵਲੋਂ 22 ਨੂੰ ਮਨਾਇਆ ਜਾਵੇਗਾ...

ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਬਣਾ ਕੇ ਆਪਣੀ ਸਾਰੀ ਜ਼ਿੰਮੇਵਾਰੀ ਸੌਂਪ ਦਿੱਤੀ। ਉਹ ਪੋਥੀ, ਜਿਸ ਵਿਚ ਗੁਰੂ ਨਾਨਕ ਦੇਵ ਜੀ ਦੀ ਰਚੀ ਬਾਣੀ ਅਤੇ ਬਾਬਾ ਫ਼ਰੀਦ ਜੀ, ਭਗਤ ਨਾਮਦੇਵ, ਭਗਤ ਕਬੀਰ, ਰਵਿਦਾਸ ਜੀ ਸਮੇਤ ਸਾਰੇ ਭਗਤਾਂ ਦੀ ਬਾਣੀ ਲਿਖ ਕੇ ਰੱਖੀ ਹੋਈ ਸੀ, ਗੁਰੂ ਅੰਗਦ ਦੇਵ ਜੀ ਨੂੰ ਸੌਂਪ ਦਿੱਤੀ। ਵਲਾਇਤ ਵਾਲੀ ਜਨਮ ਸਾਖੀ ਵਿਚ ਲਿਖਿਆ ਹੈ, 'ਤਿਤੁ ਮਹਲਿ ਜੋ ਸ਼ਬਦ ਹੋਆ ਸੋ ਪੋਥੀ ਗੁਰੂ ਅੰਗਦ ਜੋਗ ਮਿਲੀ।'

ਭਾਈ ਕਰਮ ਸਿੰਘ ਰਚਿਤ 'ਗੁਰੂ ਪੁਰਬ ਨਿਰਣਯ' ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਸਰੀਰਕ ਤੌਰ ਤੇ ਉਮਰ ਸੱਤਰ ਸਾਲ, ਪੰਜ ਮਹੀਨੇ, ਤਿੰਨ ਦਿਨ ਸੀ। ਵਲਾਇਤ ਵਾਲੀ ਅਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿਚ ਦਰਜ ਹੈ ਕਿ ਆਪ ਜੀ 23 ਅੱਸੂ ਸੰਮਤ 1596, ਮੁਤਾਬਕ 22 ਸਤੰਬਰ 1539 ਈਸਵੀ ਨੂੰ ਜੋਤੀ ਜੋਤਿ ਸਮਾਏ। ਵਲਾਇਤ ਵਾਲੀ ਅਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿਚ ਅੰਕਿਤ ਹੈ ਕਿ ਜਦੋਂ ਗੁਰੂ ਜੀ ਜੋਤੀ ਜੋਤਿ ਸਮਾਏ ਤਾਂ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਝਗੜਾ ਹੋ ਗਿਆ। ਹਿੰਦੂ ਕਹਿਣ ਕਿ ਗੁਰੂ ਨਾਨਕ ਦੇਵ ਜੀ ਹਿੰਦੂਆਂ ਦੇ ਗੁਰੂ ਹਨ, ਉਨ੍ਹਾਂ ਦੀ ਦੇਹ ਦਾ ਸਸਕਾਰ ਕਰਨਾ ਹੈ। ਮੁਸਲਮਾਨ ਦਾਅਵਾ ਕਰਨ ਕਿ ਗੁਰੂ ਨਾਨਕ ਦੇਵ ਜੀ ਮੁਸਲਮਾਨਾਂ ਦੇ ਪੀਰ ਹਨ ਤੇ ਉਨ੍ਹਾਂ ਦੀ ਦੇਹ ਨੂੰ ਦਫ਼ਨਾਉਣਾ ਹੈ। ਪ੍ਰੰਤੂ ਮਿਹਰਬਾਨ ਅਤੇ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੇ ਝਗੜੇ ਵਾਲਾ ਬਿਰਤਾਂਤ ਦਰਜ ਨਹੀਂ ਹੈ।

ਵਲਾਇਤ ਵਾਲੀ ਜਨਮ ਸਾਖੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਲਿਖੀ ਗਈ। ਇਸੇ ਸਮੇਂ 'ਦਬਿਸਤਾਨ-ਇ-ਮਜ਼ਾਹਬ' ਪੁਸਤਕ ਲਿਖੀ ਗਈ, ਜਿਸ ਵਿਚ ਇੰਨ-ਬਿੰਨ ਹਿੰਦੂ-ਮੁਸਲਮਾਨਾਂ ਦੇ ਝਗੜੇ ਵਾਲੀ ਗੱਲ ਕਬੀਰ ਸਾਹਿਬ ਦੇ ਦਿਹਾਂਤ ਮਗਰੋਂ ਲਿਖੀ ਹੋਈ ਹੈ। ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਵੇਲੇ ਉਨ੍ਹਾਂ ਦਾ ਪਰਿਵਾਰ ਬਾਬਾ ਸ੍ਰੀਚੰਦ, ਬਾਬਾ ਲਖਮੀ ਦਾਸ ਤੇ ਉਨ੍ਹਾਂ ਦੀ ਸੁਪਤਨੀ ਮਾਤਾ ਸੁਲੱਖਣੀ ਜੀ ਕਰਤਾਰਪੁਰ ਸਾਹਿਬ ਹੀ ਮੌਜੂਦ ਸਨ। ਅੰਤਮ ਸਸਕਾਰ ਦਾ ਹੱਕ ਪਰਿਵਾਰ ਦਾ ਹੁੰਦਾ ਹੈ। ਇਤਿਹਾਸਕਾਰ ਕਿਰਪਾਲ ਸਿੰਘ ਰਚਿਤ ਜਨਮ ਸਾਖੀ ਪਰੰਪਰਾ ਵਿਚ ਦਰਜ ਹੈ ਕਿ ਉਨ੍ਹਾਂ (ਪਰਿਵਾਰ) ਦੇ ਹੁੰਦਿਆਂ ਹਿੰਦੂ ਤੇ ਮੁਸਲਮਾਨਾਂ ਦਾ ਝਗੜਾ ਸੰਭਵ ਨਹੀਂ ਜਾਪਦਾ। ਗੁਰੂ ਨਾਨਕ ਦੇਵ ਜੀ ਦੀ ਸਿੱਖਿਆ, ਸਿਧਾਂਤ, ਫਲਸਫ਼ਾ ਅਤੇ ਵਿਚਾਰ, ਜੋ ਉਨ੍ਹਾਂ ਦੀ ਰਚੀ ਬਾਣੀ ਵਿਚ ਹੈ, ਨਿਰੋਲ ਮਾਨਵੀ ਅਤੇ ਕੁਦਰਤ ਅਨੁਸਾਰੀ ਹਨ। ਇਸ ਉੱਤਮ ਮਾਰਗ ਦੀ ਅਨੁਯਾਈ ਸਮੁੱਚੀ ਮਾਨਵਤਾ ਨੇ ਜ਼ਾਤ-ਪਾਤ, ਇਲਾਕੇ ਅਤੇ ਧਾਰਮਿਕ ਵਖਰੇਵਿਆਂ ਨੂੰ ਲਾਂਭੇ ਰੱਖ ਕੇ ਗੁਰੂ ਨਾਨਕ ਦੇਵ ਜੀ ਦਾ ਸ਼ਰਧਾ ਭਾਵਨਾ ਸਹਿਤ ਸਤਿਕਾਰ ਸਨਮਾਨ ਨੂੰ ਆਪਣੇ ਹਿਰਦਿਆਂ ਵਿਚ ਪੱਕਾ ਵਸਾ ਲਿਆ। ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਵੇਲੇ ਤਾਂ ਹਿੰਦੂ ਮੁਸਲਮਾਨਾਂ ਸਮੇਤ ਸਾਰੇ ਧਰਮਾਂ ਦੇ ਲੋਕ ਵਿਜੋਗੀ ਮਾਨਸਿਕ ਅਵਸਥਾ ਵਿਚ ਸਨ।

ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਵਿਚ ਲਿਖਦੇ ਹਨ ਕਿ ਅੰਤਮ ਸਸਕਾਰ ਕਰਨ ਲਈ ਸਿੱਖ, ਹਿੰਦੂ ਅਤੇ ਮੁਸਲਮਾਨਾਂ ਦਾ ਪਰਸਪਰ ਬਹੁਤ ਵਿਵਾਦ ਹੋਇਆ ਕਿਉਂਕਿ ਇਹ ਸਭ ਜਗਤ ਗੁਰੂ ਨੂੰ ਕੇਵਲ ਆਪਣਾ ਗੁਰੂ ਪੀਰ ਮੰਨਦੇ ਸਨ।।ਅੰਤ ਨੂੰ ਗੁਰੂ ਸਾਹਿਬ ਦਾ ਵਸਤਰ ਲੈ ਕੇ ਮੁਸਲਮਾਨਾਂ ਨੇ ਕਬਰ ਬਣਾਈ ਅਤੇ ਸਿੱਖਾਂ ਹਿੰਦੂਆਂ ਨੇ ਸਸਕਾਰ ਕੀਤਾ। ਗੁਰੂ ਅਰਜਨ ਦੇਵ ਜੀ ਰਾਗ ਗਾਉੜੀ 'ਚ ਫ਼ੁਰਮਾਉਂਦੇ ਹਨ :

ਹਰਖ ਅਨੰਤ ਸੋਗ ਨਹੀ ਥੀਆ,
ਸੋ ਘਰੁ ਗੁਰਿ ਨਾਨਕ ਕਉ ਦੀਆ।।

ਕਰਤਾਰਪੁਰ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਨੇ ਜ਼ਿੰਦਗੀ ਦੇ 18 ਸਾਲ ਗੁਜ਼ਾਰੇ। ਰਾਵੀ ਦਰਿਆ ਦੇ ਕੰਢੇ ਇਸ ਅਸਥਾਨ 'ਤੇ ਆਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ। ਜਿਸ ਅਸਥਾਨ ਪੁਰ ਸਿੱਖਾਂ ਅਤੇ ਹਿੰਦੂਆਂ ਨੇ ਗੁਰੂ ਨਾਨਕ ਪਾਤਸ਼ਾਹ ਦੀ ਦੇਹ ਦਾ ਸਸਕਾਰ ਕੀਤਾ ਸੀ, ਉਸ ਜਗ੍ਹਾ ਸਮਾਧ ਬਣਾ ਕੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰ ਦਿੱਤੀ। ਉਸੇ ਅਸਥਾਨ ਤੋਂ 5-7 ਗਜ਼ ਹਟ ਕੇ ਜਿੱਥੇ ਮੁਸਲਮਾਨ ਸ਼ਰਧਾਲੂਆਂ ਨੇ ਗੁਰੂ ਸਾਹਿਬ ਦੇ ਵਸਤਰਾਂ ਨੂੰ ਦਫ਼ਨਾਇਆ ਸੀ, ਉਸ ਕਬਰ 'ਤੇ ਸੁੰਦਰ ਮਜ਼ਾਰ ਸੁਸ਼ੋਭਿਤ ਹੈ।

ਇਸ ਪਵਿੱਤਰ ਅਸਥਾਨ ਦੀ ਖ਼ਾਸੀਅਤ ਹੈ ਕਿ ਗੁਰਦੁਆਰਾ ਸਾਹਿਬ ਅਤੇ ਮਜ਼ਾਰ ਸਾਹਿਬ ਇਕੱਠੇ ਹਨ। ਸੰਨ 1919 ਵਿਚ ਰਾਵੀ ਦਰਿਆ ਵਿਚ ਆਏ ਹੜ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਦੀ ਪਵਿੱਤਰ ਇਤਿਹਾਸਕ ਇਮਾਰਤ ਲਈ ਖ਼ਤਰਾ ਪੈਦਾ ਕਰ ਦਿੱਤਾ। ਸਿੱਖ ਸੰਗਤ ਦੇ ਸਹਿਯੋਗ ਸਦਕਾ ਮਹਾਰਾਜਾ ਪਟਿਆਲਾ ਸਰ ਭੁਪਿੰਦਰ ਸਿੰਘ ਨੇ ਇਕ ਲੱਖ ਪੈਂਤੀ ਹਜ਼ਾਰ ਛੇ ਸੌ ਰੁਪਏ ਖ਼ਰਚ ਕੇ ਮੌਜੂਦਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ ਦੀ ਇਮਾਰਤ ਨੂੰ ਤਿਆਰ ਕਰਨ ਦੀ ਸੇਵਾ ਕੀਤੀ ਅਤੇ ਦਰਿਆ ਰਾਵੀ ਤੇ ਕਰਤਾਰਪੁਰ ਸਾਹਿਬ ਵੱਲ ਬੰਨ੍ਹ ਬੰਨਿਆ।

9 ਨਵੰਬਰ 2019 ਵਾਲੇ ਸੁਭਾਗੇ ਦਿਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪਾਕਿਸਤਾਨ ਦੇ ਸਦਰ ਇਮਰਾਨ ਖ਼ਾਨ ਨੇ ਗੁਰੂ ਨਾਨਕ ਦੇਵ ਜੀ ਦੇ ਮਾਨਵੀ ਸਾਂਝੀਵਾਲਤਾ ਦੇ ਸੰਦੇਸ਼ 'ਤੇ ਅਮਲ ਕਰਦਿਆਂ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦਾ ਉਦਘਾਟਨ ਕੀਤਾ। ਕੋਵਿਡ-19 ਕਾਰਨ ਬੰਦ ਹੋਇਆ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੁੱਲ੍ਹ ਗਿਆ ਹੈ।

***

## ਪੰਜਾਬ ਦੀ ਆਰਥਿਕਤਾ ਤੇ ਖੇਤੀਬਾੜੀ...

ਸਕਦਾ ਹੈ। ਸਰਕਾਰ ਵੱਲੋਂ ਦਿੱਤੇ ਕਰਜ਼ਿਆਂ ਤੇ ਛੋਟਾਂ ਨੇ ਵੀ ਕਿਸਾਨਾਂ ਨੂੰ ਡਿਫਾਲਟਰ ਹੋਣ ਲਈ ਉਤਸ਼ਾਹਿਤ ਕੀਤਾ ਹੈ। ਇਸ ਦੀ ਸ਼ੁਰੂਆਤ 2017 ਵਿਚ ਕਾਂਗਰਸ ਨੇ ਕਰਜ਼ਾ ਮਾਫ਼ੀ ਦੇ ਚੋਣ ਵਾਅਦਿਆਂ ਸਦਕਾ ਕੀਤੀ। ਉਸ ਨੇ ਲੋਕਾਂ ਨੂੰ ਕਰਜ਼ੇ ਸਮੇਂ ਸਿਰ ਜਮ੍ਹਾਂ ਨਾ ਕਰਵਾਉਣ ਲਈ ਉਤਸ਼ਾਹਿਤ ਹੀ ਨਹੀਂ ਕੀਤਾ, ਬਲਕਿ ਰਾਜ ਦੇ ਖਜ਼ਾਨੇ 'ਤੇ ਵਿੱਤ ਤੇ ਛੋਟਾਂ ਦੇ ਮਾਰੂ ਪ੍ਰਭਾਵ ਨਜ਼ਰ ਆਏ। ਕਿਉਂਕਿ ਬਿਜਲੀ ਵਿਭਾਗ ਦਾ ਖ਼ਰਚਾ 2017-18 ਵਿਚ 3013 ਕਰੋੜ ਰੁਪਏ ਤੋਂ ਘਟਾ ਕੇ 2018-19 ਵਿਚ 2202 ਕਰੋੜ ਰੁਪਏ ਕਰ ਦਿੱਤਾ ਗਿਆ। ਗ੍ਰਹਿ ਵਿਭਾਗ ਦੇ ਖ਼ਰਚੇ ਵਿਚ 6 ਫ਼ੀਸਦੀ ਦੀ ਕਟੌਤੀ ਕੀਤੀ ਗਈ। ਸਿਹਤ ਸੇਵਾਵਾਂ ਵਿਚ ਲਗਭਗ 1.3 ਫ਼ੀਸਦੀ ਕਟੌਤੀ ਕੀਤੀ ਗਈ। ਇਸ ਸਭ ਦੇ ਬਾਵਜੂਦ ਖੇਤੀ ਕਰਜ਼ਾ ਦਿਨ-ਬ-ਦਿਨ ਵਧਦਾ ਗਿਆ।

ਖੇਤੀ ਕਰਜ਼ਾ ਜੂਨ 2021 ਦੇ ਅੰਕੜਿਆਂ ਅਨੁਸਾਰ ਸਰਕਾਰ ਵੱਲੋਂ ਕਰਜ਼ਾ ਮਾਫ਼ੀ ਸਕੀਮ ਸ਼ੁਰੂ ਹੋਣ ਤੋਂ ਪਹਿਲਾਂ 74878 ਕਰੋੜ ਰੁਪਏ ਸੀ ਤੇ 4624 ਕਰੋੜ ਰੁਪਏ ਮਾਫ਼ ਹੋਣ ਦੇ ਬਾਵਜੂਦ ਕਰਜ਼ਾ ਵਧ ਕੇ 77753.12 ਕਰੋੜ ਰੁਪਏ ਹੋ ਗਿਆ ਭਾਵ ਸਕੀਮ ਸ਼ੁਰੂ ਹੋਣ ਤੇ ਮਾਫ਼ ਹੋਣ ਤੋਂ ਬਾਅਦ ਵੀ ਖੇਤੀ ਕਰਜ਼ਾ 2874.66 ਕਰੋੜ ਰੁਪਏ ਹੋਰ ਵਧ ਗਿਆ। ਖੇਤੀ ਸਹਾਇਕ ਧੰਦੇ ਖੇਤੀਬਾੜੀ ਦਾ ਅਨਿੱਖੜਵਾਂ ਅੰਗ ਹਨ। ਖ਼ਾਸ ਤੌਰ 'ਤੇ ਡੇਅਰੀ ਫਾਰਮਿੰਗ ਦੀ ਸਹਾਇਕ ਧੰਦੇ ਵਜੋਂ ਖੇਤੀਬਾੜੀ ਨੂੰ ਲੋੜ ਹੈ ਕਿਉਂਕਿ ਅੱਜ ਦੁੱਧ 'ਚ ਦਿਨ-ਬਦਿਨ ਮਿਲਾਵਟ ਵਧ ਰਹੀ ਹੈ। ਲੋਕ ਦੁਧਾਰੂ ਪਸ਼ੂਆਂ ਨੂੰ ਵੇਚ ਕੇ ਦੁੱਧ ਮੁੱਲ ਖ਼ਰੀਦਣ ਨੂੰ ਤਰਜੀਹ ਦੇਣ ਲੱਗ ਪਏ ਹਨ ਕਿਉਂਕਿ ਪਸ਼ੂਆਂ ਨਾਲ ਪਸ਼ੂ ਹੋਣਾ ਆਧੁਨਿਕ ਪੀੜ੍ਹੀ ਨੂੰ ਵਧੀਆ ਧੰਦਾ ਨਹੀਂ ਜਾਪਦਾ। ਪਸ਼ੂਆਂ ਦੀ ਰਹਿੰਦ-ਖੂੰਹਦ ਨਾਲ ਰੂੜੀ ਤਿਆਰ ਹੋ ਜਾਂਦੀ ਸੀ ਜੋ ਜ਼ਮੀਨ ਦੇ ਲਘੂ ਤੱਤਾਂ ਨੂੰ ਪੂਰਾ ਕਰ ਦਿੰਦੀ ਸੀ। ਰਸਾਇਣਕ ਖਾਦਾਂ ਦੀ ਜ਼ਰੂਰਤ ਬਹੁਤ ਘੱਟ ਪੈਂਦੀ ਸੀ ਪਰ ਪਸ਼ੂਆਂ ਤੋਂ ਦੂਰੀ ਕਾਰਨ ਜ਼ਮੀਨ ਨੂੰ ਲੋੜ ਅਨੁਸਾਰ ਦੇਸੀ ਖਾਦ ਨਾ ਮਿਲਣ ਕਾਰਨ ਰਸਾਇਣਕ ਖਾਦਾਂ ਦੀ ਵਰਤੋਂ ਦਿਨ-ਬ-ਦਿਨ ਵਧ ਰਹੀ ਹੈ ਜੋ ਵਾਤਾਵਰਨ ਤੇ ਮਨੁੱਖੀ ਸਿਹਤ ਲਈ ਬਹੁਤ ਹਾਨੀਕਾਰਕ ਸਾਬਿਤ ਹੋ ਰਹੀ ਹੈ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਵਿਚ ਖ਼ਦਸ਼ਾ ਜ਼ਾਹਰ ਕੀਤਾ ਗਿਆ ਹੈ ਕਿ ਜੇਕਰ ਭਾਰਤ ਦੇ ਦੁੱਧ ਤੋਂ ਬਣੇ ਉਤਪਾਦਾਂ ਦੀ ਗੁਣਵੱਤਾ ਨਾ ਸੁਧਾਰੀ ਗਈ ਤਾਂ 2025 ਤੱਕ 87 ਫ਼ੀਸਦੀ ਭਾਰਤੀ ਕੈਂਸਰ ਵਰਗੀਆਂ ਘਾਤਕ ਬਿਮਾਰੀਆਂ ਦੇ ਸ਼ਿਕਾਰ ਹੋ ਸਕਦੇ ਹਨ। ਖੇਤੀ ਧੰਦੇ ਨੂੰ ਛੁਪੀ ਹੋਈ ਬੇਰੁਜ਼ਗਾਰੀ ਨੇ ਵੀ ਕੁਝ ਹੱਦ ਤੱਕ ਪ੍ਰਭਾਵਿਤ ਕੀਤਾ ਹੈ। ਸਾਡੇ ਜੀਵਨ ਵਿਚ ਵਧ ਰਿਹਾ ਆਰਾਮ ਤੇ ਅਵੇਸਲਾਪਣ ਸਿਰਫ਼ ਖੇਤੀਬਾੜੀ ਨੂੰ ਹੀ ਪ੍ਰਭਾਵਿਤ ਨਹੀਂ ਕਰੇਗਾ ਬਲਕਿ ਇਸ ਦੇ ਮਾਰੂ ਨਤੀਜੇ ਸੂਬੇ ਦੇ ਵਾਤਾਵਰਨ, ਆਰਥਿਕ, ਸਮਾਜਿਕ ਤੇ ਰਾਜਨੀਤਕ ਪਹਿਲੂਆਂ 'ਤੇ ਵੀ ਨਜ਼ਰ ਆਉਣਗੇ। ਜੇ ਸੱਚਮੁੱਚ ਅਸੀਂ ਸੂਬੇ ਦੀ ਕਿਸਾਨੀ ਤੇ ਵਾਤਾਵਰਨ ਨੂੰ ਬਚਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਖੇਤੀਬਾੜੀ ਦੇ ਮੌਜੂਦਾ ਤੌਰ-ਤਰੀਕੇ ਬਦਲਣੇ ਪੈਣਗੇ।

ਵਾਤਾਵਰਨ ਨੂੰ ਬਚਾਉਣ ਲਈ ਕੀਟਨਾਸ਼ਕਾਂ, ਨਦੀਨਨਾਸ਼ਕਾਂ ਦੀ ਬੇਲੋੜੀ ਵਰਤੋਂ 'ਤੇ ਰੋਕ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਬਿਨਾਂ ਸਾੜੇ ਹਰੀ ਖਾਦ ਵਜੋਂ ਵਰਤਣਾ ਪਵੇਗਾ। ਖੇਤੀ ਖ਼ਰਚੇ ਘਟਾਉਣ ਲਈ ਸਾਂਝੀ ਖੇਤੀ ਵੱਲ ਮੁੜ ਪ੍ਰੇਰਿਤ ਹੋਣਾ ਪਵੇਗਾ। ਜਿੰਨੀ ਵੀ ਆਧੁਨਿਕ ਮਸ਼ੀਨਰੀ ਦੀ ਲੋੜ ਹੈ, ਉਹ ਸਾਂਝੇ ਗਰੁੱਪ ਜਾਂ ਕੁਝ ਕਿਸਾਨ ਸਾਂਝੇ ਤੌਰ 'ਤੇ ਖ਼ਰੀਦਣ ਤਾਂ ਜੋ ਵਾਧੂ ਮਸ਼ੀਨਰੀ ਦਾ ਬੋਝ ਤੇ ਪੈਸੇ ਦੀ ਲਾਗਤ ਨੂੰ ਘਟਾਇਆ ਜਾ ਸਕੇ। ਇਸ ਤੋਂ ਇਲਾਵਾ ਹੱਥੀਂ ਕਿਰਤ ਨੂੰ ਅਹਿਮੀਅਤ ਦੇਣੀ ਪਵੇਗੀ, ਛੋਟੇ-ਛੋਟੇ ਕੰਮਾਂ ਲਈ ਲੇਬਰ 'ਤੇ ਨਿਰਭਰਤਾ ਘਟਾਉਣੀ ਹੋਵੇਗੀ। ਸਰਕਾਰ ਵੱਲੋਂ ਸਹਿਕਾਰੀ ਸਭਾਵਾਂ ਰਾਹੀਂ ਖੇਤੀਬਾੜੀ ਮਸ਼ੀਨਰੀ, ਜੈਵਿਕ ਖਾਦਾਂ, ਟ੍ਰੇਨਿੰਗ, ਖੋਜ ਕੇਂਦਰਾਂ ਤੇ ਫੂਡ ਪ੍ਰੋਸੈਸਿੰਗ ਉਦਯੋਗ ਨੂੰ ਵੀ ਹੱਲਾਸ਼ੇਰੀ ਦੇਣੀ ਹੋਵੇਗੀ। ਰੋਜ਼ਮੱਰਾ ਦੇ ਖ਼ਰਚਿਆਂ ਲਈ ਸਾਨੂੰ ਸਹਾਇਕ ਧੰਦਿਆਂ ਨੂੰ ਵੀ ਖੇਤੀਬਾੜੀ ਦੇ ਨਾਲ-ਨਾਲ ਅਪਨਾਉਣਾ ਪਵੇਗਾ ਜਿਸ ਨਾਲ ਮਿਲਾਵਟ ਰਹਿਤ ਖੁਰਾਕੀ ਪਦਾਰਥ ਮਿਲਣਗੇ ਅਤੇ ਚੋਖੀ ਆਮਦਨ ਪ੍ਰਾਪਤ ਹੋਵੇਗੀ ਜੋ ਖੇਤੀਬਾੜੀ ਤੇ ਨਿੱਜੀ ਖ਼ਰਚਿਆਂ ਦਾ ਬੋਝ ਵੀ ਘਟਾਏਗੀ। ਇਸ ਨਾਲ ਸੂਬੇ ਦੀ ਆਰਥਿਕਤਾ ਤੇ ਖੇਤੀਬਾੜੀ ਨੂੰ ਹਾਂ-ਪੱਖੀ ਹੁਲਾਰਾ ਮਿਲੇਗਾ।

***

## ਮੁਗਲ ਬਾਦਸ਼ਾਹ ਬਾਬਰ, ਬਾਬਰੀ ਵਾਣੀ

ਪਰ ਹੇ ਨਾਨਕ ! ਮਨੁੱਖ ਵਿਚਾਰੇ ਕੀ ਕਰਨ ਯੋਗ ਹਨ। ਉਹੀ ਕੁਝ ਵਾਪਰਦਾ ਹੈ ਜੋ ਉਸ ਸਿਰਜਣਹਾਰ ਕਰਤਾਰ ਨੂੰ ਭਾਉਂਦਾ ਹੈ।ਅੰਗ-417

ਹੇ ਪ੍ਰਭੂ ਇਹ ਜਗਤ ਤੇਰਾ ਬਣਾਇਆ ਹੋਇਆ ਹੈ। ਤੂੰ ਇਸ ਜਗਤ ਦਾ ਮਾਲਕ ਹੈ। ਉਸ ਮਾਲਕ ਦੀ ਅਚਰਜ਼ ਖੇਡ ਹੈ। ਜਗਤ ਰਚ ਕੇ ਇਕ ਘੜੀ ਵਿਚ ਤਬਾਹ ਭੀ ਕਰ ਦੇਂਦਾ ਹੈ। ਤੇ ਧੰਨ ਦੌਲਤ ਵੰਡ ਕੇ ਹੋਰਨਾਂ ਨੂੰ ਦੇਂਦਾ ਹੈ। ਰਹਾਉ॥

ਅਜੇ ਕੱਲ੍ਹ ਦੀ ਗੱਲ ਹੈ ਕਿ ਸੈਦਪੁਰ ਵਿਚ ਰੌਣਕ ਹੀ ਰੌਣਕ ਸੀ। ਪਰ ਹੁਣ ਕਿੱਥੇ ਹਨ ਫੌਜੀਆਂ ਦੇ ਖੇਡ ਤਮਾਸ਼ੇ ? ਜਿੱਥੇ ਹਨ ਘੋੜੀਆਂ ਤੇ ਘੋੜੇ ਤੇ ਤਬੇਲੇ ? ਕਿੱਥੇ ਗਏ ਨਗਾਰੇ ਤੇ ਤੂਤੀਆਂ ? ਕਿੱਥੇ ਹਨ ਪਸਮੀਨੇ ਦੇ ਗਾਤਰੇ ? ਤੇ ਕਿੱਥੇ ਹਨ ਉਹ ਫੌਜੀਆਂ ਦੀਆਂ ਲਾਲ ਵਰਦੀਆਂ ? ਕਿੱਥੇ ਹਨ ਸ਼ੀਸ਼ੇ ? ਤੇ ਸ਼ੀਸ਼ਿਆਂ ਵਿਚ ਵੇਖੇ ਜਾਣ ਵਾਲੇ ਸੋਹਣੇ ਮੂੰਹੀਂ ਅੱਜ ਇੱਥੇ ਸੈਦਪੁਰ ਵਿਚ ਕਿਤੇ ਨਹੀਂ ਦਿਸਦੇ।

ਕਿੱਥੇ ਹਨ, ਉਹ ਸੋਹਣੇ ਘਰ, ਮਹੱਲ, ਮਾੜ੍ਹੀਆਂ ਤੇ ਸੋਹਣੀਆਂ ਸਰਾਵਾਂ ? ਕਿੱਥੇ ਹਨ ਉਹ ਸੁੱਖ ਦੇਣ ਵਾਲੀ ਇਸਤਰੀ ਤੇ ਉਸ ਦੀ ਸੇਜ਼ ? ਜਿਸ ਨੂੰ ਵੇਖ ਕੇ ਅੱਖਾਂ ਵਿਚ ਨੀਂਦ ਮੁੱਕ ਜਾਂਦੀ ਸੀ, ਕਿੱਥੇ ਹਨ ਉਹ ਪਾਨ ਤੇ ਪਾਨ ਵੇਚਣ ਵਾਲੀਆਂ ਤੇ ਕਿੱਥੇ ਉਹ ਪਹਿਰੇਦਾਰ ਜਨਾਨੀਆਂ ? ਸਭ ਗੁੰਮ ਹੋ ਚੁੱਕੀਆਂ ਹਨ।

੧ਇਸ ਧੰਨ ਦੀ ਖਾਤਰ ਬਹੁਤ ਲੋਕਾਈ ਖੁਆਰ ਹੁੰਦੀ ਹੈ। ਇਸ ਧੰਨ ਨੇ ਬਹੁਤ ਦੁਨੀਆ ਨੂੰ ਖੁਆਰ ਕੀਤਾ ਹੈ। ਪਾਪ, ਜੁਲਮ ਕਰਨ ਤੋਂ ਬਿਨਾਂ ਇਹ ਦੌਲਤ ਇਕੱਠੀ ਨਹੀਂ ਹੋ ਸਕਦੀ। ਤੇ ਮਰਨ ਵੇਲੇ ਇਹ ਇਕੱਠੀ ਕਰਨ ਵਾਲੇ ਦੇ ਨਾਲ ਨਹੀਂ ਜਾਂਦੀ। ਪਰ ਜੀਵ ਦੇ ਕੀ ਵਸ ? ਪ੍ਰਮਾਤਮਾ ਜਿਸ ਨੂੰ ਆਪੇ ਕੁਰਾਹੇ ਪਾਉਂਦਾ ਹੈ, ਪਹਿਲਾਂ ਉਸ ਪਾਸੋਂ ਉਸ ਦੀ ਚੰਗਿਆਈ ਖੋਹ ਲੈਂਦਾ ਹੈ।

ਜਦੋਂ ਪਠਾਣ ਹਾਕਮਾਂ ਨੇ ਸੁਣਿਆ ਕਿ ਮੀਰ ਬਾਬਰ ਹੱਲਾ ਕਰਕੇ ਵੱਗਾ ਤੱਗ ਆ ਰਿਹਾ ਹੈ ਤਾਂ ਉਨ੍ਹਾਂ ਅਨੇਕਾਂ ਹੀ ਪੀਰਾਂ ਨੂੰ ਜਾਦੂ ਟੂਣੇ ਕਰਨ ਤੋਂ ਰੋਕ ਰੱਖਿਆ। ਪਰ ਉਨ੍ਹਾਂ ਦੀਆਂ ਤਸਬੀਆਂ ਫਿਰਨ ਤੇ ਭੀ ਪੱਕੇ ਥਾਂ ਮੁਕਾਮ ਪੱਕੇ ਮਹੱਲ ਮੁਗਲਾਂ ਦੀ ਲਾਈ ਅੱਗ ਨਾਲ ਸੜ ਕੇ ਸੁਆਹ ਹੋ ਗਏ। ਉਨ੍ਹਾਂ ਨੇ ਪਠਾਣ ਸ਼ਹਿਜ਼ਾਦਿਆਂ ਨੂੰ ਟੋਟੇ ਕਰਕੇ ਮਿੱਟੀ ਵਿਚ ਰੋਲ ਦਿੱਤਾ। ਪੀਰਾਂ ਦੀਆ ਤਸਬੀਆਂ ਨਾਲ ਕੋਈ ਇਕ ਵੀ ਮੁਗਲ ਅੰਨ੍ਹਾ ਨਾ ਹੋਇਆ। ਕਿਸੇ ਭੀ ਪੀਰ ਨੇ ਕੋਈ ਕਰਾਮਾਤ ਕਰ ਨਾ ਵਿਖਾਈ।

ਜਦੋਂ ਮੁਗਲਾਂ ਤੇ ਪਠਾਣਾਂ ਦੀ ਲੜਾਈ ਹੋਈ, ਲੜਾਈ ਦੇ ਮੈਦਾਨ ਵਿਚ ਦੋਹਾਂ ਧਿਰਾਂ ਨੇ ਤਲਵਾਰ ਚਲਾਈ। ਉਨ੍ਹਾਂ ਮੁਗਲਾਂ ਨੇ ਬੰਦੂਕਾਂ ਦੇ ਨਿਸ਼ਾਨੇ ਬੰਨ੍ਹ ਬੰਨ੍ਹ ਕੇ ਗੋਲੀਆਂ ਚਲਾਈਆਂ। ਪਰ ਪਠਾਣਾਂ ਦੀਆਂ ਹੱਥ ਵਿਚ ਹੀ ਚਿੜ ਚਿੜ ਕਰ ਗਈਆਂ। ਪਰ ਹੇ ਭਾਈ ! ਧੁਰੋਂ ਹੀ ਜਿਨ੍ਹਾਂ ਦੀ ਉਮਰ ਦੀ ਚਿੱਠੀ ਪਾਟ ਜਾਂਦੀ ਹੈ, ਉਨ੍ਹਾਂ ਮਰਨਾ ਹੀ ਹੁੰਦਾ ਹੈ।

ਕੀ ਹਿੰਦੂ ਇਸਤਰੀਆਂ, ਕੀ ਮੁਸਲਮਾਨ ਔਰਤਾਂ ਤੇ ਕੀ ਭੱਟਾਂ ਤੇ ਠਾਕੁਰਾਂ ਦੀਆਂ ਜਨਾਨੀਆਂ, ਕਈਆਂ ਦੇ ਬੁਰਕੇ ਸਿਰ ਤੋਂ ਲੈ ਕੇ ਪੈਰਾਂ ਤੱਕ ਲੀਰ ਹੋ ਗਏ। ਕਈਆਂ ਦਾ ਮਰ ਕੇ ਮਸਾਣਾਂ ਵਿਚ ਜਾ ਵਾਸਾ ਹੋਇਆ। ਜਿਹੜੀਆਂ ਬਚ ਗਈਆਂ ਉਹ ਵੀ ਵਿਚਾਰੀਆਂ ਕੀ ਬਚੀਆਂ। ਜਿਨ੍ਹਾਂ ਦੇ ਸੋਹਣੇ ਖਸਮ ਘਰਾਂ ਵਿਚ ਨਾ ਆਏ, ਉਨ੍ਹਾਂ ਉਹ ਬਿਪਤਾ ਦੀ ਰਾਤ ਕਿਵੇਂ ਕੱਟੀ ਹੋਵੇਗੀ ?

ਪਰ ਇਹ ਦਰਦ ਭਰੀ ਕਹਾਣੀ ਕਿਸ ਨੂੰ ਆਖ ਕੇ ਸੁਣਾਈ ਜਾਵੇ ? ਕਰਤਾਰ ਆਪ ਹੀ ਸਭ ਕੁਝ ਕਰਦਾ ਹੈ, ਤੇ ਜੀਵਾਂ ਤੋਂ ਕਰਾਉਂਦਾ ਹੈ।

ਹੇ ਕਰਤਾਰ ! ਦੁੱਖ ਹੋਵੇ ਚਾਹੇ ਸੁੱਖ ਹੋਵੇ ਤੇਰੀ ਰਜ਼ਾ ਵਿਚ ਵਾਪਰਦਾ ਹੈ। ਤੈਥੋਂ ਬਿਨਾਂ ਹੋਰ ਕਿਸੇ ਪਾਸੇ ਜਾ ਕੇ ਦੁੱਖ ਫਰੋਲੀਏ ?

ਹੇ ਨਾਨਕ ! ਰਜ਼ਾ ਦਾ ਮਾਲਕ ਪ੍ਰਭੂ ਆਪਣੀ ਰਜ਼ਾ ਵਿਚ ਹੀ ਜਗਤ ਦੀ ਕਾਰ ਚਲਾ ਰਿਹਾ ਹੈ। ਤੇ ਵੇਖ ਵੇਖ ਕੇ ਸੰਤੁਸ਼ਟ ਹੋ ਰਿਹਾ ਹੈ। ਆਪੋ ਆਪਣੇ ਕੀਤੇ ਕਰਮਾਂ ਅਨੁਸਰ ਲਿਖਿਆ ਲੇਖ ਭੋਗੀਦਾ।ਅੰਗ-417

ਹੇ ਭਾਈ ਲਾਲੋ ! ਮੈਨੂੰ ਇਹੋ ਜਿਹੀ ਖਸਮ ਪ੍ਰਭੂ ਵੱਲੋਂ ਪ੍ਰੇਰਨਾ ਆਈ ਹੈ, ਉਸੇ ਅਨੁਸਾਰ ਮੈਂ ਤੈਨੂੰ ਉਸ ਦੁਰਘਟਨਾ ਦੀ ਵਾਕਫ਼ੀਅਤ ਦੇਂਦਾ ਹਾਂ ਜੋ ਸ਼ਹਿਰ ਸੈਦਪੁਰ ਵਿਚ ਵਾਪਰੀ ਹੈ। ਬਾਬਰ ਕਾਬਲ ਤੋਂ ਫੌਜ ਜੋ ਮਾਨੋ ਪਾਪ ਜੁਲਮ ਦੀ ਜੀਵ ਹੈ, ਇਕੱਠੀ ਕਰਕੇ ਆਣ ਚੜ੍ਹਿਆ ਹੈ ਅਤੇ ਜ਼ੋਰ-ਧੱਕੇ ਨਾਲ ਹਿੰਦ ਦੀ ਹਕੂਮਤ ਰੂਪ ਕੰਨਿਆ ਦਾਨ ਮੰਗ ਰਿਹਾ ਹੈ। ਸੈਦਪੁਰ ਵਿਚੋਂ ਹਯਾ ਤੇ ਧਰਮ ਦੋਵੇਂ ਅਲੋਪ ਹੋ ਚੁੱਕੇ ਹਨ। ਝੂਠ ਹੀ ਝੂਠ ਚੌਧਰੀ ਬਣਿਆ ਫਿਰਦਾ ਹੈ। ਬਾਬਰ ਦੇ ਸਿਪਾਹੀਆ ਵਲੋਂ ਸੈਦਪੁਰ ਦੀਆਂ ਇਸਤਰੀਆਂ 'ਤੇ ਇਤਨੇ ਅੱਤਿਆਚਾਰ ਹੋ ਰਹੇ ਹਨ ਕਿ ਮਾਨੋ ਕਿ ਸ਼ੈਤਾਨ ਇਸ ਸ਼ਹਿਰ ਵਿਚ ਵਿਆਹ ਪੜ੍ਹਾ ਰਿਹਾ ਹੈ। ਤੇ ਕਾਜ਼ੀਆਂ, ਬ੍ਰਾਹਮਣਾਂ ਦੀ ਸਾਊ ਮਰਿਯਾਦਾ ਮੁੱਕ ਚੁੱਕੀ ਹੈ। ਮੁਸਲਮਾਨ ਔਰਤਾਂ ਵੀ ਇਸ ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਹਨ ਜੋ ਇਸ ਬਿਪਤਾ ਵਿਚ ਆਪਣੀ ਧਰਮ ਪੁਸਤਕ ਕੁਰਾਨ ਦੀਆਂ ਆਹਿਤਾਂ ਪੜ੍ਹ ਰਹੀਆਂ ਹਨ ਤੇ ਖੁਦਾ ਅੱਗੇ ਪੁਕਾਰ ਕਰ ਰਹੀਆਂ ਹਨ। ਉੱਚੀਆਂ ਜਾਤਾਂ ਦੀਆਂ, ਨੀਵੀਂਆਂ ਜਾਤਾ ਦੀਆਂ ਅਤੇ ਹੋਰ ਭੀ ਸਭ ਹਿੰਦੂ ਇਸਤਰੀਆਂ ਇਨ੍ਹਾਂ ਸਾਰੀਆਂ 'ਤੇ ਅੱਤਿਆਚਾਰ ਹੋ ਰਹੇ ਹਨ।

ਹੇ ਨਾਨਕ ! ਇਸ ਖੂਨੀ ਵਿਆਹ ਵਿਚ ਸੈਦਪੁਰ ਨਗਰ ਦੇ ਅੰਦਰ ਹਰ ਪਾਸੇ ਵਿਰਲਾਪ ਹੋ ਰਹੇ ਹਨ ਤੇ ਲਹੂ ਦਾ ਕੇਸਰ ਛਿੜਕਿਆ ਜਾ ਰਿਹਾ ਹੈ।ਸੈਦਪੁਰ ਦੀ ਕਤਲੇਆਮ ਦੀ ਇਹ ਦੁਰਘਟਨਾ ਬੜੀ ਭਿਆਨਕ ਹੈ। ਪਰ ਇਹ ਵੀ ਠੀਕ ਹੈ ਕਿ ਜਗਤ ਵਿਚ ਸਭ ਕੁਝ ਮਾਲਕ ਪ੍ਰਭੂ ਦੀ ਰਜ਼ਾ ਵਿਚ ਹੋ ਰਿਹਾ ਹੈ। ਇਸ ਵਾਸਤੇ ਲੋਥਾਂ ਭਰੇ ਸ਼ਹਿਰ ਵਿਚ ਬੈਠ ਕੇ ਭੀ ਨਾਨਕ ਉਸ ਮਾਲਕ-ਪ੍ਰਭੂ ਦੇ ਗੁਣ ਹੀ ਗਾਉਂਦਾ ਹੈ। ਹੇ ਭਾਈ ਲਾਲੋ, ਤੂੰ ਵੀ ਇਸ ਅਟੱਲ ਨਿਯਮ ਨੂੰ ਉਦਾਰ। ਚੇਤੇ ਰੱਖ ਕਿ ਜਿਸ ਮਾਲਕ-ਪ੍ਰਭੂ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਉਸੇ ਨੇ ਇਸ ਨੂੰ ਮਾਇਆ ਦੇ ਮੋਹ ਵਿਚ ਪ੍ਰਵਿਰਤ ਕੀਤਾ ਹੋਇਆ ਹੈ। ਉਹ ਆਪ ਹੀ ਨਿਰਲੇਪ ਰਹਿ ਕੇ ਉਨ੍ਹਾਂ ਦੁਰਘਟਨਾਵਾਂ ਨੂੰ ਵੇਖ ਰਿਹਾ ਹੈ। ਜੋ ਮਾਇਆ ਮੋਹ ਦੇ ਕਾਰਨ ਵਾਪਰਦੀਆਂ ਹਨ।

ਉਹ ਮਾਲਕ-ਪ੍ਰਭੂ ਅਟੱਲ ਨਿਯਮਾਂ ਵਾਲਾ ਹੈ। ਉਸ ਦਾ ਨਿਆਉਂ ਹੁਣ ਤੱਕ ਅਟੱਲ ਹੈ। ਉਹ ਅੱਗੇ ਨੂੰ ਵੀ ਅਟੱਲ ਨਿਯਮ ਵਰਤਾਏਗਾ। ਉਹ ਨਿਆਉਂ ਕਰੇਗਾ ਜੋ ਅਟੱਲ ਹੈ। ਉਸ ਅਟੱਲ ਨਿਯਮ ਅਨੁਸਾਰ ਹੀ ਇਸ ਵੇਲੇ ਸੈਦਪੁਰ ਵਿਚ ਹਰ ਪਾਸੇ ਮਨੁੱਖੀ ਸਰੀਰ-ਰੂਪ ਕੱਪੜਾ ਟੋਟੇ ਹੋ ਰਿਹਾ ਹੈ। ਇਹ ਇਕ ਐਸੀ ਭਿਆਨਕ ਘਟਨਾ ਹੋਈ ਹੈ, ਜਿਸ ਨੂੰ ਹਿੰਦੁਸਤਾਨ ਭੁਲਾ ਨਹੀਂ ਸਕੇਗਾ।

ਪਰ ਹੇ ਲਾਲੋ ! ਜਦ ਤੱਕ ਮਨੁੱਖ ਮਾਇਆ ਦੇ ਮੋਹ ਵਿਚ ਪ੍ਰਵਿਰਤ ਹਨ, ਅਜਿਹੇ ਘੱਲੂਘਾਰੇ ਵਾਪਰਦੇ ਹੀ ਰਹਿਣੇ ਹਨ। ਮੁਗਲ ਅੱਜ ਸੰਗਤ ਅਠੱਤਰ ਵਿਚ ਆਏ ਹਨ। ਇਹ ਸੰਮਤ ਸਤਾਨਵੇਂ ਵਿਚ ਚਲੇ ਜਾਣਗੇ। ਕੋਈ ਹੋਰ ਸੂਰਮਾ ਭੀ ਉੱਠ ਖੜ੍ਹਾ ਹੋਵੇਗਾ। ਜੀਵ ਮਾਇਆ ਦੇ ਰੰਗ ਵਿਚ ਮਸਤ ਹੋ ਕੇ ਉਮਰ ਅਜਾਈਂ ਗਵਾ ਰਹੇ ਹਨ। ਨਾਨਕ ਤਾਂ ਇਸ ਵੇਲੇ ਭੀ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੀ ਸਿਫ਼ਤ ਸਲਾਹ ਕਰਦਾ ਹੈ। ਸਾਰੀ ਉਮਰ ਹੀ ਸਿਫ਼ਤ ਸਲਾਹ ਕਰਦਾ ਰਹੇਗਾ। ਕਿਉਂਕਿ ਇਹ ਮਨੁੱਖਾ ਜਨਮ ਦਾ ਸਮਾਂ ਸਿਫ਼ਤ ਸਲਾਹ ਵਾਸਤੇ ਹੀ ਮਿਲਿਆ ਹੈ।ਅੰਗ-722-723

ਹੇ ਭਾਈ ! ਲਾਹੌਰ ਸ਼ਹਿਰ-ਸ਼ਹਿਰ ਨਿਵਾਸੀਆਂ ਵਾਸਤੇ ਆਤਮਿਕ ਮੌਤ ਲਿਆਈ ਰੱਖਣ ਦੇ ਕਾਰਨ ਜ਼ਹਿਰ ਬਣਿਆ ਪਿਆ ਹੈ, ਕਿਉਂਕਿ ਇੱਥੇ ਨਿੱਤ ਸਵੇਰੇ ਰੱਬੀ ਸਿਫ਼ਤ ਸਲਾਹ ਦੀ ਥਾਂ ਸਵਾ ਪਹਿਰ ਦਿਨ ਚੜ੍ਹੇ ਤੱਕ ਕਹਿਰ ਜੁਲਮ ਹੁੰਦਾ ਰਹਿੰਦਾ ਹੈ ਅਤੇ ਵਿਸ਼ੇ ਭੋਗਾਵਾਂ ਹੀ ਲਾਹੌਰ-ਨਿਵਾਸੀਆਂ ਦਾ ਜੀਵਨ ਮਨੋਰਥ ਬਣ ਰਿਹਾ ਹੈ।

ਹੇ ਭਾਈ ! ਹੁਣ ਲਾਹੌਰ ਸ਼ਹਿਰ ਅੰਮ੍ਰਿਤ ਦਾ ਚਸ਼ਮਾ ਤੇ ਪ੍ਰਮਾਤਮਾ ਦੀ ਸਿਫ਼ਤ ਸਲਾਹ ਦਾ ਸੋਮਾ ਬਣ ਗਿਆ ਹੈ, ਕਿਉਂਕਿ ਗੁਰਮਤਿ ਦੇ ਰੱਬੀ ਉਪਦੇਸ਼ਾਂ ਨਾਲ ਲਾਹੌਰ ਸ਼ਹਿਰ ਦੀਆਂ ਲੋਕ ਸਿਫ਼ਤਾਂ ਕਰਨ ਲੱਗ ਪਏ ਹਨ।

ਬਾਬਰਵਾਣੀ ਵਿਚ ਗੁਰੂ ਨਾਨਕ ਦੇਵ ਜੀ ਦਾ ਸ਼ਕਤੀਸ਼ਾਲੀ ਲੋਕਾਂ ਦਾ ਜਨ ਸਾਧਾਰਨ 'ਤੇ ਨੈਤਿਕ ਹਮਲਾ ਹੈ। ਜਦੋਂ ਜੁਲਮ ਪਾਪ ਅਤੇ ਨਿਆਂ ਦੀ ਬੁਰਾਈ ਦੀ ਅਤਿ ਹੁੰਦੀ ਹੈ ਤਾਂ ਚੰਗਿਆਈ ਦੀ ਅੰਤਿਮ ਜਿੱਤ ਹੁੰਦੀ ਹੈ ਪਰ ਮਨੁੱਖੀ ਜੀਵਨ ਨੂੰ ਨੈਤਿਕਤਾ ਵੱਲ, ਮੋੜਨ ਨਾਲ ਹੀ ਜੁਲਮ ਦਾ ਅੰਤ ਹੁੰਦਾ ਹੈ।

## ਤਿੰਨ ਮੈਂਬਰੀ ਸਿੱਟ ਕਾਇਮ,

ਹੋਈਆਂ ਉਹ ਇਸ਼ਾਰਾ ਕਰਦੀਆਂ ਹਨ ਕਿ ਜੋ ਵੀ ਕੁਝ ਹੋਇਆ ਉਹ ਜਲਦਬਾਜ਼ੀ ਵਿੱਚ ਹੋਇਆ। ਇਸ ਮਾਮਲੇ ਵਿੱਚ ਕੁਝ ਵੀ ਕਹਿਣ ਤੋਂ ਪਹਿਲਾਂ ਫੋਰੈਂਸਿਕ ਰਿਪੋਰਟ ਦਾ ਇੰਤਜ਼ਾਰ ਕਰ ਲੈਣਾ ਚਾਹੀਦਾ ਸੀ।'

ਮੁਲਜ਼ਮ ਕੁੜੀ ਵੀਡੀਓ ਵਿਚ ਮੰਨ ਰਹੀ ਹੈ ਕਿ ਉਹ ਸ਼ਿਮਲਾ ਵਿੱਚ ਰਹਿੰਦੇ ਮੁੰਡੇ ਨੂੰ ਵੀਡੀਓ ਭੇਜਦੀ ਸੀ। ਯੂਨੀਵਰਸਿਟੀ ਨੇ ਸਪੱਸ਼ਟ ਕੀਤਾ ਹੈ ਕਿ ਵਿਦਿਆਰਥਣਾਂ ਦੀਆਂ ਇਤਰਾਜ਼ਯੋਗ ਵੀਡੀਓਜ਼ ਦੀਆਂ ਸਾਰੀਆਂ ਅਫਵਾਹਾਂ ਸਰਾਸਰ ਝੂਠ ਅਤੇ ਬੇਬੁਨਿਆਦ ਹਨ।

ਵਿਦਿਆਰਥੀਆਂ ਦਾ ਇਲਜ਼ਾਮ ਸੀ ਕਿ ਪੁਲਿਸ ਕਿਵੇਂ ਮੁਲਜ਼ਮ ਕੁੜੀ ਦੇ ਫੋਨ ਦੀ ਫੋਰੈਂਸਿਕ ਜਾਂਚ ਕੀਤੇ ਬਿਨਾਂ ਦਾਅਵਾ ਕਰ ਸਕਦੀ ਹੈ ਕਿ ਇੱਕ ਹੀ ਕੁੜੀ ਦੇ ਵੀਡੀਓ ਮਿਲੇ ਹਨ। ਵਿਦਿਆਰਥੀਆਂ ਖ਼ਾਸਕਰ ਕੁੜੀਆਂ ਦਾ ਕਹਿਣਾ ਸੀ ਕਿ ਉਹ ਹੋਸਟਲਾਂ ਵਿਚ ਸੁਰੱਖਿਅਤ ਮਹਿਸੂਸ ਨਹੀਂ ਕਰਦੀਆਂ। ਉਨ੍ਹਾਂ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਨਾਖੁਸ਼ੀ ਜਾਹਰ ਕੀਤੀ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

# ਜਾਣੋ ਪਲ ਪਲ ਦੀ ਖਬਰ




ON

jus PUNJABI HD    sling

CREDIBILITY    RELIABILITY

**Minute to Minute Coverage of Punjab Elections**

## Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com